SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
ਦੇਸ਼ ਦੁਆਬਾ

VOL - 9 ISSUE - 43
Febuary 3, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

REMEMBERING C.L. CHUMBER ON HIS 5TH ANNIVERSARY

We deeply remember Mr C.L. Chumber on his 5th anniversary. His valuable contribution towards highlighting the importance of the Ad Dharm Movement for developing Dalit consciousness in Punjab has generated a lot of interest not only in Punjab but in other parts of the country as well as among the diaspora. Mr. C. L. Chumber was one of the few Dalit activists who consistently worked for popularizing the legacy of Ad Dharm movement. He highlighted the contributions of Great Freedom Fighter Babu Mangu Ram Mugowalia towards the formation of Ad Dharm and the legacy of this historic Dalit movement in North-Western India. He launched Punjabi Monthly journal "Kaumi Udarian" (National Flights) to keep the legacy of the movement alive.

In 1985 he brought a well-documented "Babu Mangu Ram Muggowalia Souvenir" on the formation and achievements of the Ad Dharm movement and the sterling contribution of Babu Mangu Ram Mugowalia in awakening of self-respect among the Moolnivasees of the region. The title 'Mugowalia' after Mangu Ram Mugowalia, in fact was appended by Mr. C.L. Chumber. His legacy is being kept alive in the pages of two weeklies (Ambedkar Times in English and Desh Doaba in Panjabi) published from Sacramento (California) USA. Ambedkar Times www.ambedkartimes.com and "Desh Doaba" www.deshdoaba.com weekly newspapers pay floral tribute to Mr. C.L. Chumber Sahib on his 5th Anniversary.

Prem K. Chumber
(Editor-In-Chief:
Ambedkar Times & Desh Doaba)

ਬਿਨਾਂ ਸ਼ਰਤ ਰਿਹਾਈ ਤੋਂ ਬਾਅਦ ਗੱਲਬਾਤ ਕਰਨਗੇ ਕਿਸਾਨ

ਮੋਰਚਾਬੰਦੀ ਫਿਰ ਹੋਈ ਆਰੰਭ, ਦਿੱਲੀ ਅਤੇ ਹਰਿਆਣਾ ਵਿਚ ਇੰਟਰਨੈੱਟ ਸੇਵਾਵਾਂ ਬੰਦ, ਕਈ ਲੋਕੀ ਹਾਲੇ ਲਾਪਤਾ

ਨਵੀਂ ਦਿੱਲੀ (ਬਿਊਰੋ)– ਸੰਯੁਕਤ ਕਿਸਾਨ ਮੋਰਚੇ ਨੇ ਮੋਦੀ ਸਰਕਾਰ ਨੂੰ ਦੋ ਟੂਕ ਸ਼ਬਦਾਂ ਵਿੱਚ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਦਿੱਲੀ ਹਿੰਸਾ ਲਈ ਹਿਰਾਸਤ ਵਿੱਚ ਲਏ ਕਿਸਾਨਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਜਦੋਂ ਤੱਕ ਦਿੱਲੀ ਪੁਲਿਸ ਕਿਸਾਨਾਂ ਨੂੰ ਵੱਖ ਵੱਖ ਢੰਗ ਤਰੀਕਿਆਂ ਨਾਲ 'ਤੰਗ ਪਰੇਸ਼ਾਨ' ਕਰਨਾ ਬੰਦ ਨਹੀਂ ਕਰਦੀ, ਉਦੋਂ ਤੱਕ ਸਰਕਾਰ ਨਾਲ ਕੋਈ ਵੀ 'ਰਸਮੀ' ਗੱਲਬਾਤ ਨਹੀਂ ਕੀਤੀ ਜਾਵੇਗੀ। ਮੋਰਚੇ ਨੇ ਇਕ ਬਿਆਨ ਵਿੱਚ ਕਿਹਾ ਕਿ ਦਿੱਲੀ ਪੁਲਿਸ ਧਰਨੇ ਵਾਲੀਆਂ ਥਾਂਵਾਂ ਨੇੜੇ ਡੂੰਘੀਆਂ ਖੱਡਾਂ ਪੁੱਟ ਕੇ ਸੜਕਾਂ 'ਤੇ ਮੇਖਾਂ ਗੱਡ ਰਹੀ ਹੈ। ਕਿਤੇ ਕੰਡਿਆਲੀ ਤਾਰ ਦੀ ਵਾੜ ਲਈ ਜਾ ਰਹੀ ਹੈ, ਕਿਤੇ ਅੰਦਰੂਨੀ ਰਾਹ ਤੇ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਜਾ ਰਹੀਆਂ

(**ਬਾਕੀ ਸਫਾ 3 'ਤੇ**)

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D TM
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional

CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

Raja
SWEETS & CATERING
AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders

CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
We sell Air Tickets
CALL US
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਦੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com

INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..

ਕਸ਼ਮੀਰ ਸਿੰਘ ਹੀਰਾ

ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

ਮੋਰਚਾਬੰਦੀ ਫਿਰ ਹੋਈ ਆਰੰਭ, ਦਿੱਲੀ ਅਤੇ ਹਰਿਆਣਾ ਵਿਚ ਇੰਟਰਨੈੱਟ ਸੇਵਾਵਾਂ ਬੰਦ, ਕਈ ਲੋਕੀ ਹਾਲੇ ਲਾਪਤਾ

(ਸਫਾ 1 ਦੀ ਬਾਕੀ)

ਹਨ। ਮੋਰਚੇ ਨੇ ਕਿਹਾ ਕਿ ਭਾਜਪਾ-ਆਰਐੱਸਐੱਸ ਵਰਕਰਾਂ ਰਾਹੀਂ ਕਿਸਾਨ ਵਿਰੋਧੀ ਪ੍ਰਦਰਸ਼ਨ, ਅਸਲ ਵਿੱਚ ਸਰਕਾਰ ਵੱਲੋਂ ਆਪਣੀ ਪੁਲਿਸ ਤੇ ਪ੍ਰਸ਼ਾਸਨ ਜ਼ਰੀਏ ਕਿਸਾਨਾਂ ਖਿਲਾਫ਼ ਵਿਉਂਤੇ 'ਹਮਲਿਆਂ' ਦਾ ਹਿੱਸਾ ਹੈ। ਕਿਸਾਨ ਆਗੂ ਪ੍ਰੇਮ ਸਿੰਘ ਭੰਗੂ ਨੇ ਸ਼ਾਮ ਨੂੰ ਕੀਤੀ ਪਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਬਣਾਈ ਲੀਗਲ ਟੀਮ ਨੇ ਮੰਗ ਕੀਤੀ ਹੈ ਕਿ ਕਿਸਾਨ ਅੰਦੋਲਨ ਦੌਰਾਨ ਜਿਹਨਾਂ ਲੋਕਾਂ ਨਾਲ ਪੁਲੀਸ ਨੇ ਕੁੱਟਮਾਰ ਕੀਤੀ ਹੈ, ਇਕ ਮੈਡੀਕਲ ਬੋਰਡ ਬਣਾ ਕੇ ਉਹਨਾਂ ਦੀ ਜਾਂਚ ਕੀਤੀ ਜਾਵੇ। ਉਹਨਾਂ ਕਿਹਾ ਕਿ ਦਿੱਲੀ ਦੀਆਂ ਜੇਲਾਂ ਕੇਜਰੀਵਾਲ ਸਰਕਾਰ ਅਧੀਨ ਆਉਂਦੀਆਂ ਹਨ ਤੇ ਸੂਬਾ ਸਰਕਾਰ ਜੇਲੀਂ ਬੰਦ ਕਿਸਾਨਾਂ ਨੂੰ ਸਹੂਲਤਾਂ ਮੁਹੱਈਆ ਕਰਵਾਏ। ਜੇਲਾਂ ਵਿੱਚ ਬੰਦ ਬਹੁਤੇ ਲੋਕਾਂ ਉਪਰ ਧਾਰਾ 307 ਲਾਈ ਗਈ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਡਾ.ਦਰਸ਼ਨ ਪਾਲ ਨੇ ਕਿਹਾ ਕਿ ਧਰਨੇ ਵਾਲੀਆਂ ਥਾਂਵਾਂ 'ਤੇ 'ਵਾਰ ਵਾਰ ਇੰਟਰਨੈੱਟ ਬੰਦ ਕਰਨਾ', ਸੜਕਾਂ 'ਤੇ ਮੇਖਾਂ ਗੱਡਣੀਆਂ, ਵਾੜ ਲਾਉਣੀ ਤੇ ਖੇਤੀ ਅੰਦੋਲਨ ਨਾਲ ਜੁੜੇ ਕਈਟਵਿੱਟਰ ਖਾਤਿਆਂ ਨੂੰ ਬਲਾਕ ਕਰਨਾ 'ਜਮਹੂਰੀਅਤ 'ਤੇ ਸਿੱਧਾ ਹਮਲਾ' ਹੈ। ਉਹਨਾਂ ਕਿਹਾ, 'ਅਜਿਹਾ ਲਗਦਾ ਹੈ ਕਿ ਸਰਕਾਰ ਕਿਸਾਨ ਅੰਦੋਲਨ ਨੂੰ ਵੱਖ ਵੱਖ ਰਾਜਾਂ ਤੋਂ ਮਿਲ ਰਹੀ ਵੱਡੀ ਹਮਾਇਤ ਤੋਂ ਬੁਰੀ ਤਰਾਂ ਸਹਿਮ ਗਈ ਹੈ।' ਉਹਨਾਂ ਕਿਹਾ, 'ਸਰਕਾਰ ਵੱਲੋਂ ਭਾਵੇਂ ਅਜੇ ਤੱਕ ਗੱਲਬਾਤ ਲਈ ਕੋਈ ਰਸਮੀ ਸੱਦਾ ਨਹੀਂ ਮਿਲਿਆ, ਪਰ ਅਸੀਂ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਗੈਰ-ਕਾਨੂੰਨੀ ਪੁਲੀਸ ਹਿਰਾਸਤ 'ਚ ਰੱਖੇ ਕਿਸਾਨਾਂ ਦੀ ਬਿਨਾਂ ਸ਼ਰਤ ਰਿਹਾਈ ਮਗਰੋਂ ਹੀ ਗੱਲਬਾਤ ਹੋ ਸਕਦੀ ਹੈ।' ਕਿਸਾਨ ਆਗੂਆਂ ਨੇ ਕਿਹਾ ਕਿ ਮੋਰਚੇ ਨੇ ਸੋਮਵਾਰ ਨੂੰ ਹੀ ਫੈਸਲਾ ਲੈ ਲਿਆ ਸੀ ਕਿ ਪੁਲੀਸ ਤੇ ਪ੍ਰਸ਼ਾਸਨ ਵੱਲੋਂ ਕਿਸਾਨ ਅੰਦੋਲਨ ਨੂੰ ਢਾਹ ਲਾਉਣ ਤੇ ਕਿਸਾਨ ਆਗੂਆਂ ਨੂੰ ਵੱਖ ਵੱਖ ਢੰਗ ਤਰੀਕਿਆਂ ਨਾਲ ਖੱਜਲ ਖੁਆਰ ਕੀਤੇ ਜਾਣ ਦੀ ਕਾਰਵਾਈ ਜਾਰੀ ਰਹਿਣ ਤੱਕ ਸਰਕਾਰ ਨਾਲ ਕੋਈ ਰਸਮੀ ਸੰਵਾਦ ਨਹੀਂ ਕੀਤਾ ਜਾਵੇਗਾ। ਗਣਤੰਤਰ ਦਿਹਾੜੇ ਮੌਕੇ ਕਿਸਾਨਾਂ ਵੱਲੋਂ ਕੌਮੀ ਰਾਜਧਾਨੀ ਵਿੱਚ ਕੱਢੀ ਟਰੈਕਟਰ ਪਰੇਡ ਦੌਰਾਨ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਲਾਲ ਕਿਲੇ ਤੇ ਦਿੱਲੀ ਦੇ ਵੱਖ ਵੱਖ ਹਿੱਸਿਆਂ 'ਚ ਕੀਤੀ ਹਿੰਸਾ ਮਗਰੋਂ ਪੁਲੀਸ ਹੁਣ ਤਕ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਚੁੱਕੀ ਹੈ। ਮੋਰਚੇ ਨੇ ਕਿਹਾ ਉਹ ਦਿੱਲੀ ਦੇ ਵੱਖ ਵੱਖ ਪੁਲਿਸ ਸਟੇਸ਼ਨਾਂ ਵਿੱਚ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਗ੍ਰਿਫ਼ਤਾਰ ਤੇ ਹਿਰਾਸਤ ਵਿੱਚ ਲੈਣ ਅਤੇ ਵਾਹਨ (ਟਰੈਕਟਰ ਤੇ ਹੋਰ) ਕਬਜ਼ੇ ਵਿੱਚ ਲੈਣ ਅਤੇ ਪੱਤਰਕਾਰਾਂ 'ਤੇ ਹਮਲਿਆਂ ਤੇ ਗ੍ਰਿਫ਼ਤਾਰੀ ਦੀ ਨਿਖੇਧੀ ਕਰਦੀ ਹੈ। ਮੋਰਚੇ ਨੇ ਕਿਹਾ ਕਿ ਉਹਨਾਂ ਇਕ ਲੀਗਲ ਟੀਮ ਤਿਆਰ ਕੀਤੀ ਹੈ, ਜੋ ਲਾਪਤਾ ਤੇ ਗ੍ਰਿਫ਼ਤਾਰ ਕੀਤੇ ਕਿਸਾਨਾਂ ਤੇ ਕਬਜ਼ੇ 'ਚ ਲਏ ਵਾਹਨਾਂ ਦੇ ਕੇਸਾਂ ਨੂੰ ਵੇਖੇਗੀ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL BIT INSPECTION AND DOT AUDIT COMPLIANCE:

SPECIAL DOT COMPLIANCE
FOR SAFETY, AUDITS AND
RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਕਮਲਾ ਹੈਰਿਸ ਦੀ ਭਾਣਜੀ ਮੀਨਾ ਹੈਰਿਸ ਨੇ ਵੀ ਚੁੱਕੀ ਕਿਸਾਨਾਂ ਲਈ ਆਵਾਜ਼

ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਮੀਨਾ ਹੈਰਿਸ ਇੱਕ ਲੇਖਕ ਅਤੇ ਵਕੀਲ ਹਨ। ਉਹ ਵੀ ਭਾਰਤ ਦੀ ਰਾਜਧਾਨੀ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉੱਪਰ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀਆਂ ਮੰਗਾਂ ਲੈ ਕੇ ਬੈਠੇ ਕਿਸਾਨਾਂ ਦੇ ਹੱਕ ਵਿੱਚ ਟਵੀਟ ਕਰਨ ਵਾਲਿਆਂ ਵਿੱਚ ਸ਼ਾਮਲ ਹੋ ਗਏ ਹਨ।

ਦਿੱਲੀ ਦੇ ਬਾਰਡਰਾਂ ਉੱਪਰ ਪੁਲਿਸ ਵੱਲੋਂ ਕਿਲੇਬੰਦੀ ਵਰਗੀ ਬੈਰੀਕੇਡਿੰਗ ਕੀਤੀ ਗਈ ਹੈ ਤੇ ਕਈ ਦਿਨਾਂ ਤੋਂ ਇੰਟਰਨੈਟ ਵੀ ਬੰਦ ਕਰ ਦਿੱਤਾ ਗਿਆ ਹੈ। ਗਾਇਕ ਰਿਹਾਨਾ ਵੱਲੋਂ ਟਵੀਟ ਕੀਤੇ ਜਾਣ ਤੋਂ ਬਾਅਦ ਮਸਲੇ ਦੀ ਕੌਮਾਂਤਰੀ ਪੱਧਰ ਉੱਪਰ ਚਰਚਾ ਨੇ ਜ਼ੋਰ ਫੜਿਆ ਹੈ।

ਮੀਨਾ ਹੈਰਿਸ ਨੇ ਇਸ ਸਬੰਧ ਵਿੱਚ ਕਈ ਟਵੀਟ ਕੀਤੇ। ਉਹਨਾਂ ਨੇ ਲਿਖਿਆ, ਇਹ ਮੌਕਾ ਮੇਲ ਨਹੀਂ ਹੈ ਕਿ ਦੁਨੀਆਂ ਦੇ ਸਭ ਤੋਂ ਪੁਰਾਣੇ ਲੋਕਤੰਤਰ ਉੱਪਰ ਹਮਲੇ ਨੂੰ ਮਹੀਨਾ ਵੀ ਨਹੀਂ ਹੋਇਆ ਕਿ ਦੁਨੀਆਂ ਦੇ ਸਭ ਤੋਂ ਵੱਧ ਵਸੋਂ ਵਾਲੇ ਲੋਕਤੰਤਰ ਉੱਪਰ ਹਮਲਾ ਹੋ ਰਿਹਾ ਹੈ। ਇਹ ਜੁੜਿਆ ਹੋਇਆ ਹੈ। ਸਾਨੂੰ ਸਾਰਿਆਂ ਨੂੰ ਭਾਰਤ ਵਿੱਚ ਇੰਟਰਨੈੱਟ ਬੰਦ ਕੀਤੇ ਜਾਣ ਤੋਂ ਅਤੇ ਅਰਧ-ਸੈਨਿਕ ਹਿੰਸਾ ਤੋਂ ਗੁੱਸਾ ਆਉਣਾ ਚਾਹੀਦਾ ਹੈ। (ਇਸ ਬਾਰੇ) ਸਾਨੂੰ ਉਨ੍ਹਾਂ ਹੀ ਗੁੱਸਾ ਆਉਣਾ ਚਾਹੀਦਾ ਹੈ ਜਿੰਨਾ ਸਾਨੂੰ ਕੈਪਿਟਲ ਹਿੱਲ ਵਿੱਚ ਹਿੰਸਾ ਦੌਰਾਨ ਆਇਆ ਸੀ। ਫਾਸ਼ੀਵਾਦ ਕਿਤੇ ਵੀ ਹੋਵੇ ਉਹ ਲੋਕਤੰਤਰ ਨੂੰ ਧਮਕਾਉਂਦਾ ਹੈ। ਟਰੰਪ ਭਾਵੇਂ ਦਫ਼ਤਰ ਛੱਡ ਗਏ ਹੋਣ ਪਰ ਆਲੇ-ਦੁਆਲੇ ਦੇਖੋ ਲਹਿਰ ਚੜ ਰਹੀ ਹੈ।

ਭਾਰਤ ਦੀ ਬਾਲ ਵਾਤਾਵਰਣ ਕਾਰਕੁਨ ਲਿਸੀਪੈਰਿਆ ਕਨਗਜ਼ੁਮ ਨੇ ਲਿਖਿਆ,"ਪਿਆਰੇ ਦੋਸਤੋ, ਸਾਡੇ ਲੱਖਾਂ ਗ਼ਰੀਬ ਕਿਸਾਨ ਜੋ ਇਸ ਠੰਢੇ ਮੌਸਮ ਵਿੱਚ ਸੜਕਾਂ 'ਤੇ ਸੌਂ ਰਹੇ ਹਨ ਤੁਹਾਡੇ ਤੋਂ ਕੁਝ ਨਹੀਂ ਮੰਗਦੇ। ਤੁਹਾਡਾ ਪਿਆਰ ਅਤੇ ਹਮਾਇਤ ਦਾ ਇੱਕ ਟਵੀਟ ਉਹਨਾਂ ਲਈ ਬਹੁਤ ਮਾਅਨੇ ਰਖਦਾ ਹੈ।

ਉਹਨਾਂ ਨੇ ਇਸ ਮਸਲੇ ਉੱਪਰ ਚੁੱਪੀ ਵਰਤਣ ਲਈ ਭਾਰਤੀ ਹਸਤੀਆਂ ਦੀ ਆਲੋਚਨਾ ਵੀ ਕੀਤੀ ਹੈ। ਇਸ ਤੋਂ ਪਹਿਲਾਂ ਉਹਨਾਂ ਨੇ ਗਰੇਟਾ ਥਨਬਰਗ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੇ ਅੰਦਲੋਨ ਨੂੰ ਹਮਾਇਤ ਦੇਣ। ਉਹਨਾਂ ਨੇ ਲਿਖਿਆ ਕਿ ਇਹ ਆਪਣੇ ਹੱਕਾਂ ਲਈ ਦੁਨੀਆਂ ਦਾ ਸਭ ਤੋਂ ਵੱਡਾ ਅੰਦੋਲਨ ਹੈ। ਉਹ ਪਹਿਲਾਂ ਤੋਂ ਹੀ ਵਾਤਵਰਣੀ ਸੰਕਟ ਦੇ ਸਤਾਏ ਹੋਏ ਹਨ।

ਇਸ ਦੇ ਨਾਲ ਹੀ ਉਹਨਾਂ ਨੇ ਯੂਰਪੀਅਨ ਪਾਰਲੀਮੈਂਟ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਵੀ ਰੱਦ ਕਰਨ ਬਾਰੇ ਆਪਣੀ ਹਮਾਇਤ ਦਿੱਤੀ।

ਇੰਗਲੈਂਡ ਦੀ ਇੱਕ ਸਾਂਸਦ ਕਲਾਊਡੀਆ ਨੇ ਲਿਖਿਆ, ਭਾਰਤੀ ਕਿਸਾਨਾਂ ਨਾਲ ਇਕਜੁਟਤਾ। ਧੰਨਵਾਦ ਰਿਹਾਨਾ। ਜਿੱਥੇ ਸਿਆਸੀ ਲੀਡਰਸ਼ਿਪ ਨਹੀਂ ਦਿਖ ਰਹੀ, ਦੂਜਿਆਂ ਦੇ ਅੱਗੇ ਆਉਣ ਲਈ ਧੰਨਵਾਦੀ ਹਾਂ।

ਹਾਲਾਂਕਿ ਕੁਝ ਲੋਕ ਵਿਦੇਸ਼ੀ ਹਸਤੀਆਂ ਵੱਲੋਂ ਮੁਜ਼ਾਹਰਾ ਕਾਰੀ ਕਿਸਾਨਾਂ ਦੇ ਹੱਕ ਵਿੱਚ ਟਵਿੱਟਰ ਉੱਪਰ ਕੀਤੀ ਜਾ ਰਹੀ ਬਿਆਨਬਾਜ਼ੀ ਨੂੰ ਭਾਰਤ ਦੇ ਅੰਦਰੂਨੀ ਮਸਲਿਆਂ ਵਿੱਚ ਦਖ਼ਲ ਦੇਣਾ ਮੰਨ ਰਹੇ ਹਨ।

ਲਿਸੀਪੈਰਿਆ ਕੰਗਜ਼ੁਮ ਦੇ ਟਵੀਟ ਦੇ ਜਵਾਬ ਵਿੱਚ ਪ੍ਰਕਾਸ਼ ਕਾਬਰਾ ਨੇ ਲਿਖਿਆ, ਜਲਦੀ ਹੀ ਤੁਸੀਂ ਹਰ ਇੱਕ ਦੇਸ਼ ਨੂੰ ਭਾਰਤ ਦੇ ਮੁੱਦਿਆਂ ਵਿੱਚ ਦਖ਼ਲ ਦੇਣ ਲਈ ਸੱਦਾ ਦੇ ਦਿਉਂਗੇ। ਮੈਨੂੰ ਯਕੀਨ ਹੈ ਕਿ ਤੁਸੀਂ ਬ੍ਰਿਟਿਸ਼ ਐੱਮਪੀ ਨੂੰ ਪਸੰਦ ਕਰਦੇ ਹੋ। ਜੋ ਕੰਮ ਤੁਸੀਂ ਸ਼ੁਰੂ ਕੀਤਾ ਹੈ ਉਸੇ 'ਤੇ ਧਿਆਨ ਲਗਾਓ ਅਤੇ ਜੇ ਤੁਸੀਂ ਖੇਤੀ ਕਾਨੂੰਨਾਂ ਬਾਰੇ ਇੰਨੇ ਹੀ ਗਿਆਨਵਾਨ ਹੋ ਤਾਂ ਸਰਕਾਰ ਨਾਲ ਗੱਲ ਕਰੋ। ਸਾਨੂੰ ਦਖ਼ਲ ਦੀ ਲੋੜ ਨਹੀਂ।

ਅਦਾਕਾਰ ਕੰਗਨਾ ਰਨੌਤ ਨੇ ਰਿਹਾਨਾ ਦੇ ਟਵੀਟ 'ਤੇ ਜਵਾਬ ਦਿੰਦਿਆਂ ਲਿਖਿਆ ਕਿ ਕੋਈ ਇਸ ਬਾਰੇ ਗੱਲ ਨਹੀਂ ਕਰ ਰਿਹਾ ਕਿਉਂਕਿ ਉਹ ਕਿਸਾਨ ਨਹੀਂ ਬਲਕਿ ਅੱਤਵਾਦੀ।

ਵਿਦੇਸ਼ ਮੰਤਰਾਲੇ ਜਾਰੀ ਕੀਤਾ ਬਿਆਨ

ਕੌਮਾਂਤਰੀ ਹਸਤੀਆਂ ਦੇ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਚੁੱਕਣ ਤੋਂ ਬਾਅਦ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਖੇਤੀ ਕਾਨੂੰਨ ਪਾਰਲੀਮੈਂਟ ਵਿੱਚ ਪੂਰੀ ਬਹਿਸ ਤੋਂ ਬਾਅਦ ਪਾਸ ਕੀਤੇ ਗਏ ਹਨ। ਕੁਝ ਇੱਕ ਕਿਸਾਨਾਂ ਨੂੰ ਇਹਨਾਂ ਬਾਰੇ ਖ਼ਦਸ਼ੇ ਹਨ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਕੁਝ ਲੋਕਾਂ ਨੇ ਭਾਰਤ ਦੇ ਖਿਲਾਫ ਕੌਮਾਂਤਰੀ ਸਪੋਰਟ ਲੈਣ ਦੀ ਕੋਸ਼ਿਸ਼ ਕੀਤੀ ਹੈ। ਪੁਲਿਸ ਨੇ ਇਸ ਪ੍ਰਦਰਸ਼ਨ ਨਾਲ ਬਹੁਤ ਸਹਿਜ ਤਰੀਕੇ ਨਾਲ ਨਜਿਠਿਆ ਹੈ ਤੇ ਕਈ ਪੁਲਿਸ ਵਾਲਿਆਂ 'ਤੇ ਹਮਲਾ ਵੀ ਕਿਤਾ ਗਿਆ ਤੇ ਉਹਨਾਂ ਨੂੰ ਸੱਟਾਂ ਵੀ ਲੱਗੀਆਂ ਹਨ।

ਦੀਪ ਸਿੱਧੂ ਬਾਰੇ ਜਾਣਕਾਰੀ ਦੇਣ ਵਾਲੇ ਲਈ ਇਨਾਮ ਦਾ ਐਲਾਨ

ਪੁਲੀਸ ਨੇ ਗਣਤੰਤਰ ਦਿਵਸ ਹਿੰਸਾ ਦੇ ਮਾਮਲੇ ਵਿੱਚ ਅਦਾਕਾਰ ਦੀਪ ਸਿੱਧੂ ਤੇ ਤਿੰਨ ਹੋਰਾਂ ਦੀ ਗਰਿਫ਼ਤਾਰ ਵਿੱਚ ਮਦਦਗਾਰ ਹੋ ਸਕਣ ਵਾਲੀ ਜਾਣਕਾਰੀ ਦੇਣ 'ਤੇ 1 ਲੱਖ ਰੁਪਏ ਦਾ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਬੂਟਾ ਸਿੰਘ, ਸੁਖਦੇਵ ਸਿੰਘ ਅਤੇ ਦੋ ਹੋਰਨਾਂ ਨੂੰ ਬਾਰੇ ਜਾਣਕਾਰੀ ਦੇਣ ਵਾਲਿਆਂ ਲਈ 50,000 ਰੁਪਏ ਦਾ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਬੁੱਧਵਾਰ ਨੂੰ ਕਿਹਾ ਕਿ ਕੇਂਦਰ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਕੋਈ ਗੈਰ ਰਸਮੀ ਗੱਲਬਾਤ ਨਹੀਂ ਕਰ ਰਿਹਾ ਹੈ ਅਤੇ ਅੰਦੋਲਨ ਵਾਲੀਆਂ ਥਾਵਾਂ ਤੇ ਉਹਨਾਂ ਦੇ ਆਲੇ-ਦੁਆਲੇ ਬੈਰੀਕੇਡਿੰਗ ਨੂੰ ਹੋਰ ਮਜ਼ਬੂਤ ਕਰਨ ਅਤੇ ਇੰਟਰਨੈੱਟ ਨੂੰ ਮੁਅੱਤਲ ਕਰਨ ਦਾ ਫੈਸਲਾ ਸਥਾਨਕ ਪ੍ਰਸ਼ਾਸਨ ਦਾ ਹੈ। 22 ਜਨਵਰੀ ਨੂੰ ਸਰਕਾਰ ਅਤੇ ਪ੍ਰਦਰਸ਼ਨਕਾਰੀ ਕਿਸਾਨ ਯੂਨੀਅਨਾਂ ਵਿਚਾਲੇ ਆਖਰੀ ਵਾਰ 11ਵੇਂ ਦੌਰ ਦੀ ਮੀਟਿੰਗ ਹੋਈ ਸੀ ਜੋ ਬੇਸਿੱਟਾ ਰਹੀ। ਸ੍ਰੀ ਤੋਮਰ ਨੇ ਦੱਸਿਆ, " ਹਾਲੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਕੋਈ ਰਸਮੀ ਗੱਲਬਾਤ ਨਹੀਂ ਹੋ ਰਹੀ। ਜਦੋਂ ਹੋਵੇਗੀ ਤੁਹਾਨੂੰ ਦੱਸ ਦਿਆਂਗੇ। ਬੈਰੀਕੇਡਿੰਗ ਤੇ ਇੰਟਰਨੈੱਟ ਬੰਦ ਕਰਨ ਬਾਰੇ ਪੁਲੀਸ ਜਾਂ ਸਥਾਨਕ ਪ੍ਰੈਸ ਨੂੰ ਸੁਆਲ ਕਰੋ। ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਟਿੱਪਣੀ ਕਰਨਾ ਮੇਰਾ ਕੰਮ ਨਹੀਂ ਹੈ।

ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

ਨਸਲੀ ਨਿਆਂ ਲਈ ਮੁਹਿੰਮ ਚਲਾਉਣ ਵਾਲੀ ਬਲੈਕ ਲਿਵਜ਼ ਮੈਟਰੋ ਸੰਸਥਾ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

ਸੈਕਰਾਮੈਂਟੋ, ਕੈਲੀਫੋਰਨੀਆ 31 ਜਨਵਰੀ– ਅਮਰੀਕਾ ਵਿਚ ਕਾਲੇ ਲੋਕਾਂ ਲਈ ਨਿਆਂ ਦੀ ਮੁਹਿੰਮ ਚਲਾਉਣ ਵਾਲੀ ਸੰਸਥਾ 'ਬਲੈਕ ਲਿਵਜ਼ ਮੈਟਰੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਨਾਰਵੇ ਦੇ ਸੰਸਦ ਮੈਂਬਰ ਪੀਟਰ ਈਡ ਨੇ ਕਿਹਾ ਹੈ ਕਿ ਨਸਲੀ ਨਿਆਂ ਪ੍ਰਤੀ ਨਵੀਂ ਚੇਤਨਾ ਤੇ ਜਾਗਰੂਕਤਾ ਲਿਆਉਣ ਦੇ ਮੱਦੇਨਜਰ ਸੰਸਥਾ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਉਹਨਾਂ ਕਿਹਾ ਕਿੰ ਨਸਲੀ ਨਿਆਂ ਲਹਿਰ ਨੂੰ ਅੱਗੇ ਵਧਾਉਣਾ ਤੇ ਇਸ ਲਹਿਰ ਨੂੰ ਹੋਰ ਦੇਸ਼ਾਂ ਵਿਚ ਫੈਲਾਉਣਾ ਬਹੁਤ ਮਹੱਤਵਪੂਰਨ ਹੈ। ਅੱਜ 'ਬਲੈਕ ਲਿਵਜ਼ ਮੈਟਰ ਨਾ ਕੇਵਲ ਅਮਰੀਕਾ ਬਲਕਿ ਯੂਰਪ ਤੇ ਏਸ਼ੀਆ ਵਿਚ ਵੀ ਇਕ ਮਜ਼ਬੂਤ ਤਾਕਤ ਬਣ ਚੁੱਕੀ ਹੈੱ ਉਹਨਾਂ ਕਿਹਾ ਕਿ ਬਲੈਕ ਲਿਵਜ਼ ਮੈਟਰ ਜਿਸ ਢੰਗ ਨਾਲ ਅਮਰੀਕਾ ਵਿਚ ਸਿਵਲ ਰਾਈਟਸ ਲਹਿਰ ਤੇ ਦੱਖਣੀ ਅਫਰੀਕਾ ਵਿਚ ਰੰਗ ਭੇਦ ਵਿਰੋਧੀ ਲਹਿਰ ਕੰਮ ਕਰ ਰਹੀ ਹੈ, ਉਸ ਤਰਾਂ ਹੀ ਕੰਮ ਕਰ ਰਹੀ ਹੈ। ਡਾ ਲੂਥਰ ਕਿੰਗ ਜੂਨੀਅਰ ਨੇ 1964 ਵਿਚ ਅਤੇ ਐਲਬਰਟ ਲੂਥਲੀ ਤੇ ਨੈਲਸਨ ਮੰਡੇਲਾ ਨੇ ਕ੍ਰਮਵਾਰ 1960 ਤੇ 1993 ਵਿਚ ਦੱਖਣੀ ਅਫਰੀਕਾ ਵਿਚ ਨਸਲੀ ਭੇਦਭਾਵ ਵਿਰੁੱਧ ਮੁਹਿੰਮ ਚਲਾਉਣ ਲਈ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ ਸੀ। ਈਡ ਨੇ ਕਿਹਾ ਕਿ ਨੋਬਲ ਪੁਰਸਕਾਰ ਕਮੇਟੀ ਲਈ ਨਸਲੀ ਨਿਆਂ ਨੂੰ ਅਮਨ ਨਾਲ ਜੋੜਨਾ ਅਸਧਾਰਨ ਵਰਤਾਰਾ ਨਹੀਂ ਹੈ ਕਿਉਂਕਿ ਨਿਆਂ ਤੋਂ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ। ਪੀਟਰ ਈਡ ਨੇ ਸਪਸ਼ਟ ਕੀਤਾ ਹੈ ਕਿ ਇਹ ਨਾਮਜ਼ਦੀ ਅਮਰੀਕਾ ਦੀ ਘਰੇਲੂ ਰਾਜਨੀਤੀ ਦੀ ਅਲੋਚਨਾ ਨਹੀਂ ਹੈ। ਈਡ ਨੇ ਕਿਹਾ ਸਨਿਚਰਵਾਰ ਨੂੰ ਉਹਨਾਂ ਨੂੰ ਬਹੁਤ ਸਾਰੇ ਅਮਰੀਕੀਆਂ ਦੀਆਂ ਈ ਮੇਲਾਂ ਆਈਆਂ ਜਿਹਨਾਂ ਵਿਚ ਉਹਨਾਂ ਨੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਹੈ। ਅਮਰੀਕੀਆਂ ਨੇ ਲਿਖਿਆ ਹੈ ਕਿ ਬਲੈਕ ਲਿਵਜ਼ ਮੈਟਰ ਸ਼ਾਂਤੀ ਨੂੰ ਪ੍ਰਣਾਈ ਹੋਈ ਸੰਸਥਾ ਨਹੀਂ ਹੈ। ਈਡ ਨੇ ਕਿਹਾ ਹੈ ਕਿ ਉਹ ਇਸ ਅਲੋਚਨਾ ਲਈ ਤਿਆਰ ਹੈ।

ਕੋਵਿਡ-19 ਤੋਂ ਠੀਕ ਹੋਏ ਲੱਖਾਂ ਲੋਕਾਂ ਦੀ ਸੁੰਘਣ ਸ਼ਕਤੀ ਹੋਈ ਪ੍ਰਭਾਵਿਤ



ਸੈਕਰਾਮੈਂਟੋ, ਕੈਲੀਫੋਰਨੀਆ 1 ਫਰਵਰੀ – ਕੋਵਿਡ-19 ਨੇ ਜਿਥੇ ਵਿਸ਼ਵ ਪੱਧਰ 'ਤੇ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ ਹਨ ਤੇ ਕਰੋੜਾਂ ਲੋਕ ਇਸ ਤੋਂ ਪ੍ਰਭਾਵਿਤ ਹੋਏ ਹਨ, ਉਥੇ ਇਹ ਭਿਆਨਕ ਵਾਇਰਸ ਮਰੀਜ਼ਾਂ ਦੀ ਸੁੰਘਣ ਸ਼ਕਤੀ ਉਪਰ ਵੀ ਅਸਰ ਪਾ ਰਿਹਾ ਹੈ। ਠੀਕ ਹੋਏ ਮਰੀਜ਼ਾਂ ਦੀ ਸੁੰਘਣ ਸ਼ਕਤੀ ਪ੍ਰਭਾਵਿਤ ਹੋਈ ਹੈ। ਕੋਵਿਡ ਤੋਂ ਠੀਕ ਹੋਏ ਬਹੁਤ ਸਾਰੇ ਲੋਕ ਸਾਹਮਣੇ ਆਏ ਹਨ ਜਿਨ੍ਹਾਂ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਦੀ ਸੁੰਘਣ ਸ਼ਕਤੀ ਖਤਮ ਹੋ ਗਈ ਹੈ। ਵਾਕੋ, ਟੈਕਸਾਸ ਵਾਸੀ ਏਡਲਮੀਰਾ ਰੀਵੇਰਾ ਦਾ ਕਹਿਣਾ ਹੈ ਕਿ ਉਹ ਕੋਈ ਵੀ ਚੀਜ਼ ਸੁੰਘ ਨਹੀਂ ਸਕਦੀ। 22 ਸਾਲਾ ਰਿਵੇਰਾ ਦਾ ਕੋਵਿਡ-19 ਦਾ ਟੈਸਟ ਪਾਜ਼ੇਟਿਵ ਆਇਆ ਸੀ ਤੇ 14 ਜਨਵਰੀ ਨੂੰ ਉਸ ਦੀ ਸੁੰਘਣ ਸ਼ਕਤੀ ਖਤਮ ਹੋ ਗਈ। ਇਸ ਸਮੇਂ ਸਿਹਤ ਮਾਹਿਰ ਅਜਿਹੇ ਲੋਕਾਂ ਦੀ ਸੁੰਘਣ ਸ਼ਕਤੀ ਵਾਪਿਸ ਆਉਣ ਸਬੰਧੀ ਯਕੀਨ ਨਾਲ ਕੁਝ ਨਹੀਂ ਕਹਿ ਰਹੇ। ਵਾਸ਼ਿੰਗਟਨ ਯੂਨੀਵਰਸਿਟੀ ਸਕੂਲ ਆਫ ਮੈਡੀਸਨ ਵਿਚ ਕੰਮ ਕਰਦੇ ਈ ਐਨ ਟੀ ਤੇ ਪ੍ਰੋਫੈਸਰ ਡਾਕਟਰ ਜੈ ਪਿਕੀਰਿਲੋ ਜਿਨ੍ਹਾਂ ਨੇ ਇਸ ਵਿਸ਼ੇ ਉਪਰ ਅਧਿਐਨ ਕੀਤਾ ਹੈ, ਦਾ ਕਹਿਣਾ ਹੈ ਕਿ ਕੋਵਿਡ-19 ਸ਼ੁਰੂ ਹੋਣ ਵੇਲੇ ਤੋਂ ਹੀ ਇਹ ਸੰਭਾਵਨਾ ਸੀ ਕਿ ਕੋਵਿਡ ਮਹਾਂਮਾਰੀ ਦੇ ਲੰਬੇ ਸਮੇਂ ਲਈ ਅਸਰ ਪੈਣਗੇ। ਜੋ ਹੁਣ ਤੱਕ ਅਸੀਂ ਸਮਝ ਸਕੇ ਹਾਂ ਉਸ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਜ਼ਿਆਦਾਤਰ ਲੋਕਾਂ ਦੀ ਸੁੰਘਣ ਸ਼ਕਤੀ ਪਰਤ ਆਵੇਗੀ ਪਰ ਸਾਰੇ ਖੁਸ਼ਕਿਸਮਤ ਨਹੀਂ ਹੋਣਗੇ। ਡਾਕਟਰ ਪਿਕੀਰਿਲੋ ਨੇ ਕਿਹਾ ਹੈ ਕਿ ਇਕ ਅਨੁਮਾਨ ਅਨੁਸਾਰ ਅਗਲੇ ਸਮੇਂ ਦੌਰਾਨ ਲੱਖਾਂ ਅਮਰੀਕੀ ਕੋਵਿਡ-19 ਕਾਰਨ ਸੁੰਘਣ ਸ਼ਕਤੀ ਗਵਾ ਸਕਦੇ ਹਨ। ਅਧਿਐਨ ਅਨੁਸਾਰ ਕੁਝ ਮਾਮਲਿਆਂ ਵਿਚ ਸੁੰਘਣ ਸ਼ਕਤੀ ਤੇ ਸਵਾਦ ਦੋਨੋਂ ਕੁਝ ਹੱਦ ਤੱਕ ਪ੍ਰਭਾਵਿਤ ਹੋ ਸਕਦੇ ਹਨ ਤੇ ਕੁਝ ਹੋਰ ਮਾਮਲਿਆਂ ਵਿਚ ਸੁੰਘਣ ਸ਼ਕਤੀ ਤੇ ਸਵਾਦ ਦਾ ਅਹਿਸਾਸ ਮੁਕੰਮਲ ਰੂਪ ਵਿਚ ਖਤਮ ਹੋ ਸਕਦਾ ਹੈ।

ਪਰਾਊਡਬਵਾਏਜ਼ੋ ਦੇ ਦੋ ਮੈਂਬਰਾਂ ਵਿਰੁੱਧ ਕੈਪੀਟਲ ਹਿੱਲ ਵਿਚ ਹਿੰਸਾ ਲਈ ਸਾਜ਼ਿਸ਼ ਰਚਣ ਦੇ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ 31 ਜਨਵਰੀ– ਅੱਤਵਾਦੀ ਗਰੁੱਪ ਪਰਾਊਡਬਵਾਏਜ਼ੋ ਜੋ ਗੋਰੇ ਰਾਸ਼ਟਰਵਾਦ ਦੀ ਗੱਲ ਕਰਦਾ ਹੈ, ਦੇ ਦੋ ਮੈਂਬਰਾਂ ਵਿਰੁੱਧ 6 ਜਨਵਰੀ ਨੂੰ ਰਾਜਧਾਨੀ ਵਾਸ਼ਿੰਗਟਨ ਵਿਚ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਲਈ ਸਾਜ਼ਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਹਨਾਂ ਵਿਚ ਡੋਮੀਨਿਕਪੇਜ਼ੋਲਾ ਜੋ ਰੋਚੈਸਟਰ, ਨਿਊਯਾਰਕ ਦਾ ਸਾਬਕਾ ਅਮਰੀਕੀ ਸੈਨਿਕ ਹੈ ਤੇ ਵਿਲੀਅਮਪੇਪ ਜੋ ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਟੀ ਬੀਕਾਨ, ਨਿਊਯਾਰਕ ਦਾ ਮੁਲਾਜ਼ਮ ਹੈ, ਸ਼ਾਮਿਲ ਹਨ। ਐਫ ਬੀ ਆਈ ਅਨੁਸਾਰ ਪੇਜ਼ੋਲਾ ਵਿਰੁੱਧ ਹਮਲਾ ਕਰਨ, ਸੁਰੱਖਿਆ ਲਈ ਤਾਇਨਾਤ ਪੁਲਿਸ ਅਫਸਰ ਨੂੰ ਰੋਕਣ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ। ਉਸ ਕੋਲੋਂ ਇਕ 'ਬੰਬ ਡਰਾਈਵੋ ਵੀ ਬਰਾਮਦ ਹੋਈ ਹੈ ਜਿਸ ਵਿਚ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਘਰ ਵਿਚ ਅਗਨ ਹਥਿਆਰ, ਜ਼ਹਿਰ ਤੇ ਧਮਾਕਾਖੇਜ਼ ਸਮਗਰੀ ਕਿਸ ਤਰਾਂ ਬਣਾਉਣੀ ਹੈ। ਇਹ ਬੰਬ ਡਰਾਈਵ ਐਫ ਬੀ ਆਈ ਅਧਿਕਾਰੀਆਂ ਵੱਲੋਂ ਉਸ ਦੇ ਘਰ ਵਿਚ ਮਾਰੇ ਛਾਪੇ ਦੌਰਾਨ ਬਰਾਮਦ ਕੀਤੀ ਗਈ ਸੀ। ਪੇਜ਼ੋਲਾ ਤੇ ਪੇਪ ਵਿਰੁੱਧ ਕੈਪੀਟਲ ਹਿੱਲ ਵਿਚ ਹਿੰਸਾ ਕਰਨ ਲਈ ਮਿਲਕੇ ਕੰਮ ਕਰਨ ਦੇ ਦੋਸ਼ ਲਾਏ ਗਏ ਹਨ। ਇਸੇ ਦੌਰਾਨ ਪੁਲਿਸ ਅਜੇ ਵੀ ਕੈਪੀਟਲ ਹਿੱਲ ਵਿਚ ਹਿੰਸਾ ਕਰਨ ਵਾਲਿਆਂ ਦੀ ਤਲਾਸ਼ ਕਰ ਰਹੀ ਹੈ। ਦੋਸ਼ੀਆਂ ਦੀ ਪਛਾਣ ਲਈ ਲੋਕਾਂ ਕੋਲੋਂ ਵੀ ਮਦਦ ਲਈ ਜਾ ਰਹੀ ਹੈ।

ਪੈਨਸਿਲਵੇਨੀਆ ਵਿਚ ਬਰਫ ਹਟਾਉਣ ਨੂੰ ਲੈ ਕੇ ਹੋਏ ਝਗੜੇ ਦੌਰਾਨ ਗੋਲੀ ਚੱਲੀ, ਪਤੀ-ਪਤਨੀ ਦੀ ਮੌਤ ! ਗੋਲੀ ਚਲਾਉਣ ਵਾਲੇ ਸ਼ੱਕੀ ਨੇ ਕੀਤੀ ਖੁਦਕੁਸ਼ੀ

ਸੈਕਰਾਮੈਂਟੋ, ਕੈਲੀਫੋਰਨੀਆ 2 ਫਰਵਰੀ– ਉਤਰ ਪੂਰਬੀ ਪੈਨਸਿਲਵੇਨੀਆ ਵਿਚ ਬਰਫ਼ੀਲੇ ਤੂਫਾਨ ਕਾਰਨ ਇਕੱਠੀ ਹੋਈ ਬਰਫ ਨੂੰ ਹਟਾਉਣ ਨੂੰ ਲੈ ਕੇ ਹੋਏ ਝਗੜੇ ਵਿਚ ਇਕ ਵਿਅਕਤੀ ਵੱਲੋਂ ਗੋਲੀ ਚਲਾ ਕੇ ਪਤੀ-ਪਤਨੀ ਦੀ ਹੱਤਿਆ ਕਰਨ ਉਪਰੰਤ ਖੁਦਕੁਸ਼ੀ ਕਰ ਲਈ ਗਈ। ਲੁਜ਼ੇਰਨ ਕਾਊਂਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਸਵੇਰੇ 9 ਵਜੇ ਮੈਦਾਨੀ ਖੇਤਰ ਵਿਚ ਵਾਪਰੀ।

ਆਸ ਪਾਸ ਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ। ਦਰਜਨ ਦੇ ਕਰੀਬ ਗੋਲੀਆਂ ਚੱਲੀਆਂ। ਡਿਸਟੈਰਿਕਟ ਅਟਾਰਨੀ ਸਟੈਫਨੀ ਸਲਾਵਾਂਟਿਸ ਨੇ ਦੱਸਿਆ ਕਿ ਪਤੀ-ਪਤਨੀ ਦੀਆਂ ਲਾਸ਼ਾਂ ਘਰ ਤੋਂ ਬਾਹਰ ਗਲੀ ਵਿਚ ਪਈਆਂ ਮਿਲੀਆਂ ਜਦ ਕਿ ਸ਼ੱਕੀ ਵਿਅਕਤੀ ਦੀ ਲਾਸ਼ ਉਸ ਦੇ ਘਰ ਵਿਚੋਂ ਬਰਾਮਦ ਹੋਈ। ਸਮਝਿਆ ਜਾਂਦਾ ਹੈ ਕਿ ਹੱਤਿਆਵਾਂ ਕਰਨ ਤੋਂ ਬਾਅਦ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਲਈ ਜਿਸ ਉਪਰੰਤ ਉਸ ਦੀ ਵੀ ਮੌਤ ਹੋ ਗਈ। ਸਲਾਵਾਂਟਿਸ ਅਨੁਸਾਰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਨਾਂ ਗਵਾਂਢੀਆਂ ਵਿਚਾਲੇ ਬਰਫ ਹਟਾਉਣ ਨੂੰ ਲੈ ਕੇ ਅਕਸਰ ਤਕਰਾਰ ਹੁੰਦੀ ਰਹਿੰਦੀ ਸੀ ਪਰੰਤੂ ਲੰਘੇ ਦਿਨ ਇਹ ਝਗੜਾ ਏਨਾ ਵਧ ਗਿਆ ਕਿ ਇਕ ਧਿਰ ਨੇ ਦੂਸਰੇ ਉਪਰ ਗੋਲੀਆਂ ਦਾਗ ਦਿੱਤੀਆਂ। ਪੁਲਿਸ ਨੇ ਮਾਰੇ ਗਏ ਲੋਕਾਂ ਦੇ ਨਾਂ ਅਜੇ ਜਨਤਿਕ ਨਹੀਂ ਕੀਤੇ ਹਨ।

ਮਿਨੀਸੋਟਾ ਵਿਚ ਔਰਤ ਤੇ ਦੋ ਬੱਚਿਆਂ ਦੀ ਗੋਲੀਆਂ ਮਾਰ ਕੇ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ 1 ਫਰਵਰੀ – ਸੇਂਟ ਪਾਲ, ਮਿਨੀਸੋਟਾ ਦੇ ਨਾਲ ਲੱਗਦੇ ਪੇਨੇ ਫਾਲਨ ਖੇਤਰ ਵਿਚ ਸਥਿਤ ਇਕ ਘਰ ਵਿਚ ਇਕ ਔਰਤ ਤੇ ਦੋ ਬੱਚਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ ਮਾਰੇ ਗਏ ਲੋਕਾਂ ਦੀ ਅਜੇ ਪਛਾਣ ਨਹੀਂ ਦੱਸੀ। ਸੂਚਨਾ ਮਿਲਣ 'ਤੇ ਪੁਲਿਸ ਮੌਕੇ ਉਪਰ ਪੁੱਜੀ ਤਾਂ ਉਸ ਨੇ ਤਿੰਨ ਲੋਕਾਂ ਨੂੰ ਜਮੀਨ ਉਪਰ ਡਿੱਗਿਆਂ ਵੇਖਿਆ ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਇਨ੍ਹਾਂ ਵਿਚੋਂ ਇਕ 30 ਸਾਲਾ ਔਰਤ ਤੇ ਇਕ ਬੱਚੀ ਨੂੰ ਮੌਕੇ ਉਪਰ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਜਦ ਕਿ ਇਕ 8 ਸਾਲ ਤੋਂ ਵਧ ਉਮਰ ਦੇ ਲੜਕੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਉਹ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਪੁਲਿਸ ਦੇ ਬੁਲਾਰੇ ਸਾਰਜੈਂਟ ਮਾਈਕ ਐਮਸਟਰ ਅਨੁਸਾਰ ਇਹ ਘਟਨਾ ਵਾਪਰਨ ਤੋਂ ਪਹਿਲਾਂ ਰਾਜ ਤੋਂ ਬਾਹਰੋਂ ਕਿਸੇ ਵੱਲੋਂ ਫੋਨ ਕੀਤਾ ਗਿਆ ਸੀ ਕਿ ਉਹ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ ਜਿਸ ਉਪਰੰਤ ਇਕ ਪੁਲਿਸ ਅਧਿਕਾਰੀ ਘਰ ਵਿਚ ਪਰਿਵਾਰ ਦਾ ਹਾਲ ਜਾਣਨ ਲਈ ਗਿਆ ਸੀ। ਉਸ ਸਮੇਂ ਸਭ ਠੀਕ ਠਾਕ ਸੀ। ਇਸ ਤੋਂ ਇਕ ਘੰਟੇ ਬਾਅਦ ਹੀ ਇਹ ਘਟਨਾ ਵਾਪਰ ਗਈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ।

ਗਰਭਵਤੀ ਔਰਤਾਂ ਵੀ ਲਵਾ ਸਕਦੀਆਂ ਹਨ ਕੋਵਿਡ-19 ਟੀਕਾ-ਮਾਹਿਰ

ਸੈਕਰਾਮੈਂਟੋ, ਕੈਲੀਫੋਰਨੀਆ 2 ਫਰਵਰੀ– ਬਹੁਤ ਸਾਰੇ ਮਾਮਲਿਆਂ ਵਿਚ ਗਰਭਵਤੀ ਔਰਤਾਂ ਕੋਵਿਡ-19 ਟੀਕਾ ਲਵਾਉਣ ਵਿੱਚ ਝਿਝਕ ਵਿਖਾ ਰਹੀਆਂ ਹਨ ਕਿਉਂਕਿ ਇਸ ਮਾਮਲੇ ਵਿਚ ਜਿਆਦਾ ਸੁਰੱਖਿਆ ਅੰਕੜਾ ਮੌਜੂਦ ਨਹੀਂ ਹੈ ਪਰ ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਹੁਣ ਤੱਕ ਹਜਾਰਾਂ ਗਰਭਵਤੀ ਔਰਤਾਂ ਨੂੰ ਟੀਕੇ ਲਾਏ ਗਏ ਹਨ ਕਿਤਿਉਂ ਵੀ ਕੁਪ੍ਰਭਾਵ ਦੀ ਰਿਪੋਰਟ ਨਹੀਂ ਹੈ।

ਲਾਗ ਦੀਆਂ ਬਿਮਾਰੀਆਂ ਦੇ ਪ੍ਰਮੁੱਖ ਮਾਹਿਰ ਡਾ ਐਨਥਨੀ ਫੌਕੀ ਨੇ ਕਿਹਾ ਹੈ ਕਿ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਵੱਲੋਂ ਕੋਰੋਨਾ ਦੇ ਫੈਲਾਅ ਨੂੰ ਰੋਕਣ ਲਈ ਦੋ ਟੀਕਿਆਂ ਦੀ ਪ੍ਰਵਾਨਗੀ ਦੇਣ ਉਪਰੰਤ ਅਮਰੀਕਾ ਵਿਚ ਤਕਰੀਬਨ 10000 ਗਰਭਵਤੀ ਔਰਤਾਂ ਦੇ ਕੋਵਿਡ-19 ਟੀਕੇ ਲੱਗ ਚੱਕੇ ਹਨ ਤੇ ਹੁਣ ਤੱਕ ਕਿਤਿਉਂ ਵੀ ਅਜਿਹੀ ਰਿਪੋਰਟ ਨਹੀਂ ਆਈ ਹੈ ਜਿਸ ਵਿਚ ਗਰਭਵਤੀ ਔਰਤਾਂ ਨੂੰ ਟੀਕਾ ਲੱਗਣ 'ਤੇ ਖ਼ਤਰੇ ਦੀ ਗੱਲ ਕਹੀ ਗਈ ਹੋਵੇ।

ਡਾਕਟਰ ਫੌਕੀ ਜੋ ਆਈ ਏ ਐਸ ਕੋਵਿਡ-19 ਕਾਨਫਰੰਸ ਪ੍ਰੀਵੈਨਸ਼ਨ ਵਿਚ ਹਿੱਸਾ ਲੈਣ ਦੌਰਾਨ ਮੀਡੀਆ ਨਾਲ ਗੱਲ ਕਰ ਰਹੇ ਸਨ, ਨੇ ਕਿਹਾ ਕਿ ਅਸੀਂ ਬਹੁਤ ਸਾਰੀਆਂ ਗਰਭਵਤੀ ਔਰਤਾਂ ਨੂੰ ਕੋਰੋਨਾ ਦੀ ਰੋਕਥਾਮ ਲਈ ਟੀਕੇ ਲਾਏ ਹਨ ਤੇ ਐਫ. ਡੀ.ਏ ਉਨ੍ਹਾਂ ਉਪਰ ਨਿਗਰਾਨੀ ਰਖ ਰਹੀ ਹੈ। ਉਨ੍ਹਾਂ ਕਿਹਾ ਹਾਲਾਂ ਕਿ ਸਾਡੇ ਕੋਲ ਇਸ ਮਾਮਲੇ ਵਿਚ ਜਿਆਦਾ ਅੰਕੜੇ ਮੌਜਦ ਨਹੀਂ ਹਨ ਪਰੰਤੂ ਹਣ ਤੱਕ ਜੋ ਵੀ ਅੰਕੜੇ ਸਾਡੇ ਕੋਲ ਹਨ, ਉਨ੍ਹਾਂ ਅਨੁਸਾਰ ਗਰਭਵਤੀ ਔਰਤਾਂ ਨੂੰ ਟੀਕਾ ਲਵਾਉਣ ਵਿਚ ਕੋਈ ਅੜਿੱਕਾ ਨਹੀਂ ਹੈ।

ਉਨ੍ਹਾਂ ਹੋਰ ਕਿਹਾ ਕਿ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਦੀਆਂ ਹਦਾਇਤਾਂ ਅਨੁਸਾਰ ਗਰਭਵਤੀ ਔਰਤ ਦੇ ਟੀਕਾ ਉਸ ਦੇ ਨਿੱਜੀ ਡਾਕਟਰ ਦੀ ਸਲਾਹ ਨਾਲ ਔਰਤ ਦੀ ਇੱਛਾ 'ਤੇ ਲਾਇਆ ਜਾਣਾ ਚਾਹੀਦਾ ਹੈ। ਅਸੀਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰ ਰਹੇ ਹਾਂ।

ਅਦਾਲਤ ਨੇ 100 ਦਿਨਾਂ ਲਈ ਦੇਸ਼ ਨਿਕਾਲੇ ਉਪਰ ਰੋਕ ਲਾਉਣ ਦੇ ਆਦੇਸ਼ ਨੂੰ ਲਾਗੂ ਹੋਣ ਤੋਂ ਰੋਕਿਆ

ਸੈਕਰਾਮੈਂਟੋ, ਕੈਲੀਫੋਰਨੀਆ 3 ਫਰਵਰੀ– ਹੋਸਟਨ ਦੀ ਇਕ ਸੰਘੀ ਅਦਾਲਤ ਨੇ ਅਮਰੀਕੀ ਸਰਕਾਰ ਵੱਲੋਂ 100 ਦਿਨਾਂ ਲਈ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਿਸ ਨਾ ਭੇਜੇ ਜਾਣ ਦੇ ਆਦੇਸ਼ ਉਪਰ ਰੋਕ ਲਾ ਦਿੱਤੀ ਹੈ। ਰਾਸ਼ਟਰਪਤੀ ਜੋਅ ਬਾਇਡੇਨ ਨੇ ਇਕ ਪੱਤਰ ਜਾਰੀ ਕਰਕੇ ਹੋਮਲੈਂਡ ਸਕਿਉਰਟੀ ਵਿਭਾਗ ਨੂੰ ਕਿਹਾ ਸੀ ਕਿ ਕਿਸੇ ਵੀ ਇਮੀਗਰਾਂਟਸ ਨੂੰ 100 ਦਿਨ ਲਈ ਦੇਸ਼ ਨਿਕਾਲਾ ਨਾ ਦਿੱਤਾ ਜਾਵੇ ਕਿਉਂਕਿ ਸਰਕਾਰ ਇਮੀਗੈਰੇਸ਼ਨ ਨੀਤੀ ਉਪਰ ਨਜਰਸਾਨੀ ਕਰ ਰਹੀ ਹੈ। ਯੂ.ਐਸ ਡਿਸਟੈਰਿਕਟ ਜੱਜ ਡਰੀਊ ਟਿਪਟਨ ਨੇ ਟੈਕਸਸ ਦੀ ਪਟੀਸ਼ਨ ਤੇ ਰੋਕ ਲਾਉਣ ਦੇ ਆਰਜੀ ਆਦੇਸ਼ ਦਿੱਤੇ। ਜੱਜ ਨੇ ਕਿਹਾ ਹੈ ਕਿ ਬਾਇਡੇਨ ਪੈਰਸ਼ਾਸਨ 100 ਦਿਨਾਂ ਲਈ ਦੇਸ਼ ਨਿਕਾਲੇ ਉਪਰ ਰੋਕ ਲਾਉਣ ਦੇ ਹੱਕ ਵਿਚ ਠੋਸ ਤੇ ਤਰਕਸੰਗਤ ਕਾਰਨ ਨਹੀਂ ਦਸ ਸਕਿਆ। ਅਦਾਲਤ ਦਾ ਇਹ ਫੈਸਲਾ ਬਾਇਡੇਨ ਪੈਰਸ਼ਾਸਨ ਲਈ ਸ਼ੁਰੂਆਤੀ ਝਟਕਾ ਹੈ ਜੋ ਟਰੰਪ ਪੈਰਸ਼ਾਸਨ ਦੀ ਇਮੀਗੈਰੇਸ਼ਨ ਨੀਤੀ ਵਿਚ ਤਬਦੀਲੀਆਂ ਕਰਨੀਆਂ ਚਹੁੰਦਾ ਹੈ। ਬਾਇਡੇਨ ਨੇ ਚੋਣ ਮੁਹਿੰਮ ਦੌਰਾਨ ਇਮੀਗੈਰੇਸ਼ਨ ਨੀਤੀ ਵਿਚ ਤਬਦੀਲੀ ਕਰਨ ਦਾ ਵਾਅਦਾ ਕੀਤਾ ਸੀ। ਉਸ ਦੀ ਇਕ ਕਰੋੜ ਤੋਂ ਵਧ ਅਮਰੀਕਾ ਵਿਚ ਰਹਿੰਦੇ ਗੈਰ ਕਾਨੂੰਨੀ ਪੈਰਵਾਸੀਆਂ ਨੂੰ ਵੀ ਅਮਰੀਕਾ ਵਿਚ ਰਹਿਣ ਦਾ ਕਾਨੂੰਨੀ ਅਧ

ਦੇਸ਼ ਦੁਆਬਾ

ਸ੍ਰੀ ਸੀ. ਐਲ. ਚੁੰਬਰ ਦੀ ਬਰਸੀ ਤੇ ਉਹਨਾਂ ਨੂੰ ਯਾਦ ਕਰਦਿਆਂ ਉਹਨਾਂ ਦੀ ਲਿਖੀ ਇਕ ਪੁਰਾਣੀ ਸੰਪਾਦਕੀ

ਕੀ ਅਕਾਲੀ ਮੁੜ ਸੱਤਾ ਵਿਚ ਆਉਣਗੇ?

ਸ. ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ, ਪੰਜਾਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਅਕਾਲੀ ਦਲ (ਬਰਨਾਲਾ) ਦੀ ਸਰਕਾਰ ਨੇ ਇਕ ਵਰ੍ਹਾ ਪੂਰਾ ਕਰ ਲਿਆ ਹੈ। ਅਖ਼ਬਾਰਾਂ ਵਿਚ ਪੂਰੇ-ਪੂਰੇ ਸਫੇ ਦੇ ਇਸ਼ਤਿਹਾਰ ਦੇ ਕੇ ਬਰਨਾਲਾ ਸਰਕਾਰ ਨੇ ਰੋਜ਼ਾਨਾ ਅਖ਼ਬਾਰਾਂ ਲਈ 'ਮੂੰਹ ਖਾਵੇ ਤੇ ਅੱਖ ਸ਼ਰਮਾਵੇ' ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਇਹਨਾਂ ਇਸ਼ਤਿਹਾਰਾਂ ਵਿਚ ਅਜਿਹੀ ਕੋਈ ਝਲਕ ਨਹੀਂ ਪੈਂਦੀ ਕਿ ਬਰਨਾਲਾ ਸਰਕਾਰ ਸਿੱਖੀ ਦੇ ਅਸੂਲਾਂ ਤੇ ਚੱਲ ਰਹੀ ਹੈ ਅਤੇ ਨਾ ਹੀ ਪਤਾ ਲੱਗਦਾ ਹੈ ਕਿ ਇਹ ਸਰਕਾਰ ਸਮਾਜ ਦੇ ਸਭ ਤੋਂ ਵੱਧ ਦੱਬੇ-ਕੁਚਲੇ ਵਰਗ ਦੀ ਭਲਾਈ ਲਈ ਕੀ ਕੀਤਾ ਅਤੇ ਕੀ ਕਰਨ ਜਾ ਰਹੀ ਹੈ।

ਮੌਜੂਦਾ ਅਕਾਲੀ ਸਰਕਾਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖਾਂ ਦੀ ਨਿਰੋਲ ਸਰਕਾਰ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬ੍ਰਾਹਮਣਵਾਦੀਆਂ ਨੇ ਕੇਸ ਦਾੜ੍ਹੀਆਂ ਰੱਖ ਕੇ ਅਤੇ ਮੰਤਰੀ ਬਣ ਕੇ ਸਿੱਖੀ ਦੇ ਰਾਜਨੀਤਿਕ ਆਧਾਰ ਨੂੰ ਅੰਗਰੇਜ਼ਾਂ ਨਾਲ ਰਲ ਕੇ ਖੋਖਲਿਆਂ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਜਿਸ ਤਰ੍ਹਾਂ ਅਛੂਤਾਂ ਨੂੰ ਜ਼ਲੀਲ ਕੀਤਾ, ਉਸ ਦੀ ਸਿੱਖ ਇਤਿਹਾਸ ਵਿਚ ਕੋਈ ਮਿਸਾਲ ਨਹੀਂ। ਜਦੋਂ ਵੀ ਕੋਈ ਵਿਅਕਤੀ ਜਾਂ ਕੌਮ ਆਪਣੇ ਪਿਛੋਕੜ ਅਤੇ ਉਦੇਸ਼ਾਂ ਨੂੰ ਭੁੱਲ ਜਾਂਦੀ ਹੈ ਤਾਂ ਉਸਦਾ ਪਤਨ ਕੁਦਰਤੀ ਹੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਉਹਨਾਂ ਲੋਕਾਂ ਨੂੰ ਨਾ ਸਿਰਫ ਅਣਗੌਲਿਆ ਹੀ ਗਿਆ, ਸਗੋਂ ਦਰੜਿਆ ਵੀ ਗਿਆ, ਜਿਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ- ਨਾਨਕ ਤਿਨ ਕੇ ਸੰਗ ਸਾਥਿ ਵਡਿਆ ਸੋ ਕਿਆ ਰੀਸ ਅਤੇ ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ-ਇਨਹੀ ਕਿ ਕ੍ਰਿਪਾ ਸੇ ਸਜੇ ਹਮ ਹੈ, ਨਹੀ ਮੋ ਸੋ ਗਰੀਬ ਕਰੋਰ ਪਰੇ। ਇਹੀ ਕਾਰਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਸਿੱਖਾਂ ਦੀ ਗਿਣਤੀ ਇਕਦਮ ਘਟ ਗਈ ਅਤੇ ਅੰਗਰੇਜ਼ਾਂ ਨੇ ਭਵਿੱਖਬਾਣੀ ਕਰ ਦਿੱਤੀ ਕਿ ਜਲਦੀ ਹੀ ਸਿੱਖ ਖਤਮ ਹੋ ਜਾਣਗੇ ਅਤੇ ਅਜਾਇਬ ਘਰਾਂ ਵਿਚ ਟੰਗੀਆਂ ਫੋਟੋਆਂ ਤੋਂ ਪਤਾ ਲੱਗੇਗਾ ਕਿ ਸਿੱਖ ਕਿਹੋ ਜਿਹੇ ਹੁੰਦੇ ਹਨ। ਇਹੋ ਜਿਹੀ ਹਾਲਤ ਸਤੰਬਰ 1985 ਦੀਆਂ ਪੰਜਾਬ ਚੋਣਾਂ ਤੋਂ ਪਹਿਲੋਂ ਸਿੱਖਾਂ ਦੀ ਹੋਈ ਸੀ। ਕੇਂਦਰ ਵਿਚ ਕਾਂਗਰਸ ਦੀ 'ਸੈਕੂਲਰ' ਦਾ ਬੁਰਕਾ ਪਹਿਨੀ ਬ੍ਰਾਹਮਣਵਾਦੀ ਸਰਕਾਰ ਸਿੱਖਾਂ ਨੂੰ ਖਤਮ ਕਰਨ ਤੇ ਤੁਲੀ ਸੀ। ਉਸ ਸਮੇਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕੀ ਸਿੱਖ, ਕੀ ਗੈਰ ਸਿੱਖ ਸਭ ਨੇ ਬਹੁਜਨ ਸਮਾਜ ਪਾਰਟੀ ਦਾ ਸਾਥ ਦੇ ਕੇ ਸਿੱਧੇ ਤੌਰ ਤੇ ਕਾਂਗਰਸ ਪਾਰਟੀ ਨੂੰ ਢਾਅ ਲਾਈ ਅਤੇ ਅਸਿੱਧੇ ਤੌਰ 'ਤੇ ਪੰਜਾਬ ਵਿਚ ਪਹਿਲੀ ਨਿਰੋਲ ਅਕਾਲੀ ਸਰਕਾਰ ਬਣਨ ਵਿਚ ਸਹਾਈ ਹੋਏ।

ਇਸ ਤੋਂ ਪਹਿਲਾਂ ਵੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੱਖਾਂ ਸਿਰਲੱਥ ਸੂਰਬੀਰਾਂ ਨੇ ਕੁਰਬਾਨੀਆਂ ਕੀਤੀਆਂ। ਗੁਰੂ ਤੇਗ ਬਹਾਦਰ ਨੂੰ ਗੁਰਗੱਦੀ ਦਿਵਾਉਣ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਅਹਿਮ ਰੋਲ ਸੀ। ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਸਾਹਿਬ ਲਿਆਉਣ ਵਾਲੇ ਬਾਬਾ ਜੀਵਨ ਸਿੰਘ ਸਨ ਤੇ ਗੁਰੂ ਜੀ ਦੇ ਧੜ ਦਾ ਸੰਸਕਾਰ ਆਪਣੇ ਘਰ ਨੂੰ ਅੱਗ ਲਾ ਕੇ ਕਰਨ ਵਾਲੇ ਬਾਬਾ ਲੱਖੀ ਸ਼ਾਹ ਸਨ। ਪੰਜ ਪਿਆਰਿਆਂ ਵਿਚ ਵੀ ਤਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸੂਰਬੀਰ ਨਿੱਤਰੇ। ਜਦੋਂ ਰਾਜਪੂਤ ਪਹਾੜੀ ਰਾਜਿਆਂ ਅਤੇ ਮੁਸਲਿਮ ਰਾਜਿਆਂ ਨੇ ਗਊਆਂ ਅਤੇ ਸੂਰਾਂ ਦੀਆਂ ਕਸਮਾਂ ਖਾ ਕੇ ਗੁਰੂ ਜੀ ਨਾਲ ਵਿਸ਼ਵਾਸਘਾਤ ਕੀਤਾ ਅਤੇ ਭਾਈ ਮਹਾਂ ਸਿੰਘ ਵਰਗਿਆਂ ਸਿੱਖਾਂ ਨੇ ਵੀ ਗੁਰੂ ਗੋਬਿੰਦ ਸਿੰਘ ਦਾ ਸਾਥ ਛੱਡ ਦਿੱਤਾ, ਉਦੋਂ ਵੀ ਗੁਰੂ ਜੀ ਦਾ ਸਾਥ ਬਾਬਾ ਸੰਗਤ ਸਿੰਘ, ਬਾਬਾ ਜੀਵਨ ਸਿੰਘ ਅਤੇ ਪੰਜ ਪਿਆਰਿਆਂ ਨੇ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖੁਸ਼ ਹੋ ਕੇ ਬਾਬਾ ਸੰਗਤ ਸਿੰਘ ਨੂੰ ਆਪਣਾ ਵਾਰਿਸ ਚਮਕੌਰ ਦੀ ਗੜ੍ਹੀ 'ਚ ਥਾਪਿਆ। ਇਸ ਤੋਂ ਬਾਅਦ 19ਵੀਂ ਸਦੀ ਦੇ ਅੰਤ ਵਿਚ ਸੁਆਮੀ ਦਇਆ ਨੰਦ ਦੇ ਬਹਿਸਾਂ ਵਿਚ ਪ੍ਰੋ. ਦਿੱਤ ਸਿੰਘ ਗਿਆਨੀ ਨੇ ਦੰਦ ਖੱਟੇ ਕਰਕੇ ਸਿੱਖੀ ਦੀ ਇਕ ਤਰ੍ਹਾਂ ਪੁਨਰ ਸਥਾਪਨਾ ਕੀਤੀ।

ਪਰ ਅਫਸੋਸ ਇਸ ਗੱਲ ਦਾ ਹੈ ਕਿ ਕੀ ਅਸੀਂ ਭੇਡਾਂ ਬੱਕਰੀਆਂ ਵਾਂਗ ਬਲੀਆਂ ਹੀ ਦਿੰਦੇ ਰਹਾਂਗੇ। ਕੀ ਸਾਨੂੰ ਸਾਡੀਆਂ ਕੁਰਬਾਨੀਆਂ, ਸਾਡੀਆਂ ਵਫ਼ਾਦਾਰੀਆਂ ਦੀ ਕੀਮਤ ਨਹੀਂ ਮਿਲਣੀ ਚਾਹੀਦੀ? ਸੈਂਕੜੇ ਸਾਲਾਂ ਬਾਅਦ ਵੀ ਅਛੂਤਾਂ 'ਚੋਂ ਸਜੇ ਸਿੱਖਾਂ ਨੂੰ ਬ੍ਰਾਹਮਣਵਾਦੀ ਸਿੱਖ ਅਛੂਤ ਹੀ ਸਮਝ ਰਹੇ ਹਨ। ਮੌਜੂਦਾ ਅਕਾਲੀ ਸਰਕਾਰ ਵੀ ਅਛੂਤਾਂ 'ਚੋਂ ਸਜੇ ਸਿੱਖਾਂ ਨੂੰ ਵੀ ਅਛੂਤ ਸਮਝ ਰਹੀ ਹੈ। ਬੀਤੇ ਦਿਨੀਂ ਬਰਨਾਲਾ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ। ਕੀ ਖੇਤੀਬਾੜੀ ਸਿਰਫ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਕੇ ਹੀ ਵੱਧ-ਫੁੱਲ ਸਕਦੀ ਹੈ? ਜਿਵੇਂ ਖੇਤੀਬਾੜੀ ਦੇ ਵਾਧੇ ਲਈ ਅੱਛੀ ਕਿਸਮ ਦੇ ਬੀਜ, ਖਾਦਾਂ, ਬਿਜਲੀ, ਖੇਤੀਬਾੜੀ ਦੇ ਕੰਮ ਆਉਣ ਵਾਲੀ ਮਸ਼ੀਨਰੀ ਦਾ ਸਸਤੀ ਅਤੇ ਹੰਢਣਸਾਰ ਹੋਣਾ ਜ਼ਰੂਰੀ ਹੈ, ਉਥੇ ਖੇਤੀਬਾੜੀ ਵਿਚ ਕੰਮ ਕਰਨ ਵਾਲੇ ਮਨੁੱਖਾਂ ਦੀ ਭਲਾਈ ਲਈ ਵੀ ਸਰਕਾਰ ਵੱਲੋਂ ਉਪਰਾਲੇ ਹੋਣੇ ਚਾਹੀਦੇ ਹਨ। ਪਰ ਅਫਸੋਸ ਹੈ ਕਿ ਇਹ ਫਾਇਦੇ ਜ਼ਮੀਨ ਦਾ ਮਾਲਕ ਲੈ ਜਾਂਦਾ ਹੈ ਪਰ ਉਹ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਤੱਕ ਨਹੀਂ ਪਹੁੰਚਾਉਂਦਾ। ਅਜਿਹੀ ਸੂਰਤ ਵਿਚ ਖੇਤ ਮਜ਼ਦੂਰਾਂ ਲਈ ਉਦਯੋਗਿਕ ਮਜ਼ਦੂਰਾਂ ਵਾਂਗ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ਪਰ ਅਜਿਹਾ ਕਿਉਂ ਨਹੀਂ? ਇਕ ਤਾਂ ਖੇਤ ਮਜ਼ਦੂਰ ਸੰਗਠਿਤ ਨਹੀਂ, ਦੂਜਾ ਅਕਾਲੀ ਸਰਕਾਰ ਖੇਤ ਮਾਲਿਕਾਂ ਦੀ ਹੈ। ਬਰਨਾਲਾ ਜੀ ਨੇ ਕਿਸਾਨਾਂ ਲਈ ਕਰਜ਼ੇ ਇਸ ਕਰਕੇ ਮੁਆਫ਼ ਕਰ ਦਿੱਤੇ ਕਿਉਂਕਿ ਕਿਸਾਨ ਉਹਨਾਂ ਦੀ ਜ਼ਾਤ ਬਰਾਦਰੀ ਦੇ ਹਨ, ਖੇਤ ਮਜ਼ਦੂਰ ਭਾਵੇਂ ਸਿੱਖ ਹੀ ਕਿਉਂ ਨਾ ਹੋਣ ਉਹਨਾਂ ਨਾਲ ਬਰਨਾਲਾ ਜੀ ਨੂੰ ਕੀ ਲਗਾਓ?

ਬਰਨਾਲਾ ਸਰਕਾਰ 'ਰਿਜ਼ਰਵੇਸ਼ਨ ਐਕਟ' ਨਹੀਂ ਬਣਾ ਸਕੀ ਤਾਂ ਫਿਰ ਅਕਾਲੀ ਸਰਕਾਰ ਅਤੇ ਕਾਂਗਰਸੀ ਸਰਕਾਰਾਂ ਵਿਚ ਕੀ ਫਰਕ ਹੈ? ਇਕ ਭੂਤਨਾਥ ਹੈ ਅਤੇ ਦੂਜਾ ਪ੍ਰੇਤਨਾਥ ਹੈ। ਇਕ ਅਛੂਤਾਂ ਨੂੰ ਤੜਫਾ ਤੜਫਾ ਕੇ (ਹਲਾਲ ਕਰਕੇ) ਮਾਰਦਾ ਹੈ ਤਾਂ ਦੂਜਾ ਇੱਕਦਮ (ਝਟਕਾ ਕੇ) ਮਾਰਦਾ ਹੈ।

ਮਾਰਨ ਦੇ ਢੰਗ ਵਿਚ ਫਰਕ ਹੈ ਹੋਰ ਕੁਝ ਨਹੀਂ। ਅਕਾਲੀਆਂ ਨੇ ਅਛੂਤਾਂ ਵਿਚੋਂ ਪੂਛ ਹਿਲਾਉਣ ਵਾਲੇ ਕੁੱਤੇ ਪਾਲੇ ਹੋਏ ਹਨ ਅਤੇ ਕਾਂਗਰਸੀਆਂ ਨੇ ਵੀ। ਡਾਰਵਿਨ ਨੇ ਸਿੱਧ ਕੀਤਾ ਹੈ ਕਿ ਆਦਮੀ ਦਾ ਪੂਰਵਜ਼ ਬਾਂਦਰ ਹੈ। ਪਰ ਅੱਜਕਲ੍ਹ ਗੁਰੂ ਨਾਨਕ ਦੇਵ ਜੀ ਦੇ ਕਹਿਣ ਅਨੁਸਾਰ- ਰਾਜੇ ਸ਼ੀਹ ਮੁਕੱਦਮ ਕੁੱਤੇ ਭਾਵ ਰਾਜੇ ਬਘਿਆੜ ਹਨ ਅਤੇ ਮੁਕੱਦਮ (ਵਜ਼ੀਰ/ ਮੰਤਰੀ) ਕੁੱਤੇ ਹਨ। ਅੱਜ ਆਮ ਆਦਮੀ ਰੋ ਰੋ ਕੇ ਥੱਕ ਗਿਆ ਹੈ ਕੋਈ ਉਸ ਦੇ ਹੰਝੂ ਪੂੰਝਣ, ਦਿਲਾਸਾ ਦੇਣ ਵਾਲਾ ਨਹੀਂ। ਜ਼ਿਮੀਂਦਾਰਾਂ ਅਤੇ ਕਾਰਖਾਨੇਦਾਰਾਂ ਦੀ ਗੱਲ ਕਰਨਾ ਦੇਸ਼ ਭਗਤੀ ਬਣ ਗਿਆ ਹੈ, ਖੇਤ-ਮਜ਼ਦੂਰਾਂ, ਉਦਯੋਗਿਕ ਮਜ਼ਦੂਰਾਂ ਦੀ ਗੱਲ ਕਰਨਾ ਫਿਰਕਾਪ੍ਰਸਤੀ ਅਤੇ ਦੇਸ਼ ਨਾਲ ਗੱਦਾਰੀ ਸਮਝਿਆ ਜਾਂਦਾ ਹੈ। ਅਜਿਹੇ ਸਮੇਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਇਹੀ ਲਾਭਕਾਰੀ ਹੈ ਕਿ ਉਹਨਾਂ ਨੂੰ ਆਪਣੇ ਜਾਤ, ਧਰਮ, ਭਾਸ਼ਾ, ਇਲਾਕੇ ਦੇ ਵਿਤਕਰਿਆਂ ਨੂੰ ਛੱਡ ਕੇ ਆਪਣੀ ਮੁਕਤੀ ਲਈ ਆਪ ਉੱਠਣਾ ਹੋਵੇਗਾ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਜੋ ਰਾਜਨੀਤੀਵਾਨ ਵੱਖ-ਵੱਖ ਪਾਰਟੀਆਂ ਵਿਚ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਕੋਈ ਅਜਿਹਾ ਕੰਮ ਨਾ ਕਰਨ ਜਿਸ ਨਾਲ ਉਹਨਾਂ ਲੋਕਾਂ ਦੀ ਮੁਕਤੀ ਵਿਚ ਰੁਕਾਵਟ ਪਵੇ, ਜਿਹਨਾਂ ਵਿਚੋਂ ਉਹ ਆਪ ਜੰਮੇ, ਪਲੇ ਅਤੇ ਵਧੇ ਫੁੱਲੇ ਹਨ। ਅੰਤ ਵਿਚ ਅਕਾਲੀ ਸਰਕਾਰ ਨੂੰ ਇਹ ਚਿਤਾਵਨੀ ਦੇਣਾ ਚਾਹੁੰਦੇ ਹਾਂ ਕਿ ਜੇ ਉਸ ਨੇ ਅਜੇ ਵੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਕੋਈ ਭਲਾਈ ਭਰੇ ਕੰਮ ਨਾ ਕੀਤੇ ਤਾਂ ਉਹ ਮੁੜ ਸੱਤਾ ਵਿਚ ਆਉਣ ਦੇ ਸੁਪਨੇ ਲੈਣਾ ਭੁੱਲ ਜਾਣ।

- ਸੀ. ਐਲ. ਚੁੰਬਰ
(ਕੌਮੀ ਉਡਾਰੀਆ, ਜੁਲਾਈ 1986)

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-166

ਛੱਤੀਹ ਅੰਮ੍ਰਿਤ ਜਾਂ ਛਤੀਹ ਭੋਜਨ

ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ-ਤ੍ਰੇਤੀ ਅੰਮ੍ਰਿਤ ਜਾਂ ਭੋਜਨ-ਕਈ ਵਿਦਵਾਨਾਂ ਨੇ ਖਾਣਯੋਗ ਪਦਾਰਥਾਂ ਦੀ ਗਿਣਤੀ ੩੬ ਕੀਤੀ ਪਰ ਇਹ ਕਪੋਲਕਲਪਨਾ ਹੈ। ਉਨੈਹਾਂ ਨੇ ਭੋਜਨ ਦੇ ਭੇਦ ਪੰਜ ਲਿਖੇ ਹਨ- (ਉ) ਭਕੈਸ਼ੈਯ-ਜੋ ਦੰਦ ਦਾੜੈਹਾਂ ਦੀ ਸਹਾਇਤਾ ਨਾਲ ਖਾਧਾ ਜਾਵੇ (ਅ) ਭੋਜੈਯ-ਜੋ ਕੇਵਲ ਦਾੜੈਹਾਂ ਦੀ ਸਹਾਇਤਾ ਨਾਲ ਖਾਧਾ ਜਾਵੇ (ੲ) ਲੇਹੈਯ-ਜੋ ਜੀਭ ਨਾਲ ਚੱਟਿਆ ਜਾਵੇ (ਸ) ਪੇਯ-ਜੋ ਪੀਤਾ ਜਾਵੇ (ਹ) ਚੋਸ਼ੈਯ-ਜੋ ਚੂਸਿਆ ਜਾਵੇ ਜਿਸ ਦਾ ਰਸ ਚੂਸਕੇ ਫੋਗ ਥੁੱਕਿਆ ਜਾਵੇ। ਵਿਦੈਵਾਨਾਂ ਨੇ ਭੋਜਨ ਦੇ ਤਿੰਨ ਭੇਦ ਹੋਰ ਭੀ ਕੀਤੇ ਹਨ-ਸਾਤਿਕ, ਰਾਜਸਿਕ ਅਤੇ ਤਾਮਸਿਕ. ਚਾਵਲ ਦੁੱਧ ਘੀ ਸਾਗ ਜੌਂ ਆਦਿਕ ਸਾਤੈਵਿਕ, ਖੱਟੇ ਚਰਪਰੇ ਮਸਾਲੇਦਾਰ ਰਾਜਸਿਕ, ਬੇਹੇ ਬੁਸੇਹੋਏ ਅਤੇ ਰੁੱਖੇ ਤਾਮਸਿਕ ਹਨ।

ਛਤੀਹ ਪੈਰਕਾਰ ਦੇ ਅੰਮ੍ਰਿਤ ਤੁਲ ਖਾਣ ਯੋਗ ਪਦਾਰਥਾਂ ਨੂੰ "ਛਤੀਹ ਅੰਮ੍ਰਿਤ" ਕਿਹਾ ਜਾਂਦੈ ਭਾਵ ਸਭ ਪੈਰਕਾਰ ਦੇ ਭੋਜਨ ਜਿੰਨੈਹਾਂ ਦੀ ਗਿਣਤੀ ਸਵਾਦਾਂ ਜਾਂ ਰਸਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਕੁਲ ਰਸ ਛੇ ਹਨ-੧ ਮਿੱਠਾ, ੨ ਕੌੜਾ, ੩ ਖੱਟਾ, ੪ ਕਸੈਲਾ, ੫ ਸਲੂਣਾ ਅਤੇ ੬ ਚਟਪਟਾ। ਭਾ. ਗੁਰਦਾਸ ਜੀ ਨੇ ਇਕ ਇਕ ਰਸ ਦੇ ਪਰਸਪਰ ਮੇਲ ਤੋਂ ਛੇ-ਛੇ ਰਸਾਂ ਦੇ ਬਣਨ ਦੀ ਜੁਗਤ ਨਾਲ ਛਤੀਹ ਗਿਣਤੀ ਪੂਰੀ ਕੀਤੀ-ਖਟੁ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ।(੧੭/੮)

"ਸ਼ਬਦ ਗੁਰੂ ਗੈਰੰਥ" ਅਨੁਸਾਰ-ਕਰਤਾਰੀ ਉਪਕਾਰਾਂ ਵਿੱਚ ਛੱਤੀ ਸਵਾਦਾਂ ਵਾਲੇ ਭੋਜਨ ਪੈਰਦਾਨ ਕਰਨ ਦਾ ਉਲੇਖ ਇਉਂ ਮਿਲਦੈ-ਜਿਹ ਪੈਰਸਾਦ ਛਤੀਹ ਅੰਮ੍ਰਿਤ ਖਾਹਿ।। ਤਿਸੁ ਠਾਕੁਰ ਕਉ ਰਖੁ ਮਨ ਮਾਹਿ।।(ਮ:੫-੨੬੯) ਡਾ. ਰਤਨ ਸਿੰਘ ਜੱਗੀ ਅਨੁਸਾਰ-ਛਤੀਹ ਪੈਰਕਾਰ ਦੇ ਰਸ ਹਰੇਕ ਦੇਸ਼ 'ਚ ਮਿਲ ਜਾਂਦੇ ਨੇ ਪਰ ਜਰੂਰੀ ਨਹੀਂ ਕਿ ਇਹਨਾਂ ਰਸਾਂ ਨਾਲ ਸਬੰਧਤ ਭੋਜਨ ਹਰੇਕ ਦੇਸ਼ 'ਚ ਇਕ ਸਮਾਨ ਹੋਣ। ਭਾਰਤੀ ਵਿਦਵਾਨਾਂ ਨੇ ਛੱਤੀ ਪੈਰਕਾਰ ਦੇ ਭੋਜਨਾਂ ਦਾ ਉਲੇਖ "ਸੰਖਿਆ ਕੋਸ਼" ਅਨੁਸਾਰ ਇਉਂ ਕੀਤਾ ਹੈ-੧. ਹਰ ਕਿਸਮ ਦੀ ਰੋਟੀ ੨. ਹਰ ਤਰਾਂ ਦੀ ਪੂਰੀ ੩. ਕਚੌਰੀ ੪. ਪੂੜੇ ੫. ਸਾਰੇ ਚਾਵਲ ੬.ਦਾਲਾਂ ੭. ਸਾਗ, ਸਬਜ਼ੀਆਂ ਤੇ ਭੁਰਜੀਆਂ ੮. ਕੜੀਆਂ ੯.ਵੜੀਆਂ ੧੦. ਸੇਵੀਆਂ ੧੧. ਖਿਚੜੀ ੧੨. ਸਭ ਸਲੂਣੀਆਂ ਚੀਜਾਂ ੧੩. ਚਟਣੀਆਂ ੧੪. ਅਚਾਰ ੧੫. ਮਰੱਬੇ ੧੬. ਬੂੰਦੀ, ਭੱਲੇ ਤੇ ਦਹੀਂ ੧੭. ਰਾਇਤੇ ੧੮. ਪਾਪੜ ੧੯. ਕੜਾਹ ੨੦. ਖੀਰਾ ੨੧. ਕਚਾਰ, ਸਤੂ, ਪੰਜੀਰੀਤੇ ਚੂਰਮਾਂ ੨੨. ਲੱਡੂ, ਜਲੇਬੀ, ਅੰਮ੍ਰਿਤੀ, ਪੇੜਾ ਤੇ ਸ਼ੀਰਨੀਆਂ ੨੩. ਲਾਪਸੀ ੨੪. ਰਬੜੀ ੨੫. ਮਲਾਈ ੨੬. ਮਿਸ਼ਰੀ ਤੇ ਮੱਖਣ ੨੭. ਸਿਖਰਣੀ ੨੮. ਬੁਧ ਸਿਮਰਤ ਆਂਬਰਸਾ ੨੯. ਦਧਿਕਤਰ ੩੦. ਕਾਂਜੀ ੩੧. ਫਲ ੩੨. ਮੇਵੇ ੩੩. ਮੱਠੀ-ਮੱਠੇ ੩੪. ਫੇਣੀਆਂ ੩੫. ਭੇਵਰ ਅਤੇ ੩੬. ਚੂਰਨ ਸਵਾਦ ਆਦਿਕ ਹਨ।

ਨੋਟ-ਅੰਮ੍ਰਿਤ ਦਾ ਮਤਲਵ ਮੈਰਿਤੂ ਰਹਿਤ ਤੇ ਉਹ ਕੇਵਲ ਕਰਤਾ ਹੀ ਹੈ। ਅੰਮ੍ਰਿਤ ਦਾ ਅਰਥ ਚੰਗਾ ਜਾਂ ਵਧੀਆ ਵੀ ਹੈ। ਪੰਜਾਬੀ ਬੋਲ ਚਾਲ 'ਚ ਹਰ ਚੰਗੀ ਜਾਂ ਵਧੀਆ ਚੀਜ ਨਾਲ ਅੰਮ੍ਰਿਤ ਲਾ ਦਿੱਤਾ ਜਾਂਦਾ ਹੈ। ਵੈਸੇ ਅੰਮ੍ਰਿਤ ਇਕ ਕਰਤਾਰ ਹੀ ਹੈ-ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ।।(ਮ:੨-੧੨੩੯) ਸੋ ਸਮੇ ਸਥਾਨ ਅਨੁਸਾਰ ਭੋਜਨ ਪਦਾਰਥਾਂ ਦੀ ਗਿਣਤੀ ਮਿਣਤੀ ਵੱਧ ਘੱਟ ਹੁੰਦੀ ਰਹਿੰਦੀ ਪਰ ਮੋਟੇ ਤੌਰ ਤੇ ਛੇ ਰਸ ਤੇ ਉਨੈਹਾਂ ਤੋਂ ਮਿਲ ਕੇ ਅੱਗੇ ੩੬ ਪਦਾਰਥ ਜਾਂ ਭੋਜਨ ਬਣੇ ਹਨ। ਗੁਰੂ ਸਾਹਿਬ ਦਾ ਛਤੀਹ ਅੰਮ੍ਰਿਤ ਜਾਂ ਛਤੀਹ ਪਦਾਰਥ ਕਹਿਣ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਅਮਰੀਕਾ ਦੇ ਪੂਰਬ ਵੱਲ ਭਾਰੀ ਬਰਫਬਾਰੀ ਨਾਲ ਵਧ ਰਿਹਾ ਹੈ ਪੱਛਮੀ ਤੂਫਾਨ

ਫਰਿਜ਼ਨੋ (ਕੈਲੀਫੋਰਨੀਆ), 30 ਜਨਵਰੀ 2021– ਅਮਰੀਕਾ ਦੇ ਪੱਛਮ ਵਿੱਚ ਆਇਆ ਤੂਫਾਨ ਆਪਣੇ ਰਾਸਤੇ ਵਿੱਚ ਅੱਗੇ ਵੱਲ ਨੂੰ ਵਧ ਰਿਹਾ ਹੈ। ਦੇਸ਼ ਵਿੱਚ ਪੱਛਮ ਨੂੰ ਛੱਡ ਕੇ ਇਹ ਤੂਫਾਨ ਸ਼ਨੀਵਾਰ ਨੂੰ ਮਿਡਵੈਸਟ ਅਤੇ ਐਤਵਾਰ ਤੱਕ ਉੱਤਰ ਪੂਰਬ ਵੱਲ ਵਧ ਰਿਹਾ ਹੈ। ਇਸ ਬਰਫਬਾਰੀ ਨਾਲ ਭਰੇ ਤੂਫਾਨ ਨਾਲ ਤੱਟਵਰਤੀ ਕੈਲੀਫੋਰਨੀਆ ਦੇ ਕੁੱਝ ਹਿੱਸਿਆਂ ਵਿੱਚ 15 ਇੰਚ ਤੋਂ ਵੱਧ ਬਰਫ ਪਈ ਅਤੇ ਸੀਏਰਾ ਨੇਵਾਦਾ ਦੇ ਪਹਾੜਾਂ ਵਿੱਚ 107 ਇੰਚ ਤੱਕ ਬਰਫਬਾਰੀ ਹੋਈ ਜੋ ਕਿ ਕੁੱਝ ਹੀ ਦਿਨਾਂ ਵਿੱਚ 9 ਫੁੱਟ ਦੇ ਕਰੀਬ ਬਰਫਬਾਰੀ ਹੈ। ਇਸਦੇ ਇਲਾਵਾ ਇਸ ਤੂਫਾਨ ਨਾਲ ਹੋਈ ਭਾਰੀ ਬਾਰਸ਼ ਕਾਰਨ ਬਹੁਤ ਜਿਆਦਾ ਹੋਏ ਚਿੱਕੜ ਨੇ ਘਰਾਂ ਨੂੰ ਦੱਬ ਦਿੱਤਾ ਅਤੇ ਸੜਕਾਂ ਬੰਦ ਹੋਣ ਦੇ ਨਾਲ

ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਜਾਣ ਲਈ ਕਿਹਾ ਗਿਆ। ਜਦਕਿ ਪਹਾੜਾਂ ਵਿੱਚ, ਭਾਰੀ ਬਰਫਬਾਰੀ ਕਾਰਨ ਕਈ ਥਾਂਵਾਂ ਨੂੰ ਬੰਦ ਕਰਨਾ ਪਿਆ। ਇਸ ਤੂਫਾਨ ਦੇ ਪੂਰਬ ਵੱਲ ਜਾਣ ਕਰਕੇ 21 ਰਾਜ ਡਕੋਟਾ ਤੋਂ ਲੈ ਕੇ ਉੱਤਰੀ ਕੈਰੋਲਿਨਾ ਤੱਕ ਭਾਰੀ ਬਰਫਬਾਰੀ ਲਈ ਅਲਰਟ ਤੇ ਹਨ। ਸਿਕਾਗੋ ਲਈ ਵੀ ਸਰਦੀਆਂ ਦੀ ਤੂਫਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ, ਜਿੱਥੇ ਸ਼ਨੀਵਾਰ ਦੁਪਹਿਰ ਤੋਂ ਐਤਵਾਰ ਤੱਕ ਭਾਰੀ ਬਰਫਬਾਰੀ ਹੋਣ ਦੀ ਸੰਭਾਵਨਾ ਹੈ। ਇਸਦੇ ਇਲਾਵਾ ਵਾਸ਼ਿੰਗਟਨ, ਡੀ.ਸੀ.ਐਤਵਾਰ ਅਤੇ ਫਿਲਾਡੇਲਫੀਆ ਤੇ ਨਿ-ਊਯਾਰਕ ਸਿਟੀ ਸੋਮਵਾਰ ਤੱਕ ਤੂਫਾਨ ਦਾ ਸਾਹਮਣਾ ਕਰ ਸਕਦੇ ਹਨ। ਮੌਸਮ ਵਿਗਿਆਨੀਆਂ ਦੇ ਅਨਿ ਇਸ ਤੂਫਾਨ ਦੇ ਕਾਰਨ ਸਿਕਾਗੋ ਵਿੱਚ 5 ਤੋਂ 9 ਇੰਚ ਬਰਫ ਹੋਵੇਗੀ, ਜਦੋਂ ਕਿ ਵਾਸ਼ਿੰਗਟਨ, ਡੀ.ਸੀ. ਵਿੱਚ 4 ਤੋਂ 8, ਫਿਲਾਡੇਲਫੀਆ 'ਚ 5 ਤੋਂ 11, ਨਿਊਯਾਰਕ ਸਿਟੀ ਵਿੱਚ 6 ਤੋਂ 10 ਇੰਚ ਤੱਕ ਬਰਫ ਪੈਣ ਦੀ ਸੰਭਾਵਨਾ ਹੈ।

ਫਰਿਜ਼ਨੋ 'ਚ ਹੋਏ ਟਰੱਕ ਹਾਦਸੇ ਵਿੱਚ ਹੋਈ ਇੱਕ ਆਦਮੀ ਦੀ ਮੌਤ

ਫਰਿਜ਼ਨੋ (ਕੈਲੀਫੋਰਨੀਆ), 30 ਜਨਵਰੀ 2021– ਕੈਲੀਫੋਰਨੀਆ ਦੀ ਕਾਉਂਟੀ ਫਰਿਜ਼ਨੋ ਵਿੱਚ ਹੁੰਦੇ ਸੜਕ ਹਾਦਸਿਆਂ ਵਿੱਚ ਇੱਕ ਹੋਰ ਹਾਦਸਾ ਸ਼ਾਮਿਲ ਹੋ ਗਿਆ ਹੈ। ਕੈਲੀਫੋਰਨੀਆ ਹਾਈਵੇ ਪੈਟਰੋਲ (ਸੀ ਐਚ ਪੀ) ਦੇ ਅਨੁਸਾਰ ਫਰਿਜ਼ਨੋ ਵਿੱਚ ਸ਼ੁੱਕਰਵਾਰ ਦੀ ਰਾਤ ਨੂੰ ਹਾਈਵੇਅ 99 ਤੇ ਦੋ ਵਾਹਨਾਂ ਵਿਚਕਾਰ ਹੋਈ ਟੱਕਰ ਦੌਰਾਨ ਇੱਕ ਪਿਕਅਪ ਟਰੱਕ ਦੇ ਪਲਟਣ ਨਾਲ ਇਸਦੇ ਚਾਲਕ ਦੀ ਮੌਤ ਹੋ ਗਈ ਹੈ। ਸੀ ਐਚ ਪੀ ਦੇ ਬੁਲਾਰੇ ਮਾਈਕ ਸਲਾਸ ਦੇ ਅਨੁਸਾਰ, ਇਹ ਹਾਦਸਾ ਫਰਿਜ਼ਨੋ ਸਟ੍ਰੀਟ ਦੇ ਉੱਤਰ ਵਿੱਚ ਸ਼ਾਮ ਦੇ ਤਕਰੀਬਨ 5:30 ਵਜੇ



ਤੋਂ ਪਹਿਲਾਂ ਵਾਪਰਿਆ ਅਤੇ ਇਸ ਹਾਦਸੇ ਵਿੱਚ ਲਿੰਕਨ ਪਿਕਅਪ ਟਰੱਕ ਅਤੇ ਇੱਕ ਹੋਰ ਵਾਹਨ ਦਰਮਿਆਨ ਹੋਈ ਟੱਕਰ ਵਿੱਚ ਟਰੱਕ ਦੇ ਪਲਟਣ ਕਾਰਨ ਇਸਦਾ ਡਰਾਈਵਰ ਟਰੱਕ ਵਿੱਚੋਂ ਬਾਹਰ ਡਿੱਗ ਪਿਆ , ਜਿਸਨੂੰ ਕਿ ਮੌਕੇ 'ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਇਸ ਹਾਦਸੇ ਦੌਰਾਨ ਟਰੱਕ ਵਿਚ ਸਵਾਰ ਦੋ ਯਾਤਰੀ ਅਤੇ ਦੂਸਰੀ ਗੱਡੀ ਦੇ ਡਰਾਈਵਰ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ। ਪੁਲਿਸ ਅਧਿਕਾਰੀਆਂ ਅਨੁਸਾਰ ਇਸ ਹਾਦਸੇ ਸੰਬੰਧੀ ਨਸ਼ੇ ਜਾਂ ਅਲਕੋਹਲ ਦੇ ਕਾਰਕ ਸਾਹਮਣੇ ਨਹੀਂ ਆਏ ਹਨ। ਅਧਿਕਾਰੀਆਂ ਦੁਆਰਾ ਫਰਿਜ਼ਨੋ ਸਟ੍ਰੀਟ ਤੋਂ ਹਾਈਵੇਅ 99 ਤੇ ਹੋਏ ਜਾਨ ਲੇਵਾ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਅਮਰੀਕਾ ਨੇ ਜਨਵਰੀ ਮਹੀਨੇ ਵਿੱਚ 90,000 ਤੋਂ ਵੱਧ ਮੌਤਾਂ ਕੀਤੀਆਂ ਦਰਜ

ਫਰਿਜ਼ਨੋ (ਕੈਲੀਫੋਰਨੀਆ), 30 ਜਨਵਰੀ 2021– ਪਿਛਲੇ ਸਾਲ ਦੇ ਤਕਰੀਬਨ ਸ਼ੁਰੂ ਤੋਂ ਲੈ ਕੇ ਹੀ ਅਮਰੀਕਾ ਕੋਰੋਨਾਂ ਵਾਇਰਸ ਦਾ ਪ੍ਰਕੋਪ ਝੱਲ ਰਿਹਾ ਹੈ। ਇਸ ਜਾਨ ਲੇਵਾ ਵਾਇਰਸ ਨੇ ਲੱਖਾਂ ਹੀ ਅਮਰੀਕਾ ਵਾਸੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਨਵੇਂ ਸਾਲ ਦੇ ਪਹਿਲੇ ਮਹੀਨੇ ਵੀ ਦੇਸ਼ ਵਿੱਚ ਮੌਤਾਂ ਦੀ ਗਿਣਤੀ ਘੱਟ ਨਹੀਂ ਹੋਈ ਹੈ, ਸਗੋਂ ਜਨਵਰੀ ਮਹੀਨੇ ਵਿੱਚ ਰਿਕਾਰਡ ਪੱਧਰ 'ਤੇ ਕੋਰੋਨਾਂ ਮੌਤਾਂ ਹੋਈਆਂ ਹਨ। ਜੌਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਸੈਂਟਰ ਫਾਰ ਸਿਸਟਮ ਸਾਇੰਸ ਐਂਡ

ਇੰਜੀਨੀਅਰਿੰਗ ਦੇ ਰੀਅਲ ਟਾਈਮ ਅੰਕੜਿਆਂ ਅਨੁਸਾਰ, ਕੋਰੋਨਾ ਵਾਇਰਸ ਦੀ ਮਹਾਂਮਾਰੀ ਨੇ ਦੁਨੀਆ ਭਰ ਵਿੱਚ 101.9 ਮਿਲੀਅਨ ਤੋਂ ਵੱਧ ਲੋਕਾਂ ਨੂੰ ਸੰਕਰਮਿਤ ਕਰਨ ਦੇ ਨਾਲ 2.1 ਮਿਲੀਅਨ ਤੋਂ ਵੱਧ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ ।ਜਦਕਿ ਵਾਇਰਸ ਸੰਬੰਧੀ ਮੌਤਾਂ ਦੇ ਮਾਮਲੇ ਵਿੱਚ ਸੰਯੁਕਤ ਰਾਜ ਅਮਰੀਕਾ 'ਚ ਇਕੱਲੇ ਜਨਵਰੀ ਮਹੀਨੇ ਦੌਰਾਨ 90,000 ਤੋਂ ਵੱਧ ਕੋਵਿਡ -19 ਮੌਤਾਂ ਦਰਜ਼ ਹੋਈਆਂ ਹਨ।ਦੇਸ਼ ਵਿੱਚ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਜਨਵਰੀ ਦਾ ਮਹੀਨਾ ਲਗਭਗ 90,844 ਕੋਰੋਨਾਂ ਮੌਤਾਂ ਦੇ ਨਾਲ ਇੱਕ ਦਰਦਨਾਕ ਮਹੀਨਾ ਰਿਹਾ ਹੈ। ਇਸ ਮਹੀਨੇ ਦੀਆਂ ਮੌਤਾਂ ਦੇ ਨਾਲ ਸੰਯੁਕਤ ਰਾਜ ਵਿੱਚ ਕੋਰੋਨਾ ਵਾਇਰਸ ਦੀ ਮੌਤਾਂ ਦੀ ਕੁੱਲ ਗਿਣਤੀ ਤਕਰੀਬਨ 436,810 ਤੱਕ ਪਹੁੰਚ ਗਈ ਹੈ ,ਅਤੇ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ (ਸੀ.ਡੀ.ਸੀ) ਨੇ 20 ਫਰਵਰੀ ਤੱਕ 77,000 ਤੋਂ ਵੱਧ ਮੌਤਾਂ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਹਾਲਾਂਕਿ ਦੇਸ਼ ਦੇ ਕੁੱਝ ਖੇਤਰਾਂ ਵਿੱਚ ਰੋਜ਼ਾਨਾ ਕੇਸਾਂ ਅਤੇ ਹਸਪਤਾਲ ਦਾਖਲਾ ਘੱਟ ਹੋ ਰਿਹਾ ਹੈ, ਨਵੇਂ ਕੋਰੋਨਾ ਵਾਇਰਸ ਦੇ ਨਵੇਂ ਰੂਪਾਂ ਬਾਰੇ ਸਿਹਤ ਵਿਭਾਗ ਦੀਆਂ ਚਿੰਤਾਂਵਾਂ ਵੱਧ ਰਹੀਆਂ ਹਨ।

ਫੋਰਟ ਬਲਿਸ ਦੇ 11 ਫੌਜੀ ਕੈਮੀਕਲ ਪੀਣ ਨਾਲ ਹੋਏ ਬਿਮਾਰ

ਫਰਿਜ਼ਨੋ (ਕੈਲੀਫੋਰਨੀਆ), 30 ਜਨਵਰੀ 2021– ਅਮਰੀਕੀ ਸੈਨਾ ਦੇ ਤਕਰੀਬਨ 11 ਫੌਜੀ ਇੱਕ ਕੈਮੀਕਲ ਵਾਲੀ ਡਰਿੰਕ ਪੀਣ ਦੇ ਬਾਅਦ ਬਿਮਾਰ ਹੋਏ ਹਨ। ਇਸ ਸੰਬੰਧੀ ਸੈਨਾ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 11 ਫੌਜੀਆਂ ਦਾ ਸਮੂਹ ਵੀਰਵਾਰ ਦੇ ਦਿਨ ਫੋਰਟ ਬਲਿਸ ਵਿਖੇ ਈਥੇਲੀਨ ਗਲਾਈਕੋਲ ਕੈਮੀਕਲ ਪੀਣ ਨਾਲ ਬਿਮਾਰ ਹੋ ਗਏ ਸਨ। ਫੌਜ ਦੇ ਅਧਿਕਾਰੀਆਂ ਅਨੁਸਾਰ ਪੀੜਤ ਸੈਨਿਕ ਟੈਕਸਾਸ ਨਾਲ ਸੰਬੰਧਿਤ ਜਾਪਦੇ ਹਨ ਅਤੇ ਵਿਸ਼ਵਾਸ ਕੀਤਾ ਜਾ ਰਿਹਾ ਹੈ ਕਿ ਉਹ ਸ਼ਰਾਬ ਪੀ ਰਹੇ ਸਨ। ਇਸ ਮਾਮਲੇ ਬਾਰੇ ਲੈਫਟੀਨੈਂਟ ਕਰਨਲ ਐਲੀ ਪੇਨੇ ਨੇ ਦੱਸਿਆ ਕਿ 28 ਜਨਵਰੀ ਨੂੰ ਫੋਰਟ ਬਲਿਸ ਦੇ 11 ਸਿਪਾਹੀ ਖੇਤਰੀ ਸਿਖਲਾਈ ਅਭਿਆਸ ਦੌਰਾਨ ਕਿਸੇ ਅਣਜਾਣ ਪਦਾਰਥ ਨੂੰ ਪੀਣ ਤੋਂ ਬਾਅਦ

ਜ਼ਖਮੀ ਹੋ ਗਏ ਸਨ। ਇਸ ਸੰਬੰਧੀ ਸ਼ੁਰੂਆਤੀ ਰਿਪੋਰਟਾਂ ਤੋਂ ਸਾਹਮਣੇ ਆਇਆ ਹੈ ਕਿ ਇਹਨਾਂ ਸੈਨਿਕਾਂ ਨੇ ਸ਼ਰਾਬ ਸੰਬੰਧੀ ਭੁਲੇਖੇ ਨਾਲ ਇਸ ਕੈਮੀਕਲ ਨੂੰ ਪੀਤਾ। ਅਧਿ-ਕਾਰੀਆਂ ਅਨੁਸਾਰ 11 ਵੀਂ ਏਅਰ ਡਿਫੈਂਸ ਆਰਟਿਲਰੀ ਬੈਰਿਗੇਡ ਨਾਲ ਸੰਬੰਧਿਤ ਇਹਨਾਂ ਸੈਨਿਕਾਂ ਨੇ 10 ਦਿਨਾਂ ਦੀ ਖੇਤਰੀ ਸਿਖਲਾਈ ਐਕ-ਸਰਸਾਈਜ਼ ਦੇ ਆਖ਼ਰੀ ਦਿਨ ਇਸ ਪਦਾਰਥ ਨੂੰ ਪੀਤਾ ਜਿਸ ਕਾਰਨ ਉਹ ਬਿਮਾਰ ਹੋਏ ਅਤੇ ਸੈਨਿਕਾਂ ਨੂੰ ਵਿਲੀਅਮ ਬੀਊਮੋਂਟ ਆਰਮੀ ਮੈਡੀਕਲ ਸੈਂਟਰ ਵਿੱਚ ਇਲਾਜ ਲਈ ਭੇਜਿਆ ਗਿਆ। ਅਧਿਕਾਰੀਆਂ ਅਨੁਸਾਰ ਵੀਰਵਾਰ ਨੂੰ ਦੋ ਫੌਜੀ ਗੰਭੀਰ ਰੂਪ ਵਿੱਚ ਬਿਮਾਰ ਸਨ ਅਤੇ ਆਈ ਸੀ ਯੂ ਵਿੱਚ ਦਾਖਲ ਸਨ।ਸੈਨਾ ਇਸ ਘਟਨਾ ਦੀ ਜਾਂਚ ਕਰ ਰਹੀ ਹੈ ਜਦੋਂ ਕਿ ਅਧਿਕਾਰੀਆਂ ਅਨੁਸਾਰ ਇਹ ਫਿਲਹਾਲ ਅਜੇ ਅਸਪੱਸ਼ਟ ਹੈ ਕਿ ਸਿਪਾਹੀਆਂ ਨੇ ਕਿੰਨਾ ਕੈਮੀਕਲ ਪੀਤਾ ਹੈ।

NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਅਮਰੀਕਾ ਵਿੱਚ ਕੋਰੋਨਾ ਪ੍ਰਭਾਵਿਤ ਮਰੀਜ਼ਾਂ ਨਾਲੋ ਵੱਧ ਲੋਕਾਂ ਨੂੰ ਲੱਗਿਆ ਕੋਰੋਨਾ ਟੀਕਾ

ਫਰਿਜ਼ਨੋ (ਕੈਲੀਫੋਰਨੀਆ), 2 ਫਰਵਰੀ 2021– ਅਮਰੀਕਾ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਤੋਂ ਨਿਜਾਤ ਪਾਉਣ ਦੀ ਉਮੀਦ ਨਾਲ ਸ਼ੁਰੂ ਕੀਤੀ ਗਈ ਟੀਕਾਕਰਨ ਪ੍ਰਕਿਰਿਆ ਜਾਰੀ ਹੈ। ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਲੋਕ ਕੋਰੋਨਾ ਵਾਇਰਸ ਤੋਂ ਪੈਰਭਾਵਿਤ ਹੋਏ ਹਨ ਅਤੇ ਇਸ ਗਿਣਤੀ ਨੂੰ ਘੱਟ ਕਰਨ ਲਈ ਕੋਰੋਨਾ ਵਾਇਰਸ ਦਾ ਟੀਕਾ ਬਹੁਤ ਜਰੂਰੀ ਹੈ। ਇਸ ਵੇਲੇ ਚੱਲ ਰਹੀ ਟੀਕਾਕਰਨ ਮੁਹਿੰਮ ਵਿੱਚ ਇੱਕ ਰਿਪੋਰਟ ਦੇ ਅਨੁਸਾਰ, ਦੇਸ਼ ਭਰ ਵਿੱਚ ਕੋਰੋਨਾ ਨਾਲ ਬਿਮਾਰ ਹੋਏ ਲੋਕਾਂ ਨਾਲੋਂ ਸੋਮਵਾਰ ਤੱਕ ਜਿਆਦਾ ਅਮਰੀਕਾ ਵਾਸੀਆਂ ਨੂੰ ਕੋਵਿਡ -19 ਲਈ ਟੀਕਾ ਲਗਾਇਆ ਗਿਆ ਹੈ। ਇਸ ਸੰਬੰਧੀ ਬਲੂਮਬਰਗ ਟੀਕਾ ਟਰੈਕਰ ਦੇ ਅਨੁਸਾਰ, ਮਹਾਂਮਾਰੀ

ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਯੂ ਐਸ ਦੇ 26.5 ਮਿਲੀਅਨ ਲੋਕਾਂ ਨੂੰ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਮਿਲੀ ਹੈ, ਜੋ ਕਿ 26.2 ਮਿਲੀਅਨ ਕੋਰੋਨਾ ਵਾਇਰਸ ਨਾਲ ਪੀੜਤ ਹੋਏ ਲੋਕਾਂ ਦੀ ਗਿਣਤੀ ਨਾਲੋਂ ਵੱਧ ਹੋ ਗਈ ਹੈ।

ਬਲੂਮਬਰਗ ਦੇ ਅਨੁਸਾਰ,ਅਮਰੀਕਾ ਇਸ ਸਮੇਂ ਰੋਜ਼ਾਨਾ ਕੋਰੋਨਾ ਵਾਇਰਸ ਟੀਕੇ ਦੀਆਂ ਦਰਾਂ ਵਿੱਚ ਵਿਸ਼ਵ ਦੀ ਅਗਵਾਈ ਕਰ ਰਿਹਾ ਹੈ ਅਤੇ ਦੇਸ਼ ਵਿੱਚ ਬਲੂਮਬਰਗ ਦੇ ਅਨੁਸਾਰ ਦੇਸ਼ ਵਿੱਚ ਪ੍ਰਤੀ ਦਿਨ ਲੱਗਭਗ 1.35 ਮਿਲੀਅਨ ਕੋਰੋਨਾ ਟੀਕੇ ਦੀਆਂ ਖੁਰਾਕਾਂ ਦਿੱਤੀਆਂ ਜਾਂਦੀਆਂ ਹਨ। ਇਸਦੇ ਇਲਾਵਾ ਰਿਪੋਰਟ ਅਨੁਸਾਰ ਲੱਗਭਗ 7.8% ਅਮਰੀਕੀ ਲੋਕਾਂ ਨੇ ਕੋਵਿਡ -19 ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਪ੍ਰਾਪਤ ਕੀਤੀ ਹੈ, ਜਦੋਂ ਕਿ 1.8% ਆਬਾਦੀ ਨੂੰ ਕੋਰੋਨਾ ਵਾਇਰਸ ਦਾ ਪੂਰਾ ਟੀਕਾ ਲਗਾਇਆ ਗਿਆ ਹੈ।

ਗੜੀ ਅਜੀਤ ਸਿੰਘ ਦੀ ਧੀ ਬਣੀ ਜੱਜ, ਕੀਤਾ ਵਿਸੇਸ਼ ਸਨਮਾਨ

ਲ਼ਸਾੜਾ/ਉੜਾਪੜ ਬੱਗਾ ਸੇਲਕੀਆਣਾ – ਬੜੀ ਅਪਾਰ ਕਿਰਪਾ ਹੈ ਕਿ ਸਾਡੇ ਰਹਿਬਰਾਂ ਨੇ ਆਪਣੀ ਜਿੰਦਗੀ ਦੀ ਪ੍ਰਵਾਹ ਕੀਤੇ ਬਿਨਾਂ ਸਾਨੂੰ ਹਰ ਹੱਕ ਸਮੇ ਦੀਆਂ ਸਰਕਾਰਾਂ ਨਾਲ ਸੰਘਰਸ ਕਰਕੇ ਲੈ ਕੇ ਦਿਤੇ ਜਿਨਾਂ ਦੀ ਬਦੋਲਤ ਅੱਜ ਅਸੀਂ ਇਸ ਮੁਕਾਮ ਤੇ ਪੁੱਜੇ ਹਾਂ ਤੇ ਤਰੱਕੀਆਂ ਕਰ ਰਹੇਂ ਹਾਂ ਤੇ ਇਹ ਤਰੱਕੀ ਸਾਡੇ ਸਮਾਜ ਨੂੰ ਅੱਗੇ ਵੱਧਣ ਚ ਕਾਰਗਰ ਸਾਬਿਤ ਹੋ ਰਹੀ ਹੈ ਤੇ ਬੜੀ ਮਿਹਨਤ ਮੁਸ਼ੱਕਤ ਕਰਕੇ ਪਿੰਡ ਗੜੀ ਅਜੀਤ ਸਿੰਘ ਦੇ ਸੁਰਜੀਤ ਧੀਰ ਯੂਕੇ ਅਤੇ ਮੁੱਖਵਿੰਦਰ ਕੋਰ ਦੀ ਹੋਣਹਾਰ ਧੀ ਪ੍ਰਮਿੰਦਰ ਪਿੰਦੂ ਜੋ ਜੱਜ ਬਣੀ ਤੇ ਪਿੰਡ ਦਾ ਨਾਂਮ ਉਚਾ ਕੀਤਾ ਜਿਸ ਨੂੰ ਮੁੱਖ ਰੱਖਦੇ ਹੋਏ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਪੰਜਾਬ, ਸਤਿਗੁਰੂ ਰਵਿਦਾਸ ਸਭਾ, ਡਾ. ਭੀਮ ਰਾਓ ਅੰਬੇਡਕਰ ਸੋਸਾਇਟੀ ਤੇ ਵਾਸੌਂਆਂ ਵਲੋਂ ਪ੍ਰਮਿੰਦਰ ਪਿੰਦੂ ਦਾ ਪਿੰਡ ਪਹੁੰਚਣ ਤੇ ਭਰਵਾ ਸਵਾਗਤ ਅਤੇ ਭਾਰਤੀ ਸੰਵਿਧਾਨ ਦੀ ਕਾਪੀ,ਫੁੱਲਾਂ ਦੇ ਹਾਰ ਤੇ ਲੋਈ ਦੇ ਕੇ ਵਿਸੇਸ਼ ਸਨਮਾਨ ਕੀਤਾ ਗਿਆ ਇਸ ਮੋਕੇ ਰੂਪ ਲਾਲ ਧੀਰ ਤੇ ਨੰਬਰਦਾਰ ਰਾਜ ਕੁਮਾਰ ਨੇ ਆਖਿਆ ਕਿ ਸਾਡੇ ਸਮਾਜ ਲਈ ਤੇ ਸਾਡੇ ਇਲਾਕੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਸਤਿਗੁਰ

ਰਵਿਦਾਸ ਜੀ ਅਤੇ ਬਾਬਾ ਸਾਹਿਬ ਦੀ ਬਦੋਲਤ ਹੀ ਅੱਜ ਇਸ ਮੁਕਾਮ ਤੇ ਪੁੱਜੇ ਹਾਂ ਉਨਾਂ ਪ੍ਰਮਿੰਦਰ ਪਿੰਦੂ ਤੇ ਉਨਾਂ ਦੇ ਪਰਿਵਾਰ ਨੂੰ ਵਧਾਈ ਦਿਤੀ ਇਸ ਮੋਕੇ ਜੱਜ ਬਣੀ ਪ੍ਰਮਿੰਦਰ ਪਿੰਦੂ ਨੇ ਪਰਿਵਾਰਕ ਮੈਂਬਰ ਸਾਹਿਬਾਨਾਂ ਤੇ ਸਾਰੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਇੰਨਾ ਮਾਣ ਸਤਿਕਾਰ ਦਿਤਾ ਪਿੰਦੂ ਨੇ ਆਖਿਆ ਕਿ ਇਹ ਸਭ ਉਨਾਂ ਮਹਾਨ ਰਹਿਬਰਾਂ ਦੀ ਦੇਣ ਹੈ ਉਨਾ ਸਾਰੇ ਬੱਚਿਆਂ ਨੂੰ ਅਪੀਲ ਕੀਤੀ ਕਿ ਆਉਣ ਵਾਲਾ ਸਿੱਖਿਆ ਦਾ ਹੈ ਤੇ ਸਿਖਿਅਤ ਹੋਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੋਕੇ ਰੂਪ ਲਾਲ ਧੀਰ, ਨੰਬਰਦਾਰ ਰਾਜ ਦਦਰਾਲ, ਨਿਰਮਲ ਕੋਰ ਸਾ. ਸਰਪੰਚ, ਗੋਬਿੰਦ ਧੀਰ, ਮਨੋਹਰ ਧੀਰ, ਜੋਗਾ ਸਿੰਘ ਧੀਰ, ਬਲਵੀਰ ਦਦਰਾਲ, ਜਸਪਾਲ ਧੀਰ, ਕਪਲਵੀਰ ਧੀਰ, ਪ੍ਰਭਜੋਤ ਸਿੰਘ,ਸਤਵਿੰਦਰ, ਜਸਵੰਤ ਰਾਮ ਆਦਿ ਹਾਜਰ ਸਨ।

ਜਲਾਲਾਬਾਦ 'ਚ ਪਰਚੇ ਭਰਨ ਸਮੇਂ ਸੁਖਬੀਰ ਬਾਦਲ ਦੀ ਗੱਡੀ ਦੇ ਸ਼ੀਸ਼ੇ ਭੰਨੇ

ਜਲਾਲਾਬਾਦ– ਜਲਾਲਾਬਾਦ ਦੀਆਂ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਤਹਿਸੀਲ ਕੰਪਲੈਕਸ 'ਚ ਨਾਮਜ਼ਦਗੀ ਦਾਖਲ ਕਰਨ ਵੇਲੇ ਅਕਾਲੀਆਂ ਤੇ ਕਾਂਗਰਸੀਆਂ ਦੀ ਅੱਜ ਆਪਸ ਵਿਚ ਤਿੱਖੀ ਝੜਪ ਹੋਈ। ਹਾਲਾਤ ਉਸ ਵੇਲੇ ਵਿਗੜ ਗਏ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਆਪਣੇ ਵਰਕਰਾਂ ਸਹਿਤ ਪੁੱਜੇ ਤੇ ਦੋਵਾਂ ਧਿਰਾਂ ਦਰਮਿਆਨ ਖਿੱਚਧੂਹ ਹੋਈ। ਇਸ ਮੌਕੇ ਬਾਦਲ ਦੀ ਗੱਡੀ ਘੇਰੀ ਗਈ ਜਿਸ ਤੋਂ ਬਾਅਦ ਦੋਵੇਂ ਧਿਰਾਂ ਵਲੋਂ ਇਕ ਦੂਜੇ 'ਤੇ ਇੱਟਾਂ, ਪੱਥਰਾਂ ਤੇ ਡਾਂਗਾਂ ਨਾਲ ਹਮਲਾ ਕੀਤਾ ਗਿਆ ਤੇ ਗੋਲੀਆਂ ਵੀ ਚੱਲੀਆਂ। ਦੂਜੇ ਪਾਸੇ ਕਾਂਗਰਸੀਆਂ ਨੇ ਦੋਸ਼ ਲਾਇਆ ਕਿ ਸੁਖਬੀਰ ਗੈਂਗਸਟਰਾਂ ਤੇ ਹੋਰ ਵਰਕਰਾਂ ਨਾਲ ਆਏ ਤੇ ਆਉਂਦੇ ਹੀ ਧੱਕਾਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਇਸ ਘਟਨਾ 'ਚ ਦੋ ਜਣਿਆਂ ਨੂੰ ਗੋਲੀਆਂ ਲੱਗੀਆਂ ਤੇ ਕੁੱਲ ਛੇ ਜਣੇ ਜ਼ਖ਼ਮੀ ਹੋ ਗਏ। ਇਸ ਮੌਕੇ ਜਿਲਾ ਪੁ-

ਲੀਸ ਮੁਖੀ ਹਰਜੀਤ ਸਿੰਘ ਪੁਲੀਸ ਬਲ ਨਾਲ ਪੁੱਜੇ ਤੇ ਭੀੜ ਨੂੰ ਖਿੰਡਾ ਦਿੱਤਾ। ਇਸ ਤੋਂ ਬਾਅਦ ਅਕਾਲੀ ਦਲ ਵਲੋਂ ਆਪਣੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਗਏ। ਪੱਤਰ ਦਾਖਲ ਕਰਨ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਆਪਣੇ ਵਰਕਰਾਂ ਨਾਲ ਸ਼ਹੀਦ ਊਧਮ ਸਿੰਘ ਚੌਕ ਪਹੁੰਚੇ ਜਿੱਥੇ ਉਹਨਾਂ ਨਾਲ ਜਨਮੇਜਾ ਸਿੰਘ ਸੇਖੋਂ, ਰੋਜ਼ੀ ਬਰਕੰਦੀ, ਵਰਦੇਵ ਸਿੰਘ ਮਾਨ, ਬੌਬੀ ਮਾਨ, ਪ੍ਰਕਾਸ਼ ਸਿੰਘ ਭੱਟੀ, ਸਤਿੰਦਰਜੀਤ ਸਿੰਘ ਮੰਟਾ ਤੇ ਵੱਡੀ ਗਿਣਤੀ ਵਰਕਰ ਪਹੁੰਚੇ ਜਿੱਥੇ ਉਹਨਾਂ ਪੁਲੀਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਕੀਤੇ। ਅਕਾਲੀਆਂ ਨੇ ਕਿਹਾ ਕਿ ਉਹਨਾਂ ਦੇ ਵਰਕਰਾਂ 'ਤੇ ਜਾਨਲੇਵਾ ਹਮਲਾ ਕਰਨ ਵਾਲਿਆਂ 'ਤੇ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਜਾਵੇ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਏ ਸੀ ਐਲ ਯੂ ਨੇ ਪਹਿਲੀ ਵਾਰ ਗੈਰ ਗੋਰੀ ਔਰਤ ਨੂੰ ਚੁਣਿਆ ਪ੍ਰਧਾਨ

ਫਰਿਜ਼ਨੋ (ਕੈਲੀਫੋਰਨੀਆ), 2 ਫਰਵਰੀ 2021– ਅਮੈਰੀਕਨ ਸਿਵਲ ਲਿਬਰਟੀਜ਼ ਯੂਨੀਅਨ(ਏ ਸੀ ਐਲ ਯੂ) ਨੇ ਆਪਣੇ 101 ਸਾਲਾਂ ਦੇ ਇਤਿਹਾਸ ਵਿੱਚ ਨਿਊਯਾਰਕ ਯੂਨੀਵਰਸਿਟੀ ਸਕੂਲ ਆਫ਼ ਲਾਅ ਦੀ ਪੈਰੋਫੈਸਰ ਡੇਬਰਾਹ ਆਰਚਰ ਦੇ ਰੂਪ ਵਿੱਚ ਪਹਿਲੀ ਗੈਰ ਗੋਰੀ ਬਲੈਕ ਮੂਲ ਦੀ ਔਰਤ ਨੂੰ ਆਫ਼ਣਾ ਪੈਰੈਜ਼ੀਡੈਂਟ ਚੁਣਿਆ ਹੈ।ਏ ਸੀ ਐਲ ਯੂ ਨੇ ਇਸ ਸੰਬੰਧੀ ਸੋਮਵਾਰ ਨੂੰ ਘੋਸ਼ਣਾ ਕਰਦਿਆਂ ਦੱਸਿਆ ਕਿ ਆਰਚਰ ਨੂੰ ਹਫਤੇ ਦੇ ਅੰਤ ਵਿੱਚ ਸੰਸਥਾ ਦੇ 69 ਮੈਂਬਰੀ ਬੋਰਡ ਆਫ਼ ਡਾਇਰੈਕਟਰਜ਼ ਦੀ ਇੱਕ ਵਰਚੁਅਲ ਮੀਟਿੰਗ ਦੌਰਾਨ ਚੁਣਿਆ ਗਿਆ ਹੈ ।1920 ਤੋਂ ਚੱਲ ਰਹੀ ਏ ਸੀ ਐਲ ਯੂ ਦੀ ਅੱਠਵੀ ਪ੍ਰਧਾਨ ਹੋਣ ਦੇ ਨਾਤੇ, ਆਰਚਰ ਸੰਗਠਨ ਦੇ ਮਾਮਲਿਆਂ ਅਤੇ ਨਾਗਰਿਕ ਸੁਤੰਤਰਤਾ ਸੰਬੰਧੀ ਨੀਤੀਆਂ ਦੀ ਨਿਗਰਾਨੀ ਕਰਨ ਵਾਲੇ ਮੰਡਲ ਦੀ ਚੇਅਰਮੈਨ ਵਜੋਂ ਕੰਮ ਕਰੇਗੀ ਅਤੇ ਆਰਚਰ ਕੋਲੋਂ ਨਸਲੀ ਬੇਇਨਸਾਫੀ ਦੇ ਖਿਲਾਫ ਲੜਾਈ ਨੂੰ ਤਰਜੀਹ ਦੀ ਉਮੀਦ ਹੈ। ਸਾਬਕਾ ਰਾਸ਼ਟਰ-ਪਤੀ ਡੋਨਾਲਡ ਟਰੰਪ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ,

ਏ ਸੀ ਐਲ ਯੂ ਨੇ ਅਪੈਰਵਾਸੀਆਂ ਦੇ ਅਧਿਕਾਰਾਂ, ਵੋਟ ਦੇ ਅਧਿਕਾਰਾਂ, ਨਸਲੀ ਨਿਆਂ ਅਤੇ ਹੋਰ ਮੁੱਦਿਆਂ ਨਾਲ ਜੁੜੀਆਂ ਨੀਤੀਆਂ ਨੂੰ ਚੁਣੌਤੀ ਦੇਣ ਲਈ ਪੈਰਸ਼ਾਸਨ ਦੇ ਵਿਰੁੱਧ 413 ਮੁਕੱਦਮੇ ਅਤੇ ਹੋਰ ਕਾਨੂੰਨੀ ਕਾਰਵਾਈਆਂ ਦਾਇਰ ਕੀਤੀਆਂ ਸਨ। ਆਪਣੇ ਕੈਰੀਅਰ ਦੇ ਅਰੰਭ ਵਿੱਚ, ਆਰਚਰ ਯੇਲ ਲਾਅ ਸਕੂਲ ਤੋਂ ਗੈਰੈਜੂਏਟ ਹੋਣ ਤੋਂ ਬਾਅਦ 1997-98 ਵਿੱਚ ਏ ਸੀ ਐਲ ਯੂ ਵਿਚ ਕਾਨੂੰਨੀ ਫੈਲੋ ਸੀ। ਇਸ ਦੇ ਬਾਅਦ ਆਰਚਰ 2009 ਤੋਂ ਏ ਸੀ ਐਲ ਯੂ ਦੇ ਬੋਰਡ ਦੀ ਮੈਂਬਰ ਅਤੇ ਸਾਲ 2017 ਤੋਂ ਇਸਦੀ ਜਨਰਲ ਸਲਾਹਕਾਰ ਅਤੇ ਬੋਰਡ ਦੀ ਕਾਰਜਕਾਰੀ ਕਮੇਟੀ ਦੀ ਮੈਂਬਰ ਵੀ ਰਹੀ ਹੈ। ਇਸਦੇ ਇਲਾਵਾ ਐਨ ਵਾਈ ਯੂ ਲਾਅ ਸਕੂਲ ਵਿਚ, ਆਰਚਰ ਕਲੀਨਿਕਲ ਲਾਅ ਦੀ ਪੈਰੋਫੈਸਰ ਹੋਣ ਦੇ ਨਾਲ ਸਿਵਲ ਰਾਈਟਸ ਕਲੀਨਿਕ ਦੀ ਡਾਇਰੈਕਟਰ ਵੀ ਹੈ। ਇੰਨਾ ਹੀ ਨਹੀ ਆਰਚਰ ਦੁਆਰਾ ਨਿਊਯਾਰਕ ਸਿਟੀ ਸਿਵਲਿਅਨ ਸ਼ੈਕਾਇਤ ਸਮੀਖਿਆ ਬੋਰਡ ਦੀ ਚੇਅਰ ਪਰਸਨ ਵਜੋਂ ਸੇਵਾ ਨਿਭਾਉਣ ਦੇ ਨਾਲ ਐਨ ਏ ਏ ਸੀ ਪੀ ਵਿੱਚ ਸਹਾਇਕ ਸਲਾਹਕਾਰ ਵਜੋਂ ਵੀ ਕੰਮ ਕੀਤਾ ਹੈ।

ਅਮਰੀਕਾ ਵਿੱਚ ਜਲਦ ਹੀ ਵੈਂਡਿੰਗ ਮਸ਼ੀਨਾਂ ਰਾਹੀਂ ਮਿਲੇਗੀ ਕੋਰੋਨਾਂ ਵਾਇਰਸ ਟੈਸਟ ਕਿੱਟ

ਫਰਿਜ਼ਨੋ (ਕੈਲੀਫੋਰਨੀਆ), 2 ਫਰਵਰੀ 2021– ਕੋਰੋਨਾਂ ਵਾਇਰਸ ਮਹਾਂਮਾਰੀ ਦੀ ਲਾਗ ਨੂੰ ਫੈਲਣ ਤੋਂ ਰੋਕਣ ਲਈ ਇਸ ਦਾ ਟੈਸਟ ਕਰਵਾਉਣਾ ਬਹੁਤ ਜਰੂਰੀ ਹੈ। ਟੈਸਟ ਦੇ ਨਤੀਜੇ ਨੂੰ ਧਿਆਨ ਵਿੱਚ ਰਖਦਿਆਂ ਹੋਇਆ ਇਸ ਵਾਇਰਸ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ । ਇਸ ਲਈ ਅਮਰੀਕਾ ਵਿੱਚ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਅਤੇ ਸਰਲ ਬਣਾਉਣ ਲਈ ਕੋਰੋਨਾ ਟੈਸਟ ਕਿੱਟਾਂ ਨੂੰ ਵੈਂਡਿੰਗ ਮਸ਼ੀਨਾਂ ਰਾਹੀ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਮਰੀਕੀ ਲੋਕ ਜਲਦੀ ਹੀ ਦੇਸ਼ ਭਰ ਦੇ ਕਰਿਆਨਾ ਸਟੋਰ, ਸ਼ਾਪਿੰਗ ਮਾਲ, ਹਵਾਈ ਅੱਡਿਆਂ ਅਤੇ ਸਬਵੇਅ ਸਟੇਸ਼ਨਾਂ ਆਦਿ 'ਤੇ ਇੱਕ ਨਵੀਂ ਵੈਂਡਿੰਗ ਮਸ਼ੀਨ ਨੂੰ ਵੇਖਣਗੇ। ਇਹਨਾਂ ਵੈਂਡਿੰਗ ਮਸ਼ੀਨਾਂ ਦੁਆਰਾ ਸੰਪਰਕ ਰਹਿਤ ਕੋਰੋਨਾ ਟੈਸਟਿੰਗ ਕਿੱਟਾਂ ਦੀ ਪੇਸ਼ਕਸ਼ ਕਰਨ ਲਈ ਸਟਾਰਟਅਪ ਵੈਲਨੈਸ ਫਾਰ ਹਿਊਮੈਨਟੀ ਨੇ ਮੈਡੀਕਲ ਡਿਵਾਈਸ ਕੰਪਨੀ ਸਪੈਕਟ੍ਰਮ ਸਲਿਊਸ਼ਨਜ਼ ਤੇ ਸੌਫਟਵੇਅਰ ਅਤੇ ਟੈਕਨੋਲੋਜੀ ਸਰਵਿਸਿਜ਼ ਕੰਪਨੀ ਸਵਾਈਫਟ ਨਾਲ ਸਾਂਝੇਦਾਰੀ ਕੀਤੀ ਹੈ ।ਇਸ ਮਸ਼ੀਨ ਰਾਹੀ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫ ਡੀ ਏ) ਦੁਆਰਾ ਅਧਿਕਾਰਤ ਕੋਵਿਡ -19 ਲਈ ਥੁੱਕ ਟੈਸਟ ਦੀ ਟੈਸਟ ਕਿੱਟ ਪ੍ਰਧਾਨ ਕੀਤੀ

ਜਾਵੇਗੀ। ਇਸ ਕੰਪਨੀ ਨੇ ਹਾਲ ਹੀ ਵਿੱਚ ਨਿਊਯਾਰਕ 'ਚ ਪਹਿਲੀ ਵੈਂਡਿੰਗ ਮਸ਼ੀਨ ਦਾ ਉਦਘਾਟਨ ਕੀਤਾ ਹੈ ਅਤੇ ਅਗਲੇ ਛੇ ਮਹੀਨਿਆਂ ਵਿੱਚ ਦੇਸ਼ ਭਰ ਵਿੱਚ ਹਜ਼ਾਰਾਂ ਮਸ਼ੀਨਾਂ ਨੂੰ ਲਗਾਉਣ ਦੀ ਯੋਜਨਾ ਹੈ। ਕੰਪਨੀ ਅਨੁਸਾਰ ਮੌਜੂਦਾ ਸਮੇਂ ਕੋਰੋਨਾ ਵਾਇਰਸ ਟੈਸਟਿੰਗ ਲਈ ਜਿਆਦਾ ਸਮਾਂ ਉਡੀਕ ਕਰਨੀ ਪੈਂਦੀ ਹੈ ਖ਼ਾਸਕਰ ਨਿਊਯਾਰਕ ਵਰਗੇ ਪ੍ਰਮੁੱਖ ਸ਼ਹਿਰਾਂ ਵਿੱਚ ਲੰਮੀਆਂ ਲਾਈਨਾਂ ਵੀ ਲੱਗ ਜਾਂਦੀਆਂ ਹਨ।

ਇਸ ਲਈ ਇਹਨਾਂ ਵੈਂਡਿੰਗ ਮਸ਼ੀਨਾਂ ਨਾਲ ਵਾਇਰਸ ਸੰਬੰਧੀ ਟੈਸਟ ਨੂੰ ਤੇਜ਼ ਅਤੇ ਸਰਲ ਬਣਾਉਣ ਵਿੱਚ ਮਦਦ ਮਿਲੇਗੀ ਅਤੇ ਇਹਨਾਂ ਟੈਸਟ ਕਿੱਟਾਂ ਦੀ ਕੀਮਤ 119 ਤੋਂ 149 ਡਾਲਰ ਤੱਕ ਹੋ ਸਕਦੀ ਹੈ।ਇਸਦੇ ਇਲਾਵਾ ਇਹਨਾਂ ਟੈਸਟ ਕਿੱਟਾਂ ਵਿੱਚ ਇੱਕ ਥੁੱਕ ਇਕੱਠਾ ਕਰਨ ਵਾਲਾ ਉਪਕਰਣ, ਬਾਇਓਹਾਜ਼ਰਡ ਬੈਗ, ਰਿਟਰਨ ਸ਼ਾਪਿੰਗ ਲੇਬਲ ਅਤੇ ਉਪਭੋਗਤਾ ਗਾਈਡ ਆਦਿ ਸ਼ਾਮਿਲ ਹਨ। ਇਹ ਟੈਸਟ ਕਿੱਟਾਂ ਸਿਹਤ ਯੋਜਨਾ ਦੇ ਅਧਾਰ ਤੇ ਬੀਮੇ ਦੁਆਰਾ ਕਵਰ ਕੀਤੀਆਂ ਜਾ ਸਕਦੀਆਂ ਹਨ ਅਤੇ ਵੈਲਨੈਸ ਫਾਰ ਹਿਊਮੈਨਟੀ ਅਤੇ ਐਮਾਜ਼ਾਨ. ਕਾਮ ਦੁਆਰਾ ਘਰ ਦੀ ਡਿਲੀਵਰੀ ਲਈ ਵੀ ਉਪਲੱਬਧ ਹਨ।

ਅਮਰੀਕਾ ਵਿੱਚ ਸਰਦੀਆਂ ਦੇ ਬਰਫੀਲੇ ਤੂਫਾਨ ਨੇ ਕੀਤਾ ਜਨ-ਜੀਵਨ ਪ੍ਰਭਾਵਿਤ

ਫਰਿਜ਼ਨੋ (ਕੈਲੀਫੋਰਨੀਆ), 2 ਫਰਵਰੀ 2021– ਅਮਰੀਕਾ ਵਿੱਚ ਸਰਦੀਆਂ ਦਾ ਬਰਫੀਲਾ ਤੂਫਾਨ ਲੱਗਭਗ 70 ਮਿਲੀਅਨ ਅਮਰੀਕੀਆਂ ਨੂੰ ਪੈਰਭਾਵਿਤ ਕਰ ਰਿਹਾ ਹੈ। ਇਸ ਭਾਰੀ ਬਰਫਬਾਰੀ ਨਾਲ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਨਿਊਯਾਰਕ , ਫਿਲਡੇਲਫਿਆ , ਬੋਸਟਨ ਸਮੇਤ ਕਈ ਹੋਰਾਂ ਵਿੱਚ ਰੋਜ਼ਮਰਾ ਜਿੰਦਗੀ ਪੈਰਭਾਵਿਤ ਹੋਈ ਹੈ। ਇਸ ਬਰਫੀਲੇ ਤੂਫਾਨ ਨੇ ਦੋ ਦਿਨਾਂ ਦੌਰਾਨ ਸਭ ਤੋਂ ਜਿਆਦਾ ਬਰਫਬਾਰੀ ਕਰਨ ਤੋਂ ਬਾਅਦ ਪੂਰਬ ਵੱਲ ਮਾਰਚ ਕੀਤਾ ਹੈ । ਅਮਰੀਕੀ ਸ਼ਹਿਰ ਸ਼ੈਕਾਗੋ ਵਿੱਚ ਦੋ ਦਿਨਾਂ ਦੌਰਾਨ ਕੈਰਮਵਾਰ 10 ਅਤੇ 13 ਇੰਚ ਬਰਫਬਾਰੀ ਹੋਈ ਹੈ। ਇਸਦੇ ਇਲਾਵਾ ਐਲੇਨਟਾ ,ਪੈਨਸਿਲਵੇਨੀਆ ਵਿੱਚ ਐਤਵਾਰ ਨੂੰ 10 ਇੰਚ ਤੱਕ ਬਰਫ ਪੈਣ ਦੇ ਨਾਲ ਕੇਂ-ਦਰੀ ਅਤੇ ਉੱਤਰੀ ਨਿਊਜਰਸੀ ਵਿੱਚ ਸੋਮਵਾਰ ਦੁਪਹਿਰ ਤੱਕ 19 ਇੰਚ ਤੱਕ ਬਰਫਬਾਰੀ ਦਰਜ਼ ਕੀਤੀ ਗਈ। ਵਾਸ਼ੈਂਗਟਨ, ਡੀ.ਸੀ., ਵਿੱਚ ਵੀ 2.6 ਇੰਚ ਤੋਂ ਜਿਆਦਾ ਬਰਫ ਡਿੱਗਣ ਦਾ



ਸਮਾਚਾਰ ਹੈ। ਇਸ ਬਰਫਬਾਰੀ ਕਾਰਨ ਦੇਸ਼ ਵਿੱਚ ਰੋਜ਼ਮਰਾ ਦੀ ਜਿੰਦਗੀ ਵੱਡੇ ਪੱਧਰ ਤੇ ਪ੍ਰਭਾਵਿਤ ਹੋਈ ਹੈ, ਇਸਦੇ ਤਹਿਤ ਲਾਗਾਰਡੀਆ ਏਅਰਪੋਰਟ ਨੇ ਤੂਫਾਨ ਕਾਰਨ ਸਾਰੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਸਨ। ਇਸਦੇ ਇਲਾਵਾ ਕੋਰੋਨਾ ਟੀਕਾਕਰਨ ਕੇਂਦਰਾਂ ਤੇ ਵੀ ਬਰਫਬਾਰੀ ਦਾ ਪੈਰਭਾਵ ਪਿਆ ਹੈ। ਇਸ ਤੂਫਾਨ ਕਾਰਨ ਵਾਸ਼ੈਂਗਟਨ ਡੀ.ਸੀ. ਫਿਲਾਡੇਲਫਿਆ, ਨਿਊਯਾਰਕ, ਨਿਊਜਰਸੀ, ਰੈਹੋਡ ਆਈਲੈਂਡ, ਅਤੇ ਮੈਸੇਚਿਉਸੇਟਸ ਆਦਿ ਸ਼ਹਿਰਾਂ ਵਿੱਚ ਸੁਰੱਖਿਆ ਕਾਰਨਾਂ ਕਰਕੇ ਟੀਕਾਕਰਨ ਕੇਂਦਰ ਬੰਦ ਕੀਤੇ ਗਏ।ਇਸ ਬਰਫੀਲੇ ਤੂਫਾਨ ਦੇ ਚਲਦਿਆਂ ਮੌਸਮ ਵਿਗਿਆਨੀਆਂ ਦੁਆਰਾ ਮੰਗਲਵਾਰ ਦੀ ਰਾਤ ਤੱਕ ਵਾਸ਼ੈਂਗਟਨ ਡੀ.ਸੀ. ਵਿੱਚ 2 ਤੋਂ 3 ਇੰਚ, ਫਿਲਡੇਲਫਿਆ 'ਚ 6 ਤੋਂ 8 ਇੰਚ, ਨਿਊਯਾਰਕ ਸਿਟੀ 'ਚ ਮੈਨਹੱਟਨ ਵਿੱਚ 18 ਇੰਚ ਅਤੇ ਬੋਸਟਨ ਵਿੱਚ 6 ਤੋਂ 12 ਇੰਚ ਤੱਕ ਬਰਫਬਾਰੀ ਹੋਣ ਦੀ ਚਿਤਾਵਨੀ ਦਿੱਤੀ ਗਈ ਹੈ।

AVA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables

ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।


ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਬਾਈਡੇਨ ਦੇ ਸਹੁੰ ਚੁੱਕ ਸਮਾਗਮ ਨੂੰ 33 ਮਿਲੀਅਨ ਤੋਂ ਵੱਧ ਲੋਕਾਂ ਨੇ ਟੀਵੀ 'ਤੇ ਦੇਖਿਆ

ਫਰਿਜ਼ਨੋ (ਕੈਲੀਫੋਰਨੀਆ), 28 ਜਨਵਰੀ 2021– ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੇ 20 ਜਨਵਰੀ ਦੇ ਦਿਨ ਹੋਏ ਸਹੁੰ ਚੁੱਕ ਸਮਾਗਮ ਨੂੰ ਵੱਡੇ ਪੱਧਰ 'ਤੇ ਲਗਭਗ 33 ਮਿਲੀਅਨ ਤੋਂ ਜਿਆਦਾ ਦੇਸ਼ ਵਾਸੀਆਂ ਦੁਆਰਾ ਟੀਵੀ ਉੱਪਰ ਦੇਖਿਆ ਗਿਆ। ਇਸ ਸੰਬੰਧੀ ਨੀਲਸਨ ਕੰਪਨੀ, ਜੋ ਕਿ ਟੀਵੀ ਦਰਸ਼ਕਾਂ ਸੰਬੰਧੀ ਖੋਜ ਦਾ ਕੰਮ ਕਰਦੀ ਹੈ, ਦਾ ਅਨੁਮਾਨ ਹੈ ਤਕਰੀਬਨ 33.8 ਮਿਲੀਅਨ ਲੋਕਾਂ ਨੇ ਬਾਈਡੇਨ ਨੂੰ 46ਵੇ ਰਾਸ਼ਟਰਪਤੀ ਵਜੋਂ ਸਹੁੰ ਲੈਂਦਿਆਂ ਟੀਵੀ ਤੇ ਵੇਖਿਆ ਹੈ। ਨੀਲਸਨ ਦੇ ਅਨੁਸਾਰ ਇਸ ਉਦਘਾਟਨ ਨੂੰ ਵੇਖਣ ਲਈ ਸੀ ਐਨ ਐਨ ਸਭ ਤੋਂ ਪਸੰਦੀਦਾ ਨੈਟਵਰਕ ਸੀ, ਜਿਸਨੂੰ ਤਕਰੀਬਨ 10 ਮਿਲੀਅਨ ਲੋਕਾਂ ਦੁਆਰਾ ਦੇਖਿਆ ਗਿਆ ਜਦਕਿ ਸਭ ਤੋਂ ਘੱਟ ਵੇਖਿਆ ਗਿਆ ਚੈਨਲ ਫੌਕਸ ਨਿਊਜ਼ ਸੀ,

ਜਿਸ ਨਾਲ ਲਗਭਗ 2.7 ਮਿਲੀਅਨ ਦਰਸ਼ਕ ਜੁੜੇ ਸਨ। ਨੀਲਸਨ ਦੇ ਅਨੁਸਾਰ, ਟੀਵੀ ਉੱਪਰ ਇਸ ਸਮਾਰੋਹ ਨੂੰ 55 ਸਾਲ ਅਤੇ ਇਸ ਤੋਂ ਵੱਧ ਉਮਰ ਦੇ 20.8 ਮਿਲੀਅਨ ਤੋਂ ਵੱਧ ਲੋਕਾਂ ਨੇ ਦੇਖਿਆ ਅਤੇ 35 ਤੋਂ 25 ਸਾਲ ਦੀ ਉਮਰ ਦੇ 8.2 ਮਿਲੀਅਨ ਤੋਂ ਵੱਧ ਲੋਕ ਇਸ ਵਿੱਚ ਸ਼ਾਮਿਲ ਸਨ ਜਦਕਿ 18-34 ਸਾਲ ਦੇ ਲਗਭਗ 2.8 ਮਿਲੀਅਨ ਤੋਂ ਵੱਧ ਦਰਸ਼ਕਾਂ ਨੇ ਆਪਣੀ ਟੀਵੀ ਸਕਰੀਨ ਤੇ ਇਹ ਪ੍ਰੋਗਰਾਮ ਦੇਖਿਆ।

ਜਿਕਰ ਯੋਗ ਹੈ ਕਿ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਉਦਘਾਟਨ ਸਮਾਰੋਹ ਦੀ ਕਮੇਟੀ ਨੇ ਲੋਕਾਂ ਨੂੰ ਕੋਰੋਨਾ ਵਾਇਰਸ ਦੇ ਮੱਦੇਨਜ਼ਰ ਸੁਰੱਖਿਆ ਕਾਰਨਾਂ ਕਰਕੇ ਸਮਾਰੋਹ ਸੰਬੰਧੀ ਯਾਤਰਾ ਤੋਂ ਬਚਣ ਅਤੇ ਘਰ ਤੋਂ ਹੀ ਦੇਖਣ ਲਈ ਅਪੀਲ ਕੀਤੀ ਸੀ। ਰਾਸ਼ਟਰਪਤੀ ਜੋਅ ਬਾਈਡੇਨ ਦਾ ਸਹੁੰ ਚੁੱਕ ਸਮਾਗਮ ਤਕਰੀਬਨ 33.8 ਮਿਲੀਅਨ ਟੀਵੀ ਦਰਸ਼ਕਾਂ ਨਾਲ ਸਾਬਕਾ ਰਾਸ਼ਟਰਪਤੀਆਂ ਬਰਾਕ ਓਬਾਮਾ (37.8 ਮਿਲੀਅਨ) ਅਤੇ ਰੋਨਾਲਡ ਰੀਗਨ (41.8 ਮਿਲੀਅਨ) ਤੋਂ ਪਿੱਛੇ ਤੀਜੇ ਨੰਬਰ ਤੇ ਹੈ।

ਜਦਕਿ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਨੂੰ 31 ਮਿਲੀਅਨ ਲੋਕਾਂ ਦੁਆਰਾ ਟੀਵੀ 'ਤੇ ਵੇਖਿਆ ਗਿਆ ਸੀ।

ਅਮਰੀਕਾ ਦੇ 28 ਰਾਜਾਂ ਵਿੱਚ ਫੈਲਿਆ ਯੂਕੇ ਕੋਰੋਨਾ ਵਾਇਰਸ ਦਾ ਨਵਾਂ ਰੂਪ : ਸੀਡੀਸੀ

ਫਰਿਜ਼ਨੋ (ਕੈਲੀਫੋਰਨੀਆ), 28 ਜਨਵਰੀ 2021– ਅਮਰੀਕਾ ਦੀ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ.ਡੀ.ਸੀ) ਸੰਸਥਾ ਨੇ ਬੁੱਧਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨਾਈਟਿਡ ਕਿੰਗਡਮ ਵਿੱਚ ਸਭ ਤੋਂ ਪਹਿਲਾਂ ਪਹਿਚਾਣਿਆ ਗਿਆ ਕੋਰੋਨਾਂ ਵਾਇਰਸ ਦਾ ਇੱਕ ਬਹੁਤ ਹੀ ਜਲਦੀ ਫੈਲਣ ਵਾਲਾ ਰੂਪ ਹੁਣ ਦੇਸ਼ ਦੇ 28 ਰਾਜਾਂ ਵਿੱਚ ਘੱਟੋ ਘੱਟ 315 ਲੋਕਾਂ ਨੂੰ ਆਪਣਾ ਸਿਕਾਰ ਬਣਾ ਚੁੱਕਾ ਹੈ। ਸੀ.ਡੀ.ਸੀ ਡਾਟਾਬੇਸ ਦੇ ਅਨੁਸਾਰ ਫਲੋਰਿਡਾ ਅਤੇ ਕੈਲੀਫੋਰਨੀਆ ਵਿੱਚ ਇਸ ਵਾਇਰਸ ਨਾਲ ਪੀੜਤ ਮਰੀਜ਼ਾਂ ਦੇ ਲਗਭਗ 92 ਮਾਮਲੇ ਸਾਹਮਣੇ ਆਏ ਹਨ। ਜਦਕਿ ਵਾਇਰਸ ਦਾ ਇਹ ਰੂਪ ਹੋਰਾਂ ਰਾਜਾਂ ਦੇ ਨਾਲ ਉੱਤਰੀ ਕੈਰੋਲਿਨਾ, ਪੈਨਸਿਲਵੇਨੀਆ, ਵਾਸ਼ਿੰਗਟਨ, ਟੈਕਸਾਸ, ਜਾਰਜੀਆ ਅਤੇ ਲੂਈਸਿਆਨਾ ਵਿੱਚ

ਵੀ ਪਾਇਆ ਗਿਆ ਹੈ।

ਇਸ ਸੰਬੰਧੀ ਡਾਕਟਰ ਰੋਸ਼ੇਲ ਵਾਲੰਸਕੀ ਨੇ ਦੱਸਿਆ ਕਿ ਇਹ ਵਾਇਰਸ ਜੋ ਕਿ ਬੀ .1.1.7 ਵਜੋਂ ਜਾਣਿਆ ਜਾਂਦਾ ਹੈ, ਜਿਆਦਾ ਪਰਿਵਰਤਨਸ਼ੀਲ ਹੈ ਅਤੇ ਜਿਸ ਨਾਲ ਕੇਸਾਂ ਦੀ ਗਿਣਤੀ ਹੋਰ ਵੱਧ ਹੋ ਸਕਦੀ ਹੈ। ਇਸਦੇ ਇਲਾਵਾ ਵਾਲੰਸਕੀ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਬ੍ਰਾਜ਼ੀਲ ਵਿੱਚ ਪਹਿਲਾਂ ਪਹਿਚਾਣਿਆ ਗਿਆ ਵਾਇਰਸ ਦਾ ਇੱਕ ਹੋਰ ਰੂਪ, ਜਿਸ ਨੂੰ ਪੀ .1 ਕਿਹਾ ਜਾਂਦਾ ਹੈ, ਵੀ ਮਿਨੇਸੋਟਾ ਦੇ ਇੱਕ ਵਿਅਕਤੀ ਵਿੱਚ ਪਾਇਆ ਗਿਆ ਹੈ ।

ਸੀ.ਡੀ.ਸੀ ਅਨੁਸਾਰ ਵਾਇਰਸ ਦੇ ਇਹਨਾਂ ਜਲਦੀ ਫੈਲਣ ਵਾਲੇ ਰੂਪਾਂ ਤੋਂ ਸੁਰੱਖਿਅਤ ਰਹਿਣ ਲਈ ਸਾਵਧਾਨੀ ਵਰਤਣੀ ਬਹੁਤ ਜਰੂਰੀ ਹੈ।

70 ਸਾਲਾਂ ਬਜ਼ੁਰਗ ਨੇ ਗੋਲੀਬਾਰੀ ਕਰਕੇ ਲਈ ਦੋ ਵਿਅਕਤੀਆਂ ਦੀ ਜਾਨ

ਫਰਿਜ਼ਨੋ (ਕੈਲੀਫੋਰਨੀਆ), 28 ਜਨਵਰੀ 2021– ਅਮਰੀਕਾ ਦੇ ਸੂਬੇ ਟੈਨੇਸੀ ਵਿੱਚ ਇੱਕ 70 ਸਾਲ ਦੇ ਬਜ਼ੁਰਗ ਆਦਮੀ ਵੱਲੋਂ ਗੋਲੀਬਾਰੀ ਕਰਕੇ ਦੋ ਵਿਅਕਤੀਆਂ ਦੀ ਜਾਨ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਮਵਾਰ ਸਵੇਰੇ ਉੱਤਰ ਪੱਛਮੀ ਟੈਨੇਸੀ ਦੀ ਰੀਲਫੁੱਟ ਝੀਲ ਤੇ ਦੋ ਵਿਅਕਤੀ ਚਾਂਸ ਬਲੈਕ (26) ਅਤੇ ਜ਼ੈਕਰੀ ਗਰੂਮਜ਼ (25) ਬੱਤਖਾਂ ਦਾ ਸ਼ਿਕਾਰ ਕਰ ਰਹੇ ਸਨ, ਇਸੇ ਦੌਰਾਨ 70 ਸਾਲਾਂ ਸ਼ੱਕੀ ਵਿਅਕਤੀ ਡੇਵਿਡ ਵੋਵੇਲ ਉਹਨਾਂ ਕੋਲ ਪਹੁੰਚਿਆ। ਇੱਕ

ਗਵਾਹ ਦੇ ਅਨੁਸਾਰ ਇਸ ਮੌਕੇ ਤਿੰਨਾਂ ਵਿਅਕਤੀਆਂ ਵਿਚਕਾਰ ਕਿਸੇ ਗੱਲੋਂ ਬਹਿਸ ਹੋਈ ਅਤੇ ਵੋਵੇਲ ਨੇ ਕਥਿਤ ਤੌਰ 'ਤੇ ਦੋਵਾਂ ਵਿਅਕਤੀਆਂ ਨੂੰ ਗੋਲੀ ਚਲਾ ਕੇ ਜਾਨੋਂ ਮਾਰ ਦਿੱਤਾ।ਇਸ ਵਾਰਦਾਤ ਦੇ ਬਾਅਦ ਵੋਵੇਲ ਪੈਦਲ ਹੀ ਭੱਜ ਗਿਆ ਜਦਕਿ ਉਸ ਦੀ ਕਾਰ ਨੂੰ ਜ਼ਬਤ ਕਰ ਲਿਆ ਗਿਆ ਹੈ। ਇਸ ਮਾਮਲੇ ਵਿੱਚ ਟੈਨੇਸੀ ਬਿਊਰੋ ਆਫ਼ ਇਨ-ਵੈਸਟੀਗੇਸ਼ਨ ਅਨੁਸਾਰ ਫਸਟ ਡਿਗਰੀ ਕਤਲ ਦੇ ਦੋ ਮਾਮਲਿਆਂ ਲਈ ਵੋਵੇਲ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤੇ ਗਏ ਹਨ।ਇਸ ਮਾਮਲੇ ਵਿੱਚ ਲੋੜੀਂਦੇ ਦੋਸ਼ੀ 70 ਸਾਲਾਂ ਵੋਵੇਲ ਦੀ ਟੈਨੇਸੀ ਅਧਿ-ਕਾਰੀਆਂ ਵੱਲੋਂ ਫਿਲਹਾਲ ਤਲਾਸ਼ ਜਾਰੀ ਹੈ।

ਇਲੀਨੋਏ ਵਿੱਚ ਭਿਆਨਕ ਅਗਨੀਕਾਂਡ ਨੇ ਲਈ ਇੱਕ ਪਰਿਵਾਰ ਦੇ ਪੰਜ ਮੈਂਬਰਾਂ ਦੀ ਜਾਨ

ਫਰਿਜ਼ਨੋ (ਕੈਲੀਫੋਰਨੀਆ), 28 ਜਨਵਰੀ 2021– ਇਲੀਨੋਏ ਦੇ ਇੱਕ ਘਰ ਵਿੱਚ ਲੱਗੀ ਅੱਗ ਨੇ ਕੁੱਝ ਹੀ ਪਲਾਂ ਵਿੱਚ ਇੱਕ ਪਰਿਵਾਰ ਦੇ ਪੰਜ ਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਇਸ ਦਰਦਨਾਕ ਹਾਦਸੇ ਵਿੱਚ ਇੱਕ 25 ਸਾਲਾ ਮਾਂ ਅਤੇ ਉਸ ਦੀਆਂ ਚਾਰ ਛੋਟੀਆਂ ਬੱਚੀਆਂ ਦੀ ਮੌਤ ਹੋ ਗਈ ਹੈ।ਇਹ ਹਾਦਸਾ ਇਲੀਨੋਏ ਦੇ ਡੇਸ ਪਲਾਇੰਸ ਵਿੱਚ ਬੁੱਧਵਾਰ ਸਵੇਰੇ 10:30 ਵਜੇ ਦੇ ਕਰੀਬ ਵਾਪਰਿਆ।ਡੇਸ ਪਲਾਇੰਸ ਫਾਇਰ ਡਿਪਾਰਟਮੈਂਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਾਦਸੇ ਬਾਰੇ ਸੂਚਨਾ ਮਿਲਣ 'ਤੇ ਵਿਭਾਗ ਦੁਆਰਾ ਇਸ ਪਰਿਵਾਰਕ ਜਾਇਦਾਦ 'ਤੇ ਜਾਕੇ ਬਚਾਓ ਕਾਰਵਾਈ ਸ਼ੁਰੂ ਕੀਤੀ ਗਈ।

ਅਧਿਕਾਰੀਆਂ ਅਨੁਸਾਰ ਅੱਗ ਲੱਗਣ ਸਮੇਂ ਘਰ ਦੇ ਅੰਦਰ ਇੱਕ 25 ਸਾਲਾਂ ਦੀ ਔਰਤ ਅਤੇ ਉਸ ਦੀਆਂ ਚਾਰ ਬੱਚੀਆਂ ਮੌਜੂਦ ਸਨ, ਜਿਹਨਾਂ ਦੀ ਉਮਰ ਕ੍ਰਮਵਾਰ ਛੇ, ਪੰਜ, ਤਿੰਨ ਅਤੇ ਇੱਕ ਸਾਲ ਸੀ ਅਤੇ ਉਹਨਾਂ ਦਾ ਪਿਤਾ ਉਸ ਸਮੇਂ ਕੰਮ ਤੇ ਹੋਣ ਕਰਕੇ ਘਰ ਵਿੱਚ ਮੌਜੂਦ ਨਹੀਂ ਸੀ। ਅੱਗ ਬੁਝਾਉਣ ਵਾਲੇ ਅਮਲੇ ਨੇ ਬਲਦੇ ਹੋਏ ਘਰ ਵਿੱਚ ਦਾਖਲ ਹੋ ਕੇ ਦੂਸਰੀ ਮੰਜ਼ਲ 'ਤੇ ਪਰਿਵਾਰਕ ਮੈਂਬਰਾਂ ਨੂੰ ਲੱਭਿਆ ਅਤੇ ਬੇਹੋਸ਼ੀ ਦੀ ਹਾਲਤ ਵਿੱਚ ਬੱਚਿਆਂ ਨੂੰ ਤੁਰੰਤ ਐਡਵੋਕੇਟ ਲੂਥਰਨ ਜਨਰਲ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਹਨਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਜਦਕਿ ਅੱਗ ਲੱਗਣ ਕਾਰਨ ਪੀੜਤ ਮਹਿਲਾ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਸੀ। ਇਸ ਹਾਦਸੇ ਨੂੰ ਫਾਇਰ ਚੀਫ ਡੈਨੀਅਲ ਐਂਡਰਸਨ ਨੇ ਉਸਦੀ 30 ਸਾਲਾਂ ਦੀ ਫਾਇਰ ਸਰਵਿਸ ਵਿੱਚ, ਸਭ ਤੋਂ ਦਰਦਨਾਕ ਹਾਦਸਾ ਦੱਸਿਆ ਹੈ। ਇਸ ਹਾਦਸੇ ਵਿੱਚ ਘਰ ਨੂੰ ਅੱਗ ਲੱਗਣ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗਿਆ ਹੈ। ਡੇਸ ਪਲਾਇੰਸ ਫਾਇਰ ਵਿਭਾਗ ਇਸ ਹਾਦਸੇ ਦੇ ਕਾਰਨਾਂ ਦੀ ਜਾਣਕਾਰੀ ਲਈ ਇਲੀਨੋਏ ਦੇ ਸਟੇਟ ਫਾਇਰ ਮਾਰਸ਼ਲ ਦੇ ਦਫ਼ਤਰ ਅਤੇ ਖੇਤਰੀ ਟਾਸਕ ਫੋਰਸ ਦੇ ਨਾਲ ਮਿਲ ਕੇ ਜਾਂਚ ਕਰ ਰਿਹਾ ਹੈ। ਇਸਦੇ ਇਲਾਵਾ ਘਲ ਨੂੰ ਲੱਗੀ ਅੱਗ ਨੂੰ ਬੁਝਾਉਣ ਦੀ ਪ੍ਰਕਿਰਿਆ ਵਿੱਚ ਦੋ ਫਾਇਰ ਫਾਈਟਰਾਂ ਅਤੇ ਇੱਕ ਪੁਲਿਸ ਅਧਿਕਾਰੀ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਹਨ। ਇਸ ਪਰਿਵਾਰ ਨਾਲ ਹੋਏ ਇਸ ਦਰਦਨਾਕ ਹਾਦਸੇ ਲਈ ਡੇਸ ਪਲਾਇੰਸ ਦੇ ਮੇਅਰ ਮੈਟ ਬੋਗੂਜ਼ ਨੇ ਦੁੱਖ ਪ੍ਰਗਟ ਕੀਤਾ ਹੈ।

ਆਸਕਰ ਵਿਜੇਤਾ ਅਭਿਨੇਤਰੀ ਕਲੋਰਿਸ ਲੀਚਮੈਨ ਦਾ 94 ਸਾਲ ਦੀ ਉਮਰ ਵਿੱਚ ਹੋਇਆ

ਫਰਿਜ਼ਨੋ (ਕੈਲੀਫੋਰਨੀਆ), 28 ਜਨਵਰੀ 2021– ਟੈਲੀਵਿਜ਼ਨ , ਰੰਗਮੰਚ ਅਤੇ ਫਿਲਮ ਜਗਤ ਵਿੱਚ ਤਕਰੀਬਨ ਸੱਤ ਦਹਾਕਿਆਂ ਤੋਂ ਵੱਧ ਸਮਾਂ ਬਤੀਤ ਕਰਨ ਅਤੇ ਬਹੁਪੱਖੀ ਆਸਕਰ ਪੁਰਸਕਾਰ ਜਿੱਤਣ ਵਾਲੀ ਅਭਿਨੇਤਰੀ ਕਲੋਰਿਸ ਲੀਚਮੈਨ ਦੀ 94 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ।ਲੀਚਮੈਨ ਦੀ ਲੰਬੇ ਸਮੇਂ ਤੋਂ ਮੈਨੇਜਰ, ਜੂਲੀਅਟ ਗ੍ਰੀਨ ਨੇ ਇੱਕ ਬਿਆਨ ਰਾਹੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੀਚਮੈਨ ਦੀ ਮੌਤ 27 ਜਨਵਰੀ ਨੂੰ ਕੈਲੀਫੋਰਨੀਆ ਵਿੱਚ ਕੁਦਰਤੀ ਕਾਰਨਾਂ ਕਰਕੇ ਹੋਈ ਹੈ। ਲੀਚਮੈਨ ਦਾ ਜਨਮ 30 ਅਪ੍ਰੈਲ, 1926 ਨੂੰ, ਡੇਸ ਮੋਇੰਸ, ਆਇਓਵਾ ਵਿੱਚ ਹੋਇਆ ਸੀ। ਉਸਨੇ ਬਚਪਨ ਵਿੱਚ ਹੀ ਰੰਗਮੰਚ ਦਾ ਕੰਮ ਕਰਨਾ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਇਲੀਨੋਏ ਦੀ ਨੌਰਥ ਵੈਸਟਰਨ ਯੂਨੀਵਰਸਿਟੀ ਵਿੱਚ ਡਰਾਮੇ ਦੀ ਪੜਾਈ ਕੀਤੀ। ਹਾਈ ਸਕੂਲ ਤੋਂ ਬਾਅਦ, ਲੀਚਮੈਨ ਨੇ ਇਲੀਨੋਏ ਸਟੇਟ ਯੂਨੀਵਰਸਿਟੀ ਵਿੱਚ ਡਰਾਮੇ ਦਾ ਅੰ-ਧਐਨ ਕਰਨ ਲਈ ਦਾਖਲਾ ਲਿਆ, ਅਤੇ ਬਾਅਦ ਵਿੱਚ ਨੌਰਥ ਵੈਸਟਰਨ ਯੂਨੀਵਰਸਿਟੀ ਵਿੱਚ ਗਈ, ਜਿੱਥੇ ਉਹ ਗਾਮਾ ਫੀ ਬੀਟਾ ਦੀ ਇੱਕ ਮੈਂਬਰ ਸੀ। ਮਿਸ ਅਮਰੀਕਾ

ਦੇ ਮੁਕਾਬਲੇ ਵਿੱਚ ਸਕਾਲਰਸ਼ਿਪ ਜਿੱਤਣ ਤੋਂ ਬਾਅਦ, ਉਹ ਡਾਇਰੈਕਟਰ ਐਲਿਆ ਕਾਜਾਨ ਦੀ ਅਗਵਾਈ ਵਿਚ ਅਦਾਕਾਰੀ ਦਾ ਅਧਿਐਨ ਕਰਨ ਲਈ ਨਿਊਯਾਰਕ ਸਿਟੀ ਚਲੀ ਗਈ । 1950 ਦੇ ਦਹਾਕੇ ਤੋਂ ਸ਼ੁਰੂਆਤ ਕਰਦਿਆਂ, ਉਹ ਬਹੁਤ ਸਾਰੇ ਟੀਵੀ ਪ੍ਰੋਗਰਾਮਾਂ ਵਿੱਚ ਦਿਖਾਈ ਦਿੱਤੀ। ਲੀਚਮੈਨ, ਕਾਮੇਡੀ ਅਤੇ ਡਰਾਮੇ ਵਿੱਚ ਇਕੋ ਜਿਹੀ ਮਾਹਿਰ ਸੀ। ਉਸ ਨੂੰ 'ਦਿ ਮੈਰੀ ਟਾਈਲਰ ਮੂਰ ਸੋਅ, 'ਮੈਲਕਮ ਇਨ ਮਿਡਲ' ਅਤੇੱ ਟੀਵੀ ਦੀਆਂ ਹੋਰ ਭੂਮਿਕਾਵਾਂ ਲਈ ਸਭ ਤੋਂ ਜਿਆਦਾ ਜਾਣਿਆ ਜਾਂਦਾ ਸੀ। ਲੀਚਮੈਨ ਨੇ ਅੱਠ ਐਮੀ ਅਵਾਰਡ ਜਿੱਤਣ ਦੇ ਨਾਲ ਵੱਡੇ ਪਰਦੇ 'ਤੇ 1971 ਵਿੱਚ 'ਦਿ ਲਾਸਟ ਪਿਕਚਰ ਸੋਅ ਵਿੱਚ ਭੂਮਿਕਾ ਲਈ ਅਕਾਦਮੀ ਪੁਰਸਕਾਰ ਵੀ ਜਿੱਤਿਆ। ਆਪਣੀ ਅਦਾਕਾਰੀ ਦੇ ਆਪਣੇ ਰੁਝੇਵਿਆਂ ਦੇ ਇਲਾਵਾ, ਲੀਚਮੈਨ ਨੇ ਫਿਲਮ ਨਿਰਦੇਸ਼ਕ ਜਾਰਜ ਐਂਗਲੁੰਡ ਦੇ ਨਾਲ ਵਿਆਹ ਕਰਵਾਇਆ ਅਤੇ ਚਾਰ ਬੇਟੇ ਤੇ ਇੱਕ ਬੇਟੀ ਦਾ ਪਾਲਣ ਪੋਸ਼ਣ ਕੀਤਾ।ਜਦਕਿ ਲੀਚਮੈਨ ਅਤੇ ਐਂਗਲੁੰਡ ਦਾ ਵਿਆਹ 1979 ਵਿੱਚ ਤਲਾਕ ਹੋਣ ਤੋਂ ਪਹਿਲਾਂ 26 ਸਾਲਾਂ ਲਈ ਕਾਇਮ ਰਿਹਾ। ਲੀਚਮੈਨ ਆਪਣੇ ਪਿੱਛੇ ਬੱਚਿਆਂ ਅਤੇ ਕਈ ਪੋਤੇ-ਪੋਤੀਆਂ ਨੂੰ ਛੱਡ ਗਈ।

ਲੂਈਸਿਆਨਾ ਦੇ ਇੱਕ ਸਟੋਰ 'ਚ ਕੀਤੀ 15 ਸਾਲਾ ਲੜਕੀ ਦੀ ਚਾਕੂ ਮਾਰ ਕੇ ਹੱਤਿਆ

ਫਰਿਜ਼ਨੋ (ਕੈਲੀਫੋਰਨੀਆਂ), 27 ਜਨਵਰੀ 2021– ਅਮਰੀਕਾ ਦੇ ਲੂਈਸਿਆਨਾ ਵਿੱਚ ਇੱਕ ਗਰੌਸਰੀ ਸਟੋਰ ਦੇ ਅੰਦਰ ਇੱਕ 15 ਸਾਲਾ ਲੜਕੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਮਾਮਲੇ ਬਾਰੇ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ 15 ਸਾਲਾ ਲੜਕੀ ਨੂੰ ਚਾਰ ਹੋਰ ਲੜਕੀਆਂ ਨਾਲ ਕਥਿਤ ਲੜਾਈ ਦੌਰਾਨ ਇੱਕ ਕਰਿਆਨੇ ਦੇ ਸਟੋਰ 'ਤੇ ਚਾਕੂ ਮਾਰ ਕੇ ਮਾਰ ਦਿੱਤਾ ਗਿਆ। ਸ਼ਨੀਵਾਰ, 23 ਜਨਵਰੀ ਨੂੰ ਸ਼ਾਮ ਦੇ ਸਾਢੇ ਸੱਤ ਵਜੇ ਲੂਈਸਿਆਨਾ ਦੇ ਲੇਕ ਚਾਰਲਸ ਸਥਿਤ ਇੱਕ ਪਰਚੂਨ ਸਟੋਰ ਵਿੱਚ ਵਾਪਰੀ ਇਸ ਘਟਨਾ ਦੌਰਾਨ ਇੱਕ 15 ਸਾਲ ਦੀ ਲੜਕੀ ਅਤੇ ਚਾਰ ਹੋਰ ਛੋਟੀਆਂ ਬੱਚੀਆਂ (12 ਤੋਂ 14 ਸਾਲ) ਦੇ ਵਿਚਕਾਰ ਲੜਾਈ ਹੋਈ, ਜਿਸ ਦੌਰਾਨ ਇਸ ਲੜਕੀ ਨੂੰ ਚਾਕੂ ਮਾਰਿਆ ਗਿਆ। ਅਧਿਕਾਰੀਆਂ ਅਨੁਸਾਰ ਇਸ ਝਗੜੇ ਦੇ ਕਾਰਨਾਂ ਅਤੇ ਉਦੇਸ਼ਾਂ ਦਾ ਫਿਲਹਾਲ ਪਤਾ ਨਹੀਂ ਲੱਗਿਆ ਹੈ ਪਰ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਘਟਨਾ ਦੌਰਾਨ, 15 ਸਾਲਾ ਲੜਕੀ ਨੂੰ ਚਾਕੂ ਮਾਰਿਆ ਗਿਆ ਸੀ । ਪੀੜਤ ਲੜਕੀ ਨੂੰ ਬਾਅਦ ਵਿੱਚ ਸਥਾਨਕ ਹਸਪਤਾਲ ਲਿਜਾਇਆ ਗਿਆ ਜਿਥੇ ਉਸਦੀ ਮੌਤ ਹੋ ਗਈ ਸੀ। ਕੈਲਕਾਸੀਯੂ ਪੈਰਿਸ਼ ਸ਼ੈਰਿਫ ਦੇ ਦਫ਼ਤਰ ਅਨੁਸਾਰ ਇਸ ਕਤਲ ਦੇ ਮਾਮਲੇ ਵਿੱਚ ਅਧਿਕਾਰੀਆਂ ਨੇ ਸੋਸ਼ਲ ਮੀਡੀਆ ਦੀ ਮਦਦ ਨਾਲ ਕਾਫੀ ਸਬੂਤ ਜੁਟਾਏ ਹਨ ਅਤੇ ਚਾਰ ਛੋਟੀਆਂ ਬੱਚੀਆਂ ਜੋ ਇਸ ਹਾਦਸੇ ਵਿੱਚ ਸ਼ਾਮਿਲ ਹਨ , ਉੱਤੇ ਦੂਜੀ ਡਿਗਰੀ ਕਤਲ ਦੇ ਇਲਜ਼ਾਮ ਲਗਾਏ ਗਏ ਹਨ। ਅਧਿਕਾਰੀਆਂ ਅਨੁਸਾਰ ਇਸ ਮਾਮਲੇ ਦੀ ਫਿਲਹਾਲ ਜਾਂਚ ਜਾਰੀ ਹੈ।

ਸੰਵਿਧਾਨ ਦੀਆਂ ਕਾਪੀਆਂ ਵੰਡ ਕੇ ਮਨਾਇਆ ਸੰਵਿਧਾਨ ਦਿਵਸ

ਲਸਾੜਾ/ਉੜਾਪੜ (ਬੱਗਾ ਸੇਲਕੀਆਣਾ) ਜਿਲਾ ਸ਼ਹੀਦ ਭਗਤ ਸਿੰਘ ਦੇ ਇਤਿਹਾਸਕ ਪਿੰਡ ਗੜੀ ਅਜੀਤ ਸਿੰਘ ਵਿਖੇ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਤੇ ਪਿੰਡ ਵਾਸੀਆਂ ਵਲੋਂ ਗਣਤੰਤਰ ਦਿਵਸ ਮੋਕੇ ਪਿੰਡ ਵਾਸੀਆਂ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਜੀ ਅੰਬੇਡਕਰ ਸਾਹਿਬ ਜੀ ਵਲੋਂ ਲਿਖਿਆ ਗਿਆ ਸੰਵਿਧਾਨ ਦੀਆਂ ਕਾਪੀਆਂ ਵੰਡ ਕੇ ਮਨਾਇਆ ਗਿਆ ਇਸ ਤੋਂ ਪਹਿਲਾਂ ਯੁੱਗ ਪੁਰਸ਼ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਜੀ ਦੇ ਸਟੈਚੂ ਉਪਰ ਫੁੱਲ ਮਾਲਾ ਭੇਂਟ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਇਸ ਮੋਕੇ ਲੋਕ ਗਾਇਕ ਰੂਪ ਲਾਲ ਧੀਰ ਅਤੇ ਨੰਬਰਦਾਰ ਰਾਜ ਦਦਰਾਲ ਵਲੋਂ ਆਪਣੇ ਸੰਬੋਧਨ ਚ ਆਖਿਆ ਕਿ ਦੇਸ਼ ਦੇ ਨਾਗਰਿਕ ਲ਼ਈ ਬੜੀ ਖੁਸ਼ੀ ਦੀ ਗੱਲ ਹੈ ਕਿ ਅਸੀ ਅਸਲ ਜੀਵਨ ਜਿਊਣ ਦੇ ਲਾਇਕ ਹੋਏ ਹਾਂ ਇਹ ਸਭ ਬਾਬਾ ਸਾਹਿਬ ਦੀ ਬਦੋਲਤ ਹੈ ਉਨਾਂ ਵਲੋਂ ਕੀਤੇ ਸ਼ੰਘਰਸ਼ ਦਾ ਜੋ ਫਲ ਹੈ ਜੋ ਅੱਜ ਦੇ ਦਿਨ ਲਾਗੂ ਕਰਕੇ ਸਾਨੂੰ ਉਹ ਹੱਕ ਲੈ ਕੇ ਦੇ ਗਏ ਜਿਨਾਂ ਨੂੰ ਅਸੀਂ ਕਿਸੇ ਵੀ ਕੀਮਤ ਤੇ ਪ੍ਰਾਪਤ ਨਹੀਂ ਸਕਦੇ ਸੀ ਤੇ ਸਾਨੂੰ ਆਪਣੇ ਮਹਾਨ ਰਹਿਬਰਾਂ ਦੇ ਪ੍ਰਕਾਸ਼ ਦਿਵਸ ਪਹਿਲ ਦੇ ਅਧਾਰ ਤੇ ਸਿਆਸਤ ਤੋਂ ਉਪਰ ਉਠ ਕੇ ਮਨਾਉਣੇ ਚਾਹੀਦੇ ਹਨ ਤੇ ਜੋ ਉਨਾਂ ਸਮਾਜ ਪ੍ਰਤੀ ਆਪਣੇ ਕਾਰਜ ਕੀਤੇ ਹਨ ਉਨਾਂ ਦਾ ਜਿਕਰ ਸਮੇਂ ਸਮੇਂ ਤੇ ਕਰਨਾ ਚਾਹੀਦਾ ਹੈ ਉਨਾਂ ਦੇ ਦਰਸਾਏ ਮਾਰਗ ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ ਤੇ ਇਹ ਕਾਪੀਆਂ ਵਿਨੋਦ ਕੁਮਾਰ ਚੁੰਬਰ ਯੂਐਸਏ ਵਲੋਂ ਵਿਸੇਸ਼ ਸਹਿਜੋਗ ਦਿਤਾ ਗਿਆ ਤੇ ਆਉਣ ਵਾਲੇ ਸਮੇਂ ਚ ਇਹ ਕਾਰਜ ਇਸ ਤਰਾਂ ਹੀ ਨਿਰਵਿਘਨ ਚੱਲਦਾ ਰਹੇਗਾ ਇਸ ਮੋਕੇ ਗਾਇਕ ਕਮਲ ਤੱਲਣ, ਬਹਾਦਰ ਗਰਚਾ, ਮਾਸਟਰ ਸੱਤਪਾਲ ਰਟੈਂਡਾ, ਮੱਖਣ ਬਖਲੋਰ, ਮੇਜਰ ਬੀਸਲਾ, ਸੋਮ ਨਾਥ ਰਟੈਂਡਾ, ਸੱਤਪਾਲ, ਸੁਰਿੰਦਰ ਸੁਮਨ, ਠੇਕੇਦਾਰ ਕਸ਼ਮੀਰ ਸਿੰਘ, ਗਬਿੰਦ ਧੀਰ, ਜਸਪਾਲ ਧੀਰ, ਬਲਵੀਰ ਦਦਰਾਲ ਤੋਂ ਇਲਾਵਾ ਹੋਰ ਵੀ ਹਾਜਰ ਸਨ।

ਸਮਾਜ ਸੇਵੀ ਪਾਖਰ ਰਾਮ ਬੰਗੜ ਦੀ ਯਾਦ 'ਚ ਹੋਇਆ ਸ਼ਰਧਾਂਜਲੀ ਸਮਾਗਮ



ਲਸਾੜਾ/ਉੜਾਪੜ (ਬੱਗਾ ਸੇਲਕੀਆਣਾ) ਪਿੰਡ ਭਰੋਮਜਾਰਾ ਰਾਣੂੰਆਂ ਨੇੜੇ ਬਹਿਰਾਮ ਦੇ ਸਾਂਈ ਪੱਪਲ ਸ਼ਾਹ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਦੇ ਪਿਤਾ ਸਵ.ਪਾਖਰ ਰਾਮ ਬੰਗੜ ਜੋ ਪਿਛਲੇ ਕੁਝ ਸਮੇ ਤੋਂ ਬਿਮਾਰ ਸਨ ਤੇ ਬੀਤੇ ਦਿਨੀ ਅਕਾਲ ਪੁਰਖ ਵਲੋਂ ਦਿਤੀ ਸੁਵਾਸਾਂ ਦੀ ਪੁੰਜੀ ਨੂੰ ਭੋਗਦੇ ਹੋਏ ਆਪਣੇ ਪਰਿਵਾਰ ਤੇ ਸਮਾਜ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਜਿਨਾਂ ਦਾ ਅੰਤਿਮ ਸਸਕਾਰ ਪਿੰਡ ਦੀ ਸ਼ਮਸ਼ਾਨਘਾਟ ਚ ਸਮੂੰਹ ਪਰਿਵਾਰਕ ਤੇ ਰਿਸ਼ਤੇਦਾਰਾਂ, ਸਮਾਜ ਸੇਵੀ, ਧਾਰਮਿਕ, ਰਾਜਨੀਤਕ ਸ਼ਖਸ਼ੀਅਤਾਂ ਦੀ ਹਾਜਰੀ ਚ ਕਰ ਦਿਤਾ ਗਿਆ ਸੀ ਤੇ ਸ਼੍ਰੀ ਪਾਖਰ ਰਾਮ ਬੰਗੜ ਦੀ ਆਤਮਿਕ ਸ਼ਾਂਤੀ ਲਈ ਪਰਿਵਾਰਕ ਮੈਂਬਰਾਂ ਵਲੋਂ ਡੇਰਾ 108 ਸੰਤ ਮੇਲਾ ਰਾਮ ਭਰੋਮਜਾਰਾ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਕੀਰਤਨੀ ਜਥੇ ਵਲੋਂ ਸ਼ਰਧਾਜਲੀ ਸਮਾਗਮ ਚ ਪੁੱਜੀਆ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਸੰਤ ਕੁਲਵੰਤ ਰਾਮ ਭਰੋਮਜਾਰਾ ਆਖਿਆ ਕਿ ਜੋ ਵੀ ਇਨਸਾਨ ਇਸ ਜਗਤ ਵਿੱਚ ਆਇਆ ਉਸ ਨੂੰ ਇੱਕ ਨਾ ਇੱਕ ਦਿਨ ਜਾਣਾ ਪੈਦਾ ਹੈ ਇਹ ਇੱਕ ਅਟੱਲ ਸੱਚਾਈ ਹੈ ਕਿ ਜਿਉਣਾ ਝੂਠ ਹੈ ਤੇ ਮਰਨਾ ਸੱਚ ਹੈ ਇਸ ਕਰਕੇ ਕੋਈ ਇਸ ਤਰਾਂ ਦਾ ਸਮਾਜ ਪ੍ਰਤੀ ਕਾਰਜ ਕਰਕੇ ਜਾਵੋ ਕਿ ਸਮਾਜ ਦੇ ਲੋਕ ਤੁਹਾਨੂੰ ਹਮੇਸ਼ਾਂ ਯਾਦ ਰੱਖਣ ਉਨਾਂ ਇਸ ਦੁੱਖ ਦੀ ਘੜੀ ਚ ਸਮੂੰਹ ਪਰਿਵਾਰ ਨੂੰ ਭਾਣਾ ਮੰਨਣ ਦੀ ਅਪੀਲ ਕੀਤੀ ਤੇ ਅੰਤਿਮ ਅਰਦਾਸ ਹੋਈ ਉਪਰੰਤ ਸ਼ਰਧਾਜਲੀ ਸਮਾਗਮ ਹੋਇਆ ਜਿਸ ਵਿੱਚ ਰਾਜਨੀਤਿਕ, ਧਾਰਮਿਕ, ਸੰਤ ਮਹਾਂਪੁਰਸ਼ਾਂ ਤੇ ਸਮਾਜ ਸੇਵੀ ਸ਼ਖਸ਼ੀਅਤਾਂ ਵਲੋ ਸਵ.ਸ਼੍ਰੀ ਪਾਖਰ ਰਾਮ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਆਖੀਰ ਚ ਸਾਂਈ ਪੱਪਲ ਸ਼ਾਹ ਵਲੋਂ ਸੰਤਾਂ ਮਹਾਂ-ਪੁਰਸ਼ਾਂ, ਸਾਰੀਆਂ ਸ਼ਖਸ਼ੀਅਤਾਂ ਦਾ ਇਸ ਸ਼ਰਧਾਜਲੀ ਸਮਾਗਮ ਚ ਸ਼ਾਮਿਲ ਹੋਣ ਤੇ ਧੰਨਵਾਦ ਕੀਤਾ ਇਸ ਮੋਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ, ਸੰਤ ਜਸਵਿੰਦਰ ਪਾਲ, ਸੰਤ ਹਾਕਮ ਦਾਸ, ਸੰਤ ਸਤਨਾਮ ਦਾਸ, ਸੰਤ ਲਛਮਣ ਦਾਸ, ਸਾਂਈ ਉਮਰੇ ਸ਼ਾਹ, ਸਾਂਈ ਅਵਿਨਾਸ਼ ਸ਼ਾਹ, ਸਾਈ ਕੁਲਰਾਜ ਮੁਹੰਮਦ, ਸਾਂਈ ਸੋਮੇ ਸ਼ਾਹ ਦੋਸਾਂਝ ਖੁਰਦ, ਬਲਵਿੰਦਰ ਲੱਡੂ ਉੜਾਪੜ, ਜੋਗਿੰਦਰ ਸਿੰਘ ਮਾਨ ਸਾ. ਕੈਬਨਿਟ ਮੰਤਰੀ, ਕੁਲਜੀਤ ਸਿੰਘ ਸਰਹਾਲ, ਠੇਕੇਦਾਰ ਰਜਿੰਦਰ ਸਿੰਘ, ਗਾਇਕ ਬੂਟਾ ਮੁਹੰਮਦ, ਸੱਤੀ ਖੋਖੇਵਾਲੀਆ, ਅਮ੍ਰਿਤ ਭੋਸਲੇ, ਪ੍ਰਵੀਨ ਬੰਗਾ, ਵਿਜੈ ਗੁਣਾਚੋਰ, ਹਰਭਜਨ ਰਾਮ, ਮੱਖਣ ਬਖਲੋਰ, ਨਰਿੰਦਰ ਬੰਗਾ, ਦਲਵਿੰਦਰ ਦਿਆਲ ਪੁਰੀ, ਅਸ਼ੋਕ ਸੰਧੂ, ਜਸਵੰਤ ਹੀਰਾ, ਅਸ਼ੋਕ ਮਹਿਰਾ, ਕਮਲਜੀਤ ਖੋਥੜਾਂ, ਅਸੋਕ ਗੋਬਿੰਦਪੁਰੀ, ਕੁਲਵੀਰ ਤਲਵੰਡੀ, ਅਵਤਾਰ ਸਿੰਘ, ਹਰਮਿੰਦਰ ਸਿੰਘ, ਸੁਦਾਗਰ ਰਾਮ ਤੋਂ ਇਲਾਵਾ ਸਮੂਹ ਰਿਸ਼ਤੇਦਾਰ, ਇਲਾਕਾ ਤੇ ਪਿੰਡ ਵਾਸੀ ਹਾਜਰ ਸਨ।

Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq 916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

ਬਸਪਾ ਵੱਲੋਂ ਸ਼ਹੀਦ ਬਾਬਾ ਜੀਵਨ ਸਿੰਘ ਦਾ ਸ਼ਹੀਦੀ ਦਿਹਾੜਾ ਪਿੰਡ ਮੱਲੀਆਂ ਵਾਲਾ (ਮੋਗਾ) ਵਿਖੇ ਮਨਾਇਆ ਗਿਆ

ਮੋਗਾ (ਬਿਊਰੋ)– ਸਿੱਖ ਪੰਥ ਦੇ ਮਹਾਨ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਇਥੋਂ ਥੋੜ੍ਹੀ ਦੂਰ ਪਿੰਡ ਮੱਲੀਆਂ ਵਾਲਾ ਵਿਖੇ ਬਹੁਜਨ ਸਮਾਜ ਪਾਰਟੀ ਵੱਲੋਂ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੈਰ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਪਧਾਰੇ। ਉਹਨਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਬਾਬਾ ਜੀਵਨ ਸਿੰਘ ਜੀ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਬਾਬਾ ਜੀ ਨੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਆਪਣੇ ਪਿਤਾ ਸਦਾਨੰਦ ਜੀ ਦਾ ਸਿਰ ਕੱਟ ਕੇ ਕੁਰਬਾਨੀ ਵਾਲੀ ਜਗਾ ਤੇ ਰੱਖ ਕੇ ਗੁਰੂ ਸਾਹਿਬ ਜੀ ਦਾ ਸੀਸ ਸਤਿਕਾਰ ਨਾਲ ਆਨੰਦਪੁਰ ਸਾਹਿਬ ਲਿਆ ਕੇ ਦਸਮੇਸ਼ ਪਿਤਾ ਨੂੰ ਭੇਂਟ ਕੀਤਾ। ਉਹਨਾਂ ਕਿਹਾ ਕਿ ਬਾਬਾ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਬਹੁਜਨ ਸਮਾਜ ਪਾਰਟੀ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਵਿੱਚ ਸੰਘਰਸ਼ ਕਰ ਰਹੀ ਹੈ। ਉਹਨਾਂ ਲੋਕਾਂ ਨੂੰ ਇਸ ਕਾਰਜ ਲਈ ਬਸਪਾ ਦਾ ਸਾਥ ਦੇਣ ਦੀ ਅਪੀਲ ਕੀਤੀ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਸ੍ਰੀ ਸੰਤ ਰਾਮ ਮੱਲੀ ਸੂਬਾ ਸਕੱਤਰ ਬਸਪਾ ਪੰਜਾਬ ਨੇ ਕਿਹਾ ਕਿ ਬਾਬਾ ਜੀ ਦੀ ਲਾਸਾਨੀ ਕੁਰਬਾਨੀ ਦੀ ਮਿਸਾਲ ਪੂਰੀ ਦੁਨੀਆਂ ਵਿੱਚ ਕਿਤੇ ਵੀ ਨਹੀਂ ਮਿਲਦੀ ਅਤੇ ਸਾਨੂੰ ਸਭ ਨੂੰ ਬਸਪਾ ਨੂੰ ਕਾਮਯਾਬ ਕਰਨ ਲਈ ਇਕੱਠੇ ਹੋ ਕੇ ਸੰਘਰਸ਼ ਕਰਨਾ ਪਵੇਗਾ। ਇਸ ਸਮਾਗਮ ਦੀ ਪ੍ਰਧਾਨਗੀ ਜਿਲਾ ਪ੍ਰਧਾਨ ਬਸਪਾ ਹਰਦੇਵ ਸਿੰਘ ਤਖਾਣਵੱਧ ਨੇ ਕੀਤੀ। ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਲੋਕ ਸਭਾ ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ, ਜਿਲ੍ਹਾ ਇੰਚਾਰਜ ਜਗਤਾਰ ਸਿੰਘ ਲੌਂਗੀਵਿੰਡ, ਜਿਲ੍ਹਾ ਇੰਚਾਰਜ ਸੇਵਕ ਸਿੰਘ ਮਾਣੂੰਕੇ, ਜਿਲ੍ਹਾ ਇੰਚਾਰਜ ਨਿਰਭੈ ਸਿੰਘ ਭਿੰਡਰ, ਜਿਲ੍ਹਾ ਪ੍ਰਧਾਨ ਮਹਿਲਾ ਸੰਗਠਨ ਬੀਬੀ ਸੁਨੀਤਾ ਰਾਣੀ ਮੋਗਾ, ਜਿਲ੍ਹਾ ਮੀਤ ਪ੍ਰਧਾਨ ਵਾਰਿਸ ਮਸੀਹ ਡਰੋਲੀ ਭਾਈ, ਬੀਬੀ ਕੁਲਵਿੰਦਰ ਕੌਰ ਚੀਮਾ ਹਲਕਾ ਪ੍ਰਧਾਨ ਮਹਿਲਾ ਸੰਗਠਨ ਧਰਮਕੋਟ, ਡਾਕਟਰ ਬਲਜੀਤ ਸਿੰਘ ਮੋਗਾ ਹਲਕਾ ਪ੍ਰਧਾਨ ਮੋਗਾ, ਹਲਕਾ ਇੰਚਾਰਜ ਮੋਗਾ ਜਗਤਾਰ ਸਿੰਘ ਚੜਿੱਕ, ਸੁਰਜੀਤ ਮਸੀਹ ਸ਼ਹਿਰੀ ਪ੍ਰਧਾਨ ਮੋਗਾ, ਬਲੌਰ ਸਿੰਘ ਨੀਲਾ ਸ਼ਹਿਰੀ ਪ੍ਰਧਾਨ ਬਾਘਾਪੁਰਾਣਾ, ਜਨਰਲ ਸਕੱਤਰ ਬਲਵੀਰ ਸਿੰਘ ਸਿੱਧੂ, ਕਰਨੈਲ ਸਿੰਘ ਕਾਲੇਕੇ ਹਲਕਾ ਜਨਰਲ ਸਕੱਤਰ ਬਾਘਾਪੁਰਾਣਾ, ਅਵਤਾਰ ਸਿੰਘ ਘੋਲੀਆ ਕਲਾਂ, ਜਗਸੀਰ ਸਿੰਘ ਸੀਰਾ ਚੜਿੱਕ, ਲਖਵੀਰ ਸਿੰਘ ਲੱਖੀ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਮਿਸ਼ਨਰੀ ਕਲਾਕਾਰ ਅਤੇ ਦੋ ਆਵਾਜ਼ਾਂ ਦੀ ਮਾਲਕ ਬੀਬਾ ਮਨਦੀਪ ਮਣੀ ਨੇ ਮਿਸ਼ਨਰੀ ਗੀਤਾਂ ਨਾਲ ਜਾਗਰਿਤ ਕੀਤਾ।

ਅੰਬੇਡਕਰਾਇਟ ਲੀਗਲ ਫੋਰਮ, ਵੱਲੋਂ ਐਡਵੋਕੇਟ ਚਰਨਜੀਤ ਪੁਆਰੀ ਵੱਲੋਂ ਲਿਖੀ ਕਿਤਾਬ "ਜਨਗਣਨਾ" ਰੀਲੀਜ ਕੀਤੀ ਗਈ

ਜਲੰਧਰ (ਬਿਊਰੋ)– ਅੰਬੇਡਕਰਾਇਟ ਲੀਗਲ ਫੋਰਮ ਦੇ ਮੈਂਬਰਾਂ ਵੱਲੋਂ 01 ਫਰਵਰੀ 2021 (ਸੋਮਵਾਰ) ਨੂੰ ਜਲੰਧਰ ਵਿਖੇ ਇੱਕ ਵਿਸ਼ੇਸ਼ ਇਕੱਠ ਕੀਤਾ ਗਿਆ। ਜਿਸ ਵਿੱਚ ਐਡਵੋਕੇਟ ਚਰਨਜੀਤ ਪੁਆਰੀ (ਫਿਲੌਰ) ਵੱਲੋਂ ਉਹਨਾਂ ਵੱਲੋਂ ਹਾਲ ਹੀ ਵਿੱਚ ਲਿਖੀ ਗਈ "ਜਨਗਣਨਾ" ਨਾਂ ਦੀ ਇੱਕ ਕਿਤਾਬ ਨੂੰ ਸਮੂਹ ਮੈਂਬਰਾਂ ਦੀ ਮੌਜੂਦਗੀ ਵਿੱਚ ਅੰਬੇਡਕਰਾਇਟ ਲੀਗਲ ਫੋਰਮ ਵੱਲੋਂ ਰੀਲੀਜ ਕੀਤਾ ਗਿਆ । ਐਡਵੋਕੇਟ ਚਰਨਜੀਤ ਪੁਆਰੀ ਜੀ ਨੇ ਇਸ ਕਿਤਾਬ ਬਾਰੇ ਦੱਸਿਆ ਗਿਆ ਕਿ ਇਸ ਕਿਤਾਬ ਵਿੱਚ ਉਹਨਾਂ ਵੱਲੋਂ ਮਹੱਤਵਪੂਰਨ ਡਾਟਾ ਇਕੱਠਾ ਕਰਕੇ ਲਿਖਿਆ ਗਿਆ ਹੈ।ਉਹਨਾਂ ਨੇ ਇਸ ਵਿੱਚ ਜਨਗਣਨਾ ਲਈ ਭਾਰਤ ਦੇ ਸੰਵਿਧਾਨ ਦੇ ਅਨੁਛੇਦਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਜਿਸਦਾ ਮੁੱਖ ਉਦੇਸ਼ ਇਹ ਹੈ ਕਿ ਲੋਕ ਇਸ ਕਿਤਾਬ ਨੂੰ ਪੜ੍ਹ ਕੇ ਆਪਣੀ ਸਮਝ ਬੂਝ ਨਾਲ ਭਾਰਤ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਅਗਾਮੀ ਜਨਗਣਨਾ ਵਿੱਚ ਕੀ ਕੁੱਝ ਲਿਖਣਾ ਚਾਹੀਦਾ ਹੈ। ਇਸ ਮੌਕੇ ਤੇ ਸਮੂਹ ਮੈਂਬਰਾਂ ਨੇ ਐਡਵੋਕੇਟ ਚਰਨਜੀਤ ਪੁਆਰੀ ਜੀ ਨੂੰ ਬਹੁਤ-ਬਹੁਤ ਵਧਾਈ ਦਿੱਤੀ ਅਤੇ ਇਸ ਕਿਤਾਬ ਦੀ ਸਫਲਤਾ ਕੀ ਸ਼ੁਭ ਕਾਮਨਾਵਾਂ ਦਿੱਤੀਆਂ।



ਇਸ ਮੌਕੇ ਤੇ ਜਲੰਧਰ ਦੇ ਬਹੁਤ ਸਾਰੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਰ ਸਨ। ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ), ਐਡਵੋਕੇਟ ਰਾਜੂ ਅੰਬੇਡਕਰ (ਜਨਰਲ ਸਕੱਤਰ), ਐਡਵੋਕੇਟ ਰਜਿੰਦਰ ਆਜ਼ਾਦ (ਵਾਈਸ ਪ੍ਰਧਾਨ), ਐਡਵੋਕੇਟ ਬਲਦੇਵ ਪ੍ਰਕਾਸ਼ ਰਲ, ਐਡਵੋਕੇਟ ਰਜਿੰਦਰ ਪਾਲ ਬੋਪਾਰਾਏ, ਐਡਵੋਕੇਟ ਆਰ.ਕੇ. ਮਹਿਮੀ, ਐਡਵੋਕੇਟ ਸਤਪਾਲ ਵਿਰਦੀ, ਐਡਵੋਕੇਟ ਸੂਰਜ ਪ੍ਰਕਾਸ਼ ਲਾਡੀ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਰਮਨ ਸਿੱਧੂ, ਐਡਵੋਕੇਟ ਹਰਪੈਰੀਤ ਸਿੰਘ, ਐਡਵੋਕੇਟ ਚਰਨਜੀਤ ਪੁਆਰੀ, ਐਡਵੋਕੇਟ ਜਗਜੀਵਨ ਰਾਮ, ਐਡਵੋਕੇਟ ਪੜ੍ਹਨ ਵਿਰਦੀ, ਐਡਵੋਕੇਟ ਦਰਸ਼ਨ ਸਿੰਘ, ਐਡ-ਵੋਕੇਟ ਸੰਗੀਤਾ ਰਾਨੀ, ਐਡਵੋਕੇਟ ਸਤਨਾਮ ਸੁਮਨ, ਐਡਵੋਕੇਟ ਪਰਵੀਨ ਕੈਂਠ।

ਪ੍ਰਮੋਸ਼ਨਲ ਵਿਭਾਗ ਪੰਜਾਬ ਦੀ ਜਾਤੀਵਾਦੀ ਸੋਚ ਪੂਰਦਾ ਸਰਕਾਰੀ ਹੱਥ-ਠੋਕਾ- ਜਸਵੀਰ ਸਿੰਘ ਗੜ੍ਹੀ

ਜਲੰਧਰ (ਬਿਊਰੋ)– ਦੇਸ਼ ਦੇ ਕਿਸੀ ਵੀ ਸੂਬੇ ਵਿੱਚ ਸਭ ਤੋਂ ਜ਼ਿਆਦਾ ਅਨੁਸੂਚਿਤ ਜਾਤੀਆਂ ਦੀ ਆਬਾਦੀ ਪੰਜਾਬ ਹੈ ਜੋ ਕਿ 35% ਦੇ ਕਰੀਬ ਹੈ। ਇਹਨਾਂ ਦਲਿਤ ਵਰਗਾਂ ਦੇ ਮੁਲਾਜ਼ਮ ਵਰਗਾਂ ਨੂੰ ਅੱਜ ਤੋਂ ਬਾਅਦ ਹਮੇਸ਼ਾ ਕਾਂਗਰਸ, ਅਕਾਲੀ ਦਲ, ਭਾਜਪਾ ਦੀਆਂ ਸਰਕਾਰਾਂ ਨੇ ਜਾਤੀਵਾਦ ਸੋਚ ਤਹਿਤ ਕੁਚਲਣ ਤੇ ਰਗੜਨ ਦਾ ਕੰਮ ਕੀਤਾ ਹੈ।

ਅਜਿਹਾ ਪ੍ਰਗਟਾਵਾ ਕਰਦਿਆਂ ਪੰਜਾਬ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਦਲਿਤ ਵਿਰੋਧੀ ਮਾਨਸਿਕਤਾ ਦੀ ਤੁਸ਼ਟੀਕਰਣ ਲਈ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੇ ਪ੍ਰਮੋਸ਼ਨਲ ਵਿਭਾਗ ਦੀ ਪੂਰੀ ਤਰਾਂ ਦੁਰਵਰਤੋਂ ਕੀਤੀ ਹੈ ਅਤੇ ਪ੍ਰਮੋਸ਼ਨਲ ਵਿਭਾਗ ਗੈਰ ਕਾਨੂੰਨੀ ਢੰਗ ਨਾਲ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗਦਾ ਹੋਇਆ ਸਰਕਾਰਾਂ ਦਾ ਹੱਥ-ਠੋਕਾ ਬਣਿਆ ਹੋਇਆ ਹੈ।

ਸਰਦਾਰ ਗੜ੍ਹੀ ਨੇ ਕਿਹਾ ਕਿ ਉਪਰੋਕਤ ਦਾ ਸਬੂਤ ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮਾਂ ਲਈ ਪੰਜਾਬ ਵਿੱਚ ਖਤਮ ਕੀਤੇ ਤਰੱਕੀਆਂ ਦੇ ਮੌਕੇ ਹਨ, ਜਿਸ ਦੇ ਲਈ ਅਕਾਲੀ ਦਲ ਦੀ ਸਰਕਾਰ ਵਲੋਂ ਜਾਰੀ 10.10.2014 ਦਾ ਪੱਤਰ ਵਰਤਿਆਂ ਗਿਆ ਹੈ। ਹਾਲਾਂਕਿ 85ਵੀਂ ਸੋਧ ਦੇਸ਼ ਪੱਧਰੀ 2002 ਵਿੱਚ ਪਾਰਲੀਮੈਂਟ ਵਿੱਚ ਪਾਸ ਹੋਈ ਸੀ। ਪਰੰਤੂ ਤਤਕਾਲੀਨ ਕਾਂਗਰਸ ਸਰਕਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ 3 ਸਾਲ ਦਲਿਤ ਮੁਲਾਜ਼ਮਾਂ ਦੀਆਂ ਤਰੱਕੀਆਂ ਰੋਕਣ ਤੋਂ ਬਾਅਦ 2005 ਵਿੱਚ ਵਿਧਾਨ ਸਭਾ ਤੋਂ 85ਵੀ ਸੋਧ ਲਾਗੂ ਕੀਤੀ। ਬਿਨਾਂ ਤਰੱਕੀਆਂ ਦਿੱਤੇ 2006 ਵਿੱਚ ਨਾਗਰਾਜ ਫੈਸਲਾ ਹੋ ਗਿਆ ਅਤੇ ਅਨੁਸੂਚਿਤ ਵਰਗ ਦੇ ਮੁਲਾਜ਼ਮ ਤਰੱਕੀਆਂ ਤੋਂ ਵਾਂਝੇ ਰਹਿ ਗਏ ਅਤੇ ਕਾਂਗਰਸ ਦੇ 5 ਸਾਲਾਂ ਵਿੱਚ ਦਲਿਤ ਮੁਲਾਜ਼ਮਾਂ ਧੱਕਾ ਕੀਤਾ ਗਿਆ।

ਅਕਾਲੀ ਦਲ ਸਰਕਾਰ 2007 ਵਿੱਚ ਬਣੀ, ਪਰੰਤੂ ਅਨੁਸੂਚਿਤ ਜਾਤੀਆਂ ਦੀ ਤਰੱਕੀ ਲਈ ਕੈਬਨਿਟ ਵਿੱਚ 2010 ਵਿੱਚ ਪਾਸ ਕੀਤਾ । ਤਰੱਕੀਆਂ ਸ਼ੁਰੂ ਵੀ ਨਹੀਂ ਸੀ ਹੋਈਆਂ ਸੀ ਕਿ 10.10.2014 ਦਾ ਪੱਤਰ ਤਤਕਾਲੀਨ ਮੁੱਖ ਮੰਤਰੀ ਸੈਰ. ਪ੍ਰਕਾਸ਼ ਸਿੰਘ ਬਾਦਲ, ਮੁੱਖ ਸਕੱਤਰ, ਪ੍ਰਮੋਸ਼ਨਲ ਵਿਭਾਗ ਅਤੇ ਐਡਵੋਕੇਟ ਜਨਰਲ, ਪੰਜਾਬ ਦੀ ਮਿਲੀ ਭੁਗਤ, ਕੈਬਨਿਟ ਫੈਸਲੇ ਨੂੰ ਕੁਚਲ ਕੇ ਗੈਰ ਸੰਵਿਧਾਨਿਕ ਪੱਤਰ ਜਾਰੀ ਕੀਤਾ ਅਤੇ ਦਲਿਤ ਮੁਲਾਜ਼ਮਾਂ ਦੀਆਂ ਤਰੱਕੀਆਂ ਰੋਕ ਦਿੱਤੀਆਂ। 2017 ਤੱਕ ਅਕਾਲੀ ਦਲ, ਭਾਜਪਾ ਨੇ ਪੰਜਾਬ ਵਿੱਚ ਅਨੁਸੂਚਿਤ ਜਾਤੀ ਵਰਗਾਂ ਨੂੰ ਪ੍ਰਮੋਸ਼ਨਲ ਵਿਭਾਗ ਦੇ ਗੈਰ ਸੰਵਿਧਾਨਿਕ ਪੱਤਰ ਰਾਹੀਂ ਕੁਚਲਣ ਦਾ ਕੰਮ ਕੀਤਾ।

ਹੁਣ ਮੌਜੂਦਾ ਦੌਰ ਵਿੱਚ ਕਾਂਗਰਸ ਦੀ ਸਰਕਾਰ ਹੈ ਅਤੇ ਅਨੁਸੂਚਿਤ ਜਾਤੀ ਵਰਗਾਂ ਨੂੰ ਕੁਚਲਣ ਦਾ ਕੰਮ 2017 ਤੋਂ ਜਾਰੀ ਹੈ ਅਤੇ 4 ਸਾਲ ਹੋ ਚੁੱਕੇ ਹਨ, ਇਸ ਦੌਰਾਨ ਅਨੁਸੂਚਿਤ ਜਾਤੀ ਕਮਿਸ਼ਨ ਨੇ ਸੂ-ਮੋਟੋ ਲੈ ਕੇ 09.07.2020 ਤੋਂ ਪ੍ਰਮੋਸ਼ਨਲ ਵਿਭਾਗ, ਭਲਾਈ ਵਿਭਾਗ ਦੀ ਲਗਾਤਾਰ ਖਿਚਾਈ ਕੀਤੀ ਹੈ ਅਤੇ 7 ਤੋਂ ਜ਼ਿਆਦਾ ਮੀਟਿੰਗਾਂ ਕੀਤੀਆਂ ਅਤੇ ਪ੍ਰਮੋਸ਼ਨਲ ਵਿਭਾਗ ਵਲੋਂ ਕੈਬਨਿਟ ਫੈਸਲੇ ਨੂੰ ਉਲੱਦਣ ਸਬੰਧੀ ਜ਼ਿੰਮੇਵਾਰ ਅਧਿਕਾਰੀਆਂ ਦਾ ਹਲਫੀਆਂ ਬਿਆਨ ਮੰਗਿਆਂ ਅਤੇ ਪ੍ਰਮੋਸ਼ਨਲ ਵਿਭਾਗ ਨੇ ਅਨੁਸੂਚਿਤ ਕਮਿਸ਼ਨ ਨੂੰ ਟਿੱਚ ਜਾਣਦਿਆਂ 2 ਵਾਰ ਸਧਾਰਨ ਪੱਤਰ ਉਪਰ ਦਰਜਾ ਚਾਰ ਰਾਹੀਂ ਉੱਤਰ ਦਿੱਤਾ।

ਸ. ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿੱਚ ਦਲਿਤ ਵਰਗ ਦੇ ਮੁਲਾਜ਼ਮਾਂ ਨਾਲ ਹੋ ਰਿਹਾ ਧੱਕਾ ਹੁਣ ਬਰਦਾਸ਼ਤ ਤੋਂ ਬਾਹਰ ਹੈ । ਪੰਜਾਬ ਸਰਕਾਰ ਖ਼ਿਲਾਫ਼ ਬਹੁਜਨ ਸਮਾਜ ਪਾਰਟੀ ਵਿਸ਼ਾਲ ਜਨ ਸਮੂਹ ਇਕੱਠਾ ਕਰਕੇ ਖੁਲਾਸੇ ਕਰੇਗੀ। ਸਰਕਾਰਾਂ ਨੂੰ ਦਲਿਤ ਮੁਲਾਜ਼ਮਾਂ ਅਤੇ ਦਲਿਤ ਵਰਗਾਂ ਦੀਆਂ ਹੱਕੀ ਮੰਗਾਂ ਨੂੰ ਪੂਰਾ ਕਰਨ ਦਾ ਤਿੰਨ ਹਫਤਿਆਂ ਦਾ ਅਲਟੀਮੇਟਮ ਸਮਾਂ ਦਿੱਤਾ ਜਾਂਦਾ ਹੈ ਜੋ ਕਿ 20 ਫਰਵਰੀ 2021 ਰਹੇਗਾ, ਨਹੀਂ ਤਾਂ ਬਸਪਾ ਪੰਜਾਬ ਵਿੱਚ ਵਿਸ਼ਾਲ ਅੰਦੋਲਨ ਦਾ ਆਗਾਜ਼ ਕਰੇਗੀ।

ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਤੇ ਪੱਥਰ ਬਰਸਾਉਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਵੇ ਸਰਕਾਰ - ਸਮਤਾ ਸੈਨਿਕ ਦਲ

ਜਲੰਧਰ (ਬਿਊਰੋ)– ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ), ਪੰਜਾਬ ਯੂਨਿਟ ਦੀ ਮੀਟਿੰਗ ਦਲ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ. ਮੀਟਿੰਗ ਵਿਚ ਦਲ ਦੀ ਸਲਾਨਾ ਚੋਣ ਬਾਰੇ, ਦਲ ਦੀ ਪੰਜਾਬ ਸ਼ਾਖਾ ਵੱਲੋਂ ਸੋਵੀਨਰ 2021 ਪ੍ਰਕਾਸ਼ਿਤ ਕਰਨ ਬਾਰੇ ਅਤੇ ਦਲ ਦੀਆਂ ਗਤੀਵਿਧੀਆਂ ਨੂੰ ਸਰਗਰਮ ਕਰਨ ਬਾਰੇ ਵਿਚਾਰ-ਚਰਚਾ ਕੀਤੀ ਗਈ. ਦਲ ਦਾ ਪੰਜਾਬ ਯੂਨਿਟ ਹਰ ਸਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ 'ਤੇ ਉਹਨਾਂ ਦੀ ਯਾਦ ਨੂੰ ਸਮਰਪਿਤ ਅਲੱਗ ਅਲੱਗ ਵਿਸ਼ਿਆਂ ਤੇ ਸੋਵੀਨਰ ਪ੍ਰਕਾਸ਼ਿਤ ਕਰਦਾ ਆ ਰਿਹਾ ਹੈ. ਇਸ ਬਾਰ ਵੀ ਅੰਬੇਡਕਰਾਈਟ ਫ਼ਲਸਫ਼ੇ ਦੇ ਅਨੁਸਾਰ ਜਨਤਾ ਨਾਲ ਸਬੰਧਤ ਮੁੱਦਿਆਂ 'ਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 'ਤੇ 14 ਅਪ੍ਰੈਲ ਨੂੰ ਸੋਵੀਨਰ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਗਿਆ. ਦਲ ਦੇ ਨਵੇਂ ਮੈਂਬਰ ਬਣਾਉਣ ਅਤੇ ਬਾਡੀ ਦੀ ਚੋਣ ਮਈ ਵਿਚ ਕਰਾਉਣ ਦਾ ਵੀ ਫੈਸਲਾ ਕੀਤਾ ਗਿਆ.

ਜਸਵਿੰਦਰ ਵਰਿਆਣਾ ਨੇ ਕਿਹਾ ਕਿ ਕਿਸਾਨ ਅੰਨ ਦਾਤਾ ਹਨ ਜੋ ਗਰੀਬ ਤੇ ਅਮੀਰ, ਪੁਰਸ਼ ਤੇ ਔਰਤ, ਬਚੇ ਤੇ ਬੁੱਢੇ ਅਤੇ ਗੋਰੇ ਤੇ ਕਾਲੇ, ਸਭ ਲਈ ਅੰਨ ਪੈਦਾ ਕਰਦੇ ਹਨ. ਕਿਸਾਨ ਖੇਤੀ ਦੇ ਤਿੰਨ ਕਾਲੇ ਕਾਨੂੰਨਾਂ ਨੂੰ ਸਰਕਾਰ ਕੋਲੋਂ ਰੱਦ ਕਰਾਉਣ ਲਈ ਦਿੱਲੀ ਦੇ ਬਾਰਡਰਾਂ ਤੇ ਤਕਰੀਬਨ 70 ਦਿਨਾਂ ਤੋਂ ਲਗਾਤਾਰ ਸ਼ਾਂਤੀਪੂਰਨ ਅੰਦੋਲਨ ਕਰ ਰਹੇ ਹਨ. ਕੁਝ ਸ਼ਰਾਰਤੀ ਅਨਸਰ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਕਿਸਾਨਾਂ ਤੇ ਪੱਥਰ ਬਰਸਾ ਕੇ ਉਹਨਾਂ ਦੇ ਅੰਦੋਲਨ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ. ਸਮਤਾ ਸੈਨਿਕ ਦਲ ਇਸ ਦੀ ਘੋਰ ਨਿੰਦਿਆ ਕਰਦਾ ਹੈ ਅਤੇ ਸਰਕਾਰ ਤੋਂ ਮੰਗ ਕਰਦਾ ਹੈ ਕਿ ਸ਼ਰਾਰਤੀ ਅਨਸਰਾਂ ਵਿਰੁੱਧ ਪਰਚੇ ਦਰਜ ਕਰਕੇ ਉਹਨਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਖੇਤੀ ਦੇ ਤਿੰਨ ਕਾਲੇ ਕਾਨੂੰਨਾਂ ਨੂੰ ਜਲਦ ਰੱਦ ਕਰਕੇ ਕਿਸਾਨਾਂ ਦਾ ਅੰਦੋਲਨ ਖਤਮ ਕੀਤਾ ਜਾਵੇ. ਇਹ ਜਾਣਕਾਰੀ ਦਲ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿਚ ਕੀਤੀ. ਮੀਟਿੰਗ ਵਿਚ ਸਰਵਸ਼੍ਰੀ ਐੱਲ ਆਰ ਬਾਲੀ, ਐਡਵੋਕੇਟ ਕੁਲਦੀਪ ਭੱਟੀ, ਵਰਿੰਦਰ ਕੁਮਾਰ, ਚਮਨ ਲਾਲ, ਤਿਲਕ ਰਾਜ, ਨੀਤੀਸ਼, ਸ਼ੁਭਮ ਕੁਮਾਰ, ਗੌਤਮ ਹੋਸ਼ਿਆਰਪੂਰ ਅਤੇ ਸੁਖਰਾਜ ਹਾਜਰ ਸਨ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਫਰਿਜ਼ਨੋ ਸਟੇਟ ਪਹਿਲਵਾਨ ਹੋਇਆ ਬਲਾਤਕਾਰ ਸਮੇਤ ਕਈ ਸੰਗੀਨ ਦੋਸ਼ਾਂ ਵਿੱਚ ਗ੍ਰਿਫਤਾਰ

ਫਰਿਜ਼ਨੋ (ਕੈਲੀਫੋਰਨੀਆਂ), 27 ਜਨਵਰੀ 2021– ਫਰਿਜ਼ਨੋ ਦੇ ਇੱਕ ਪਹਿਲਵਾਨ ਇਸਾਹ ਟੀਟੋ ਪਰੇਜ਼ ਨੂੰ ਕਈ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਵਿੱਚ ਇੱਕ ਨਸ਼ਾ ਪੀੜਤਾ ਨਾਲ ਬਲਾਤਕਾਰ ਵੀ ਸ਼ਾਮਿਲ ਹੈ। ਪਰੇਜ਼ ਨੂੰ ਸ਼ੁੱਕਰਵਾਰ ਸਵੇਰੇ ਫਰਿਜ਼ਨੋ ਪੁਲਿਸ ਦੇ ਅਧਿਕਾਰੀਆਂ ਨੇ ਉਸਦੇ ਆਫ-ਕੈਂਪਸ ਅਪਾਰਟਮੈਂਟ ਵਿਖੇ ਹਿਰਾਸਤ ਵਿੱਚ ਲੈ ਲਿਆ ਸੀ ਅਤੇ 220,000 ਡਾਲਰ ਦੀ ਜ਼ਮਾਨਤ ਨਾਲ ਕਾਉਂਟੀ ਜੇਲ ਵਿੱਚ ਭੇਜ ਦਿੱਤਾ ਸੀ। ਫਰਿਜ਼ਨੋ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗ੍ਰਿਫ਼ਤਾਰੀ ਤਕਰੀਬਨ ਦੋ ਮਹੀਨੇ ਦੀ ਜਾਂਚ ਤੋਂ ਬਾਅਦ ਹੋਈ ਹੈ। ਪੁਲਿਸ ਰਿਪੋਰਟਾਂ ਦੇ ਅਨੁਸਾਰ, ਪਰੇਜ਼ ਨੇ 18 ਨਵੰਬਰ 2020 ਨੂੰ ਇੱਕ ਅਪਾਰਟਮੈਂਟ ਵਿੱਚ ਇੱਕ ਪਾਰਟੀ ਆਯੋਜਿਤ ਕਰਦਿਆਂ ਲੋਕਾਂ ਦੇ ਇੱਕ ਸਮੂਹ ਨੂੰ ਬੁਲਾਇਆ, ਜਿੱਥੇ ਕਿ ਸ਼ਰਾਬ ਅਤੇ ਭੰਗ ਦਾ ਇਸਤੇਮਾਲ ਕੀਤਾ ਗਿਆ,ਜਿੱਥੇ ਉਸਨੂੰ ਬਲਾਤਕਾਰੀ ਪੀੜਤਾ ਨਾਲ ਵੇਖਿਆ ਗਿਆ ਸੀ। ਜੇਲ ਦੇ ਰਿਕਾਰਡ ਅਨੁਸਾਰ 28 ਨਵੰਬਰ ਨੂੰ 21 ਸਾਲ ਦੇ ਹੋਏ ਪਰੇਜ਼ ਨੂੰ ਬਲਾਤਕਾਰ ਕਰਨ ਲਈ ਅਗਵਾ ਕਰਨ, ਨਸ਼ਾ ਪੀੜਤ ਨਾਲ ਬਲਾਤਕਾਰ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

ਫਰਿਜ਼ਨੋ ਸਟੇਟ ਵਿੱਚ ਪਿਛਲੇ ਦੋ ਸੀਜ਼ਨਾਂ ਵਿੱਚ ਇਸਾਹ ਪਰੇਜ਼ ਨਾਮ ਦੇ ਦੋ ਪਹਿਲਵਾਨ ਆਏ ਹਨ। ਇਸਾਹ ਟੀਟੋ ਪਰੇਜ਼ ਜੋ ਕਿ ਹੁਣ ਅਥਲੈਟਿਕਸ ਵਿਭਾਗ ਦੀ ਵੈਬਸਾਈਟ ਤੇ ਸੂਚੀਬੱਧ ਨਹੀਂ ਹੈ, ਪਰ 2021 ਕੁਸ਼ਤੀ ਮੀਡੀਆ ਗਾਈਡ ਵਿੱਚ ਸ਼ਾਮਿਲ ਹੈ ਅਤੇ ਉਹ ਟਰਲੋਕ ਦੇ ਪਿਟਮੈਨ ਹਾਈ ਤੋਂ ਫਰਿਜ਼ਨੋ ਸਟੇਟ ਆਇਆ ਸੀ।

ਅਰਕਨਸਾਸ ਦੇ ਸਾਬਕਾ ਡਾਕਟਰ ਨੂੰ ਗਲਤ ਇਲਾਜ ਕਰਨ 'ਤੇ ਹੋਈ 20 ਸਾਲ ਦੀ ਸਜਾ



ਫਰਿਜ਼ਨੋ (ਕੈਲੀਫੋਰਨੀਆਂ), 27 ਜਨਵਰੀ 2021– ਅਮਰੀਕਾ ਦੇ ਸੂਬੇ ਅਰਕਨਸਾਸ ਵਿੱਚ ਇੱਕ ਸਾਬਕਾ ਡਾਕਟਰ ਨੂੰ ਆਪਣੇ ਕਿੱਤੇ ਵਿੱਚ ਲਾਪਰਵਾਹੀ ਵਰਤਣ ਅਤੇ ਮਰੀਜ਼ਾਂ ਦਾ ਗਲਤ ਇਲਾਜ ਕਰਨ ਕਰਕੇ ਕੈਦ ਦੀ ਸਜਾ ਸੁਣਾਈ ਗਈ ਹੈ। ਇਸ ਮਾਮਲੇ ਵਿੱਚ ਫਾਰ-ਏਟਵਿਲੇ 'ਚ ਵੈਟਰਨਜ਼ ਹਸਪਤਾਲ ਦੇ ਇੱਕ ਸਾਬਕਾ ਪੈਥੋਲੋਜਿਸਟ 54 ਸਾਲਾ ਰਾਬਰਟ ਮੌਰਿਸ ਲੇਵੀ ਨੂੰ ਸ਼ੁੱਕਰਵਾਰ ਦੇ ਦਿਨ ਅਦਾਲਤ ਦੁਆਰਾ ਇੱਕ ਮਰੀਜ਼ ਦੀ ਇਲਾਜ ਦੌਰਾਨ ਕੀਤੀ ਕੁਤਾਹੀ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਦੋਸ਼ੀ ਮੰਨਦਿਆਂ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਸੰਬੰਧੀ ਸਰਕਾਰੀ ਵਕੀਲਾਂ ਅਨੁਸਾਰ ਲੇਵੀ ਨੇ ਇੱਕ ਮਰੀਜ਼ ਦਾ ਲਿਮਫੋਮਾ ਬਿਮਾਰੀ ਨਾਲ ਸੰਬੰਧਿਤ ਇਲਾਜ ਕੀਤਾ ਜਦੋਂ ਕਿ ਮਰੀਜ਼ ਅਸਲ ਵਿੱਚ ਇੱਕ ਸਮਾਲ ਸੈੱਲ ਕਾਰਸਿਨੋਮਾ ਨਾਮਕ ਬਿਮਾਰੀ ਤੋਂ ਪੀੜਤ ਸੀ। ਇਸ ਦੇ ਬਾਅਦ ਲੇਵੀ ਨੇ ਮਰੀਜ਼ ਦਾ ਝੂਠਾ ਮੈਡੀਕਲ ਰਿਕਾਰਡ ਬਣਾਇਆ ਜਿਸ ਨਾਲ ਰਿਪੋਰਟ ਦੇ ਆਧਾਰ ਤੇ ਇੱਕ ਦੂਜਾ ਪੈਥੋਲੋਜਿਸਟ ਵੀ ਉਸੇ ਇਲਾਜ ਸਹਿਮਤ ਹੋਇਆ ਅਤੇ ਬਾਅਦ ਵਿੱਚ ਮਰੀਜ਼ ਦੀ ਮੌਤ ਹੋ ਗਈ ਸੀ। ਇਸਦੇ ਇਲਾਵਾ ਲੇਵੀ ਨੂੰ ਮਿਥਾਈਲ ਅਤੇ ਬੂਟਾਨੋਲ ਦੀ ਵਰਤੋਂ ਲਈ ਵੀ ਦੋਸ਼ੀ ਪਾਇਆ ਗਿਆ ਹੈ, ਜਿਹਨਾਂ ਦੀ ਵਰਤੋਂ ਉਹ ਨਸ਼ੇ ਲਈ ਕਰਦਾ ਸੀ। ਅਧਿਕਾਰੀਆਂ ਨੇ ਲੇਵੀ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਡਾਕਟਰ ਦੁ-ਆਰਾ ਇਲਾਜ ਕੀਤੇ ਗਏ ਲਗਭਗ 34,000 ਕੇਸਾਂ ਵਿੱਚੋਂ 3000 ਤੋਂ ਵੱਧ ਮਾਮਲਿਆਂ ਵਿੱਚ ਗਲਤੀਆਂ ਕੀਤੀਆਂ ਗਈਆਂ ਹਨ । ਇਸਦੇ ਇਲਾਵਾ ਸੁਣਵਾਈ ਦੌਰਾਨ ਅਦਾਲਤ ਨੂੰ ਦਿੱਤੇ ਇੱਕ ਬਿਆਨ ਵਿਚ ਲੇਵੀ ਨੇ ਆਪਣੇ ਕੰਮਾਂ ਲਈ ਮੁਆਫ਼ੀ ਮੰਗੀ ਹੈ।

ਬਾਈਡੇਨ ਪ੍ਰਸ਼ਾਸਨ ਰਾਜਾਂ ਨੂੰ ਕੋਰੋਨਾਂ ਟੀਕਿਆਂ ਦੀ ਸਪਲਾਈ ਵਿੱਚ ਕਰੇਗਾ ਵਾਧਾ

ਫਰਿਜ਼ਨੋ (ਕੈਲੀਫੋਰਨੀਆਂ), 27 ਜਨਵਰੀ 2021– ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੇਸ਼ ਵਿੱਚ ਕੋਰੋਨਾਂ ਟੀਕਾਕਰਨ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਹਰ ਸੰਭਵ ਯਤਨ ਕਰ ਰਹੇ ਹਨ। ਇਸ ਸੰਬੰਧੀ ਮੰਗਲਵਾਰ ਨੂੰ ਵਾਈਟ ਹਾਊਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਬਾਈਡੇਨ ਪ੍ਰਸ਼ਾਸਨ ਅਗਲੇ ਹਫਤੇ ਰਾਜਾਂ ਅਤੇ ਪ੍ਰਦੇਸ਼ਾਂ ਨੂੰ ਕੋਵਿਡ -19 ਟੀਕਿਆਂ ਦੀ ਸਪਤਾਹਿਕ ਸਪਲਾਈ ਨੂੰ 16× ਤੱਕ ਵਧਾ ਰਿਹਾ ਹੈ ਅਤੇ ਰਾਜਪਾਲਾਂ ਨੂੰ ਇਸ ਲਈ ਨੋਟਿਸ ਦੇਣ ਦੀ ਯੋਜਨਾ ਵੀ ਬਣਾ ਰਿਹਾ ਹੈ। ਇਸ ਨਵੀਂ ਸਪਲਾਈ ਯੋਜਨਾ ਤਹਿਤ ਰਾਜਾਂ, ਪ੍ਰਦੇਸ਼ਾਂ ਅਤੇ ਅਮਰੀਕੀ ਕਬੀਲਿਆਂ ਨੂੰ ਟੀਕੇ ਦੀ ਸਪਲਾਈ ਅਗਲੇ ਹਫਤੇ 10 ਮਿਲੀਅਨ ਖੁਰਾਕਾਂ ਤੱਕ ਵਧਾਈ ਜਾਵੇਗੀ, ਜੋ ਕਿ 8.6 ਮਿਲੀਅਨ ਤੋਂ ਵੱਧ ਕੇ ਅਗਲੇ ਤਿੰਨ ਹਫ਼ਤਿਆਂ ਤੱਕ ਇਸ ਦਰ ਤੇ ਜਾਰੀ ਰਹੇਗੀ। ਇਸਦੇ ਇਲਾਵਾ ਬਾਈਡੇਨ ਸਰਕਾਰ ਕੋਵਿਡ -19 ਟੀਕਿਆਂ ਦੀਆਂ 200 ਮਿਲੀਅਨ ਖੁਰਾਕਾਂ ਖਰੀਦਣ ਦੀ ਯੋਜਨਾ ਬਣਾ ਰਹੀ ਹੈ , ਜਿਹਨਾਂ ਵਿੱਚ ਫਾਈਜ਼ਰ ਦੀਆਂ 100 ਅਤੇ ਮੋਡਰਨਾ ਟੀਕਿਆਂ ਦੀਆਂ 100 ਮਿਲੀਅਨ ਖੁਰਾਕਾਂ ਸ਼ਾਮਿਲ ਹਨ। ਜਦਕਿ ਪ੍ਰਸ਼ਾਸਨ ਅਗਲੇ ਹਫਤੇ ਮੋਡਰਨਾ ਟੀਕੇ ਦੀਆਂ 5.7 ਮਿਲੀਅਨ ਅਤੇ ਫਾਈਜ਼ਰ ਟੀਕੇ ਦੀਆਂ 4.3 ਮਿਲੀਅਨ ਖੁਰਾਕਾਂ ਭੇਜ ਰਿਹਾ ਹੈ। ਕੋਰੋਨਾਂ ਟੀਕਿਆਂ ਦੀ ਇਸ ਖਰੀਦ ਨਾਲ ਦੇਸ਼ ਵਿੱਚ ਟੀਕਿਆਂ ਦੇ ਆਰਡਰ ਦਾ ਕੁੱਲ ਸਟਾਕ ਮੌਜੂਦਾ 400 ਮਿਲੀਅਨ ਖੁਰਾਕਾਂ ਤੋਂ ਵਧ ਕੇ 600 ਮਿਲੀਅਨ ਖੁਰਾਕਾਂ ਤੱਕ ਪਹੁੰਚ ਜਾਵੇਗਾ, ਜਿਸ ਨਾਲ 300 ਮਿਲੀਅਨ ਅਮਰੀਕੀਆਂ ਨੂੰ ਟੀਕਾ ਲਗਾਇਆ ਜਾ ਸਕਦਾ ਹੈ।

ਫਰਿਜ਼ਨੋ ਕਾਉਂਟੀ ਦੇ ਕੋਰੋਨਾ ਵਾਇਰਸ ਕੇਸਾਂ ਵਿੱਚ ਦਰਜ਼ ਕੀਤੀ ਗਈ ਗਿਰਾਵਟ

ਫਰਿਜ਼ਨੋ (ਕੈਲੀਫੋਰਨੀਆ), 29 ਜਨਵਰੀ 2021– ਕੈਲੀਫੋਰਨੀਆ ਸੂਬੇ ਦੀ ਫਰਿਜ਼ਨੋ ਕਾਉਂਟੀ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਦੇ ਮਾਮਲਿਆਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਇਸ ਸੰਬੰਧੀ ਸਿਹਤ ਵਿਭਾਗ ਅਨੁਸਾਰ ਕਾਉਂਟੀ ਦੇ ਰੋਜ਼ਾਨਾ ਦੇ ਵਧਦੇ ਨਵੇਂ ਕੋਰੋਨਾ ਵਾਇਰਸ ਮਾਮਲਿਆਂ ਦੀ ਔਸਤਨ ਗਿਣਤੀ ਪਿਛਲੇ ਦੋ ਹਫਤਿਆਂ ਦੌਰਾਨ ਅੱਧੀ ਰਹਿ ਗਈ ਹੈ, ਜੋ ਕਿ ਕੋਰੋਨਾਂ ਵਾਇਰਸ ਦੀ ਸਥਿਤੀ ਵਿੱਚ ਸੁਧਾਰ ਦਾ ਸੰਕੇਤ ਹੋ ਸਕਦਾ ਹੈ।ਕੈਲੀਫੋਰਨੀਆ ਦੇ ਪਬਲਿਕ ਹੈਲਥ ਵਿਭਾਗ ਨੇ ਵੀਰਵਾਰ ਨੂੰ ਫਰਿਜ਼ਨੋ ਕਾਉਂਟੀ ਵਿੱਚ ਕੋਰੋਨਾ ਵਾਇਰਸ ਦੀ ਲਾਗ ਦੇ 213 ਨਵੇਂ ਪੁਸ਼ਟੀ ਕੀਤੇ ਕੇਸਾਂ ਦੀ ਰਿਪੋਰਟ ਦਰਜ਼ ਕੀਤੀ ਹੈ, ਜੋ ਕਿ ਪਿਛਲੇ ਸੱਤ ਦਿਨਾਂ ਵਿੱਚ, ਹਰ ਰੋਜ਼ ਨਵੇਂ ਕੇਸਾਂ ਦੀ ਔਸਤਨ ਗਿਣਤੀ 470 ਸੀ। ਇਸਦੇ ਇਲਾਵਾ 14 ਜਨਵਰੀ ਨੂੰ ਪਹਿਲੇ ਸੱਤ ਦਿਨਾਂ ਦੀ ਔਸਤ ਪ੍ਰਤੀ ਦਿਨ 982 ਕੇਸ ਸੀ। ਇਸ ਮਹੀਨੇ ਫਰਿਜ਼ਨੋ ਕਾਉਂਟੀ ਵਿੱਚ ਤਕਰੀਬਨ 21,500 ਤੋਂ ਵੱਧ ਕੇਸ ਦਰਜ਼ ਹੋਏ ਹਨ।ਫਰਿਜ਼ਨੋ ਕਾਉਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ ਅਨੁਸਾਰ ਵੀਰਵਾਰ ਦੀ ਦੁਪਹਿਰ ਤੱਕ ਖੇਤਰ ਵਿੱਚ ਕੋਈ ਨਵੀਂ ਕੋਰੋਨਾ ਮੌਤ ਦਰਜ਼ ਨਹੀ ਹੋਈ ਹੈ। ਹਾਲਾਂਕਿ ਇਸ ਹਫ਼ਤੇ ਤੱਕ ਸਿਹਤ ਅਧਿਕਾਰੀਆਂ ਦੁਆਰਾ ਵਾਇਰਸ ਨਾਲ 79 ਮੌਤਾਂ ਦੀ ਪੁਸ਼ਟੀ ਕੀਤੀ ਗਈ ਸੀ। ਸਿਹਤ ਅਧਿਕਾਰੀਆਂ ਅਨੁਸਾਰ ਪਿਛਲੀ ਬਸੰਤ ਰੁੱਤ ਤੋਂ ਕੋਰੋਨਾਂ ਵਾਇਰਸ ਨਾਲ ਹੋਈਆਂ ਕੁੱਲ 1,122 ਜਾਨਾਂ ਵਿੱਚੋਂ 411 ਜਨਵਰੀ ਵਿੱਚ ਹੋਈਆਂ ਹਨ।

ਅਮਰੀਕਾ 'ਚ ਸਾਹਮਣੇ ਆਏ ਦੱਖਣੀ ਅਫ਼ਰੀਕੀ ਕੋਰੋਨਾ ਵਾਇਰਸ ਰੂਪ ਦੇ ਮਾਮਲੇ

ਫਰਿਜ਼ਨੋ (ਕੈਲੀਫੋਰਨੀਆ), 29 ਜਨਵਰੀ 2021– ਸੰਯੁਕਤ ਰਾਜ ਵਿੱਚ ਯੂਕੇ ਦੇ ਜਿਆਦਾ ਤੇਜੀ ਨਾਲ ਫੈਲਣ ਵਾਲੇ ਕੋਰੋਨਾ ਵਾਇਰਸ ਦੇ ਮਾਮਲਿਆਂ ਤੋਂ ਬਾਅਦ ਹੁਣ ਪਹਿਲੀ ਵਾਰ ਦੱਖਣੀ ਅਫ਼ਰੀਕਾ ਦੇ ਕੋਰੋਨਾਂ ਵੇਰੀਐਂਟ ਦੇ ਕੇਸ ਦੱਖਣੀ ਕੈਰੋਲਿਨਾ ਵਿੱਚ ਸਾਹਮਣੇ ਆਏ ਹਨ।

ਇਸ ਸੰਬੰਧੀ ਰਾਜ ਦੇ ਸਿਹਤ ਅਤੇ ਵਾਤਾਵਰਣ ਨਿਯੰਤਰਣ ਵਿਭਾਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੱਖਣੀ ਅਫ਼ਰੀਕੀ ਵਾਇਰਸ ਦੇ ਇਸ ਰੂਪ ਦੇ ਸਭ ਤੋਂ ਪਹਿਲਾਂ ਪਤਾ ਲੱਗੇ ਕੇਸ ਦੱਖਣੀ ਕੈਰੋਲਿਨਾ ਦੇ ਦੋ ਵਿਅਕਤੀਆਂ ਵਿੱਚ ਸਾਹਮਣੇ ਆਏ ਹਨ। ਸਿਹਤ ਵਿਭਾਗ ਅਨੁਸਾਰ ਇਹਨਾਂ ਪੀੜਤ ਵਿਅਕਤੀਆਂ ਦੀ ਕੋਈ ਯਾਤਰੀ ਹਿਸਟਰੀ ਨਹੀਂ ਹੈ ਅਤੇ ਦੋਵਾਂ ਵਿੱਚੋਂ ਇੱਕ ਮਰੀਜ਼ ਲੋਅ ਕਾਉਂਟੀ ਨਾਲ ਸੰਬੰਧਿਤ ਹੈ ਜਦਕਿ ਦੂਜਾ ਪੀ ਡੀ ਖੇਤਰ ਦਾ ਰਹਿਣ ਵਾਲਾ ਹੈ। ਦੱਖਣੀ ਕੈਰੋਲਿਨਾ ਦੇ ਸਿਹਤ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀ .1.351 ਨਾਮਕ ਦੱਖਣੀ ਅਫ਼ਰੀਕਾ ਦੇ ਇਸ ਵਾਇਰਸ ਦੀ 30 ਤੋਂ ਵੀ ਜਿਆਦਾ ਦੇਸ਼ਾਂ ਵਿੱਚ ਪਛਾਣ ਕੀਤੀ ਗਈ ਹੈ। ਸਿਹਤ ਵਿਭਾਗ ਅਨੁਸਾਰ ਟੀਕਾ ਮਾਹਿਰ ਇਸ ਗੱਲ ਨਾਲ ਸਹਿਮਤ ਹਨ ਕਿ ਮੌਜੂਦਾ ਟੀਕੇ ਵਾਇਰਸ ਦੇ ਇਸ ਰੂਪ ਤੋਂ ਬਚਾਉਣ ਲਈ ਕੰਮ ਕਰਦੇ ਹਨ, ਪਰ ਉਹਨਾਂ ਦੀ ਪ੍ਰਭਾਵਸ਼ੀਲਤਾ ਪ੍ਰਤੀ ਘੱਟ ਅੰਦਾਜ਼ਾ ਹੈ। ਇਸਦੇ ਇਲਾਵਾ ਸਿਹਤ ਮਾਹਿਰ ਡਾਕਟਰ ਐਂਥਨੀ ਨੇ ਇਸ ਦੱਖਣੀ ਅਫ਼ਰੀਕੀ ਵਾਇਰਸ ਦੇ ਰੂਪ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਦੱਸਿਆ ਕਿ ਟੀਕਾ ਵਿਗਿਆਨੀ ਖਾਸ ਤੌਰ ਤੇ ਅਜਿਹੇ ਟੀਕਿਆਂ ਉੱਪਰ ਕੰਮ ਕਰ ਰਹੇ ਹਨ ਜੋ ਵਿਸ਼ੇਸ਼ ਤੌਰ 'ਤੇ ਦੱਖਣੀ ਅਫ਼ਰੀਕਾ ਦੇ ਇਸ ਰੂਪ ਨੂੰ ਨਿਸ਼ਾਨਾ ਬਣਾਉਣਗੇ। ਸਿਹਤ ਮਾਹਿਰਾਂ ਨੇ ਵਾਇਰਸ ਦੇ ਇਸ ਰੂਪ ਨੂੰ ਫੈਲਣ ਤੋਂ ਰੋਕਣ ਲਈ ਦੇਸ਼ ਵਾਸੀਆਂ ਨੂੰ ਸਾਵਧਾਨੀਆਂ ਵਰਤਣ ਦੇ ਨਾਲ, ਯਾਤਰਾ ਨਾਂ ਕਰਨ ਦੀ ਵੀ ਹਦਾਇਤ ਦਿੱਤੀ ਹੈ।

ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਲਗਵਾਈ ਕੋਰੋਨਾਂ ਟੀਕੇ ਦੀ ਦੂਜੀ ਖੁਰਾਕ

ਫਰਿਜ਼ਨੋ (ਕੈਲੀਫੋਰਨੀਆਂ), 27 ਜਨਵਰੀ 2021– ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਉਹਨਾਂ ਦੇ ਪਤੀ ਡੱਗ ਐਮਹੋਫ ਨੂੰ ਮੰਗਲਵਾਰ ਦੇ ਦਿਨ ਮੈਰੀਲੈਂਡ ਦੇ ਬੈਥੇਸਡਾ ਵਿੱਚ, ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਵਿਖੇ ਕੋਰੋਨਾਂ ਵਾਇਰਸ ਟੀਕੇ ਦੀ ਦੂਜੀ ਖੁਰਾਕ ਦਿੱਤੀ ਗਈ ਹੈ। ਟੀਕਾ ਲਗਵਾਉਣ ਤੋਂ ਬਾਅਦ ਹੈਰਿਸ ਨੇ ਅਮਰੀਕਾ ਵਾਸੀਆਂ ਨੂੰ ਇਹ ਟੀਕਾ ਲਗਵਾਉਣ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਇਸ ਟੀਕਾਕਰਨ ਨਾਲ ਲੋਕਾਂ ਦੇ ਪਰਿਵਾਰ ਅਤੇ ਕਮਿਊਨਿਟੀ ਦੀ ਜਿੰਦਗੀ ਬਚੇਗੀ। ਉਪ ਰਾਸ਼ਟਰਪਤੀ ਨੇ ਟੀਕੇ ਦੀ ਪਹਿਲੀ ਖੁਰਾਕ 26 ਦਸੰਬਰ ਨੂੰ ਪ੍ਰਾਪਤ ਕੀਤੀ ਸੀ। ਜਦਕਿ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣੀ ਪਹਿਲੀ ਖੁਰਾਕ 21 ਦਸੰਬਰ ਨੂੰ ਲੈਣ ਤੋਂ ਬਾਅਦ ਦੂਜੀ ਖੁਰਾਕ 11 ਜਨਵਰੀ ਨੂੰ ਉਦਘਾਟਨ ਦਿਵਸ ਤੋਂ ਪਹਿਲਾਂ ਪ੍ਰਾਪਤ ਕੀਤੀ ਸੀ। ਟੀਕਾਕਰਨ ਪ੍ਰਕਿਰਿਆ ਵਿੱਚ ਆਕਸਫੋਰਡ ਯੂਨੀਵਰਸਿਟੀ ਦੇ ਅਨੁਸਾਰ, ਸੰਯੁਕਤ ਰਾਜ ਅਮਰੀਕਾ ਦੇਸ਼ ਦੀ ਆਬਾਦੀ ਦੇ ਆਧਾਰ ਤੇ ਇਜ਼ਰਾਈਲ, ਸੰਯੁਕਤ ਅਰਬ ਅਮੀਰਾਤ, ਬ੍ਰਿਟੇਨ ਅਤੇ ਬਹਿਰੀਨ ਤੋਂ ਬਾਅਦ ਪੰਜਵੇਂ ਨੰਬਰ 'ਤੇ ਹੈ।

ਸੀ.ਡੀ.ਸੀ ਦੇ ਅਨੁਸਾਰ, ਦੇਸ਼ ਭਰ ਵਿੱਚ, ਲਗਭਗ 19.3 ਮਿਲੀਅਨ ਲੋਕਾਂ ਨੂੰ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਮਿਲੀ ਹੈ ਜਦਕਿ ਤਕਰੀਬਨ 3 ਮਿਲੀਅਨ ਲੋਕ ਇਸਦੀ ਦੂਜੀ ਖੁਰਾਕ ਪ੍ਰਾਪਤ ਕਰ ਚੁੱਕੇ ਹਨ। ਇਸਦੇ ਇਲਾਵਾ ਫੈਡਰਲ ਸਰਕਾਰ ਦੁਆਰਾ ਰਾਜਾਂ ਨੂੰ ਵੰਡੀਆਂ ਗਈਆਂ 41 ਮਿਲੀਅਨ ਖੁਰਾਕਾਂ ਵਿਚੋਂ ਲਗਭਗ 55× ਟੀਕੇ ਲਗਾਏ ਗਏ ਹਨ। ਵਾਇਰਸ ਸੰਬੰਧੀ ਜਾਰੀ ਕੀਤੇ ਅੰਕੜਿਆਂ ਅਨੁਸਾਰ ਤਕਰੀਬਨ 419,000 ਤੋਂ ਵੱਧ ਅਮਰੀਕੀ ਵਾਇਰਸ ਨਾਲ ਮਾਰੇ ਗਏ ਹਨ ਅਤੇ 25 ਮਿਲੀਅਨ ਤੋਂ ਵੱਧ ਇਸ ਦੀ ਲਾਗ ਨਾਲ ਸੰਕਰਮਿਤ ਹੋ ਚੁੱਕੇ ਹਨ।

ਜਨਰਲ ਮੋਟਰਜ਼ ਨੇ 2035 ਤੱਕ ਵੱਡੇ ਪੱਧਰ 'ਤੇ ਇਲੈਕਟ੍ਰਿਕ ਵਾਹਨ ਬਣਾਉਣ ਦਾ ਮਿੱਥਿਆ ਟੀਚਾ



ਫਰਿਜ਼ਨੋ (ਕੈਲੀਫੋਰਨੀਆ), 29 ਜਨਵਰੀ 2021– ਅਮਰੀਕਾ ਦੀ ਵਾਹਨ ਨਿਰਮਾਤਾ ਕੰਪਨੀ ਜਨਰਲ ਮੋਟਰਜ਼ (ਜੀ ਐਮ) ਦੀ ਸੀ ਈ ਓ ਮੈਰੀ ਬੈਰਾ ਨੇ ਵੀਰਵਾਰ ਨੂੰ ਐਲਾਨ ਕਰਦਿਆਂ ਜਾਣਕਾਰੀ ਦਿੱਤੀ ਕਿ ਕੰਪਨੀ ਨੇ ਅਗਲੇ 14 ਸਾਲਾਂ ਵਿੱਚ ਗੈਸੋਲੀਨ ਜਾਂ ਡੀਜ਼ਲ 'ਤੇ ਚੱਲਣ ਵਾਲੇ ਵਾਹਨ ਬੰਦ ਕਰਕੇ 2035 ਤੱਕ ਇਲੈਕਟ੍ਰਿਕ ਵਾਹਨਾਂ ਨੂੰ ਬਹੁਗਿਣਤੀ ਵਿੱਚ ਨਿਰਮਾਣ ਕਰਨ ਦਾ ਟੀਚਾ ਨਿਰਧਾਰਤ ਕੀਤਾ ਹੈ। ਇਸ ਸੰਬੰਧੀ ਜੀ ਐਮ ਨੇ ਪਹਿਲਾਂ ਹੀ ਐਲਾਨ ਕੀਤਾ ਹੈ ਕਿ ਉਹ ਅਗਲੇ ਪੰਜ ਸਾਲਾਂ ਵਿੱਚ ਇਲੈਕਟ੍ਰਿਕ ਅਤੇ ਸੈਲਫ ਡਰਾਈਵ ਵਾਹਨਾਂ ਵਿੱਚ 27 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗੀ। ਇਸਦੇ ਇਲਾਵਾ ਕੰਪਨੀ ਇਸ ਦਹਾਕੇ ਦੇ ਅੱਧ ਤੱਕ ਵਿਸ਼ਵ ਭਰ ਵਿੱਚ 30 ਇਲੈਕਟ੍ਰਿਕ ਮਾਡਲਾਂ ਦੀ ਪੇਸ਼ਕਸ਼ ਕਰੇਗੀ ਅਤੇ 2025 ਦੇ ਅੰਤ ਤੱਕ, ਇਸ ਦੇ ਯੂ ਐਸ ਵਿਚਲੇ 40% ਮਾਡਲ ਬੈਟਰੀ ਨਾਲ ਚੱਲਣ ਵਾਲੇ ਇਲੈਕਟ੍ਰਿਕ ਵਾਹਨ ਹੋਣਗੇ। ਕੰਪਨੀ ਨੇ ਆਪਣੀ ਇਲੈਕਟ੍ਰਿਕ ਵਾਹਨ ਯੋਜਨਾ ਵਿੱਚ ਕ੍ਰਾਸਓਵਰ, ਐਸ ਯੂ ਵੀ, ਸੇਡਾਨ ਅਤੇ ਲਾਈਟ ਟਰੱਕ ਸ਼ਾਮਿਲ ਕਰਨ ਦੀ ਯੋਜਨਾ ਬਣਾਈ ਹੈ ਜਦਕਿ ਇਸ ਵਿੱਚ ਹੈਵੀ ਡਿਊਟੀ ਵਾਲੇ ਵਾਹਨ ਜਿਵੇਂ ਕਿ ਵਪਾਰਕ ਟ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਅਮਰੀਕਾ ਵਿੱਚ ਕੋਰੋਨਾ ਵਾਇਰਸ ਕਾਰਨ ਹੋ ਸਕਦੇ ਹਨ 10,000 ਤੋਂ ਵੱਧ ਰਿਟੇਲ ਸਟੋਰ ਬੰਦ

ਫਰਿਜ਼ਨੋ (ਕੈਲੀਫੋਰਨੀਆ), 29 ਜਨਵਰੀ 2021– ਪਿਛਲੇ ਸਾਲ 2020 ਵਿੱਚ ਸ਼ੁਰੂ ਹੋਈ ਕੋਰੋਨਾ ਵਾਇਰਸ ਮਹਾਂਮਾਰੀ ਨੇ ਲੱਖਾਂ ਹੀ ਜਾਨਾਂ ਲੈਣ ਦੇ ਨਾਲ ਦੇਸ਼ ਦੀ ਆਰਥਿਕਤਾ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਹੈ। ਕੋਰੋਨਾ ਵਾਇਰਸ ਕਾਰਨ ਦੇਸ਼ ਦੇ ਸੈਂਕੜੇ ਕਾਰੋਬਾਰ ਬੰਦ ਹੋ ਗਏ ਹਨ ਅਤੇ ਇਸ ਸਾਲ ਵੀ ਕਾਰੋਬਾਰਾਂ ਲਈ ਵਾਇਰਸ ਦਾ ਖਤਰਾ ਘੱਟ ਨਹੀ ਹੋਇਆ ਹੈ। ਇਸ ਮਹਾਂਮਾਰੀ ਕਾਰਨ 2021 ਦੇ ਅੰਤ ਤੱਕ ਤਕਰੀਬਨ 10,000 ਅਮਰੀਕੀ ਸਟੋਰਾਂ ਦੇ ਬੰਦ ਹੋਣ ਦਾ ਖਦਸ਼ਾ ਹੈ। ਇੱਕ ਰਿਪੋਰਟ ਦੇ ਅਨੁਸਾਰ ਗ੍ਰਾਹਕ ਮਹਾਂਮਾਰੀ ਦੇ ਦੌਰਾਨ ਜਿਆਦਾ ਸੁਰੱਖਿਆ ਅਤੇ ਸਹੂਲਤ ਦੇ ਮੱਦੇਨਜ਼ਰ ਆਨਲਾਈਨ ਖਰੀਦਦਾਰੀ ਨੂੰ ਜਿਆਦਾ ਪਹਿਲ ਦੇਣ ਲੱਗੇ ਹਨ। ਇਸ ਮਾਮਲੇ ਦੇ ਸੰਬੰਧ ਵਿੱਚ ਕੋਰਸਾਈਟ ਰਿਸਰਚ ਸੰਸਥਾ ਜੋ

ਇਸ ਸੈਕਟਰ ਨੂੰ ਟਰੈਕ ਕਰਦੀ ਹੈ ਦੇ ਅਨੁਮਾਨ ਅਨੁਸਾਰ ਇਸ ਸਾਲ, ਪਿਛਲੇ ਵਰੇ ਬੰਦ ਹੋਏ 8700 ਸਟੋਰਾਂ ਨਾਲੋਂ 14% ਵੱਧ ਸਟੋਰ ਬੰਦ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਮਹਾਂਮਾਰੀ ਦੀ ਸ਼ੁਰੂਆਤ ਦੌਰਾਨ 3,000 ਤੋਂ ਜਿਆਦਾ ਇਕੱਲੇ ਕੱਪੜੇ, ਫੁਟਵੀਅਰ ਅਤੇ ਸਹਾਇਕ ਉਪਕਰਣ ਸਟੋਰ ਬੰਦ ਕੀਤੇ ਗਏ ਸਨ। ਮਹਾਂਮਾਰੀ ਦੀ ਲਗਾਤਾਰਤਾ ਅਤੇ ਕੋਰੋਨਾ ਟੀਕੇ ਦੀ ਹੌਲੀ ਰਫ਼ਤਾਰ ਦੇ ਮੱਦੇਨਜ਼ਰ ਇਸ ਸਾਲ ਹੋਰ ਪਰਚੂਨ ਸਟੋਰ ਬੰਦ ਹੋਣ ਦੇ ਕਿਨਾਰੇ ਹਨ ਜਦਕਿ 22 ਜਨਵਰੀ ਤੱਕ, ਲਗਭਗ 1,700 ਰਿਟੇਲ ਸਟੋਰ ਪਹਿਲਾਂ ਹੀ ਬੰਦ ਹੋ ਚੁੱਕੇ ਹਨ। ਇਸਦੇ ਇਲਾਵਾ 7-ਇਲੈਵਨ ਆਪਣੇ 300 ਸਟੋਰ , ਮਿਡਵੈਸਟਰਨ ਚੇਨ ਇਸਦੇ ਬਾਕੀ 250 ਸਟੋਰ ਅਤੇ ਐਸਕੀਨਾ ਪਰਚੂਨ ਸਮੂਹ 195 ਸਟੋਰਾਂ ਨੂੰ 2021 ਵਿੱਚ ਕਰਨ ਜਾ ਰਹੇ ਹਨ। ਹਾਲਾਂਕਿ ਕੁੱਝ ਪਰਚੂਨ ਵਿਕਰੇਤਾ ਮਹਾਂਮਾਰੀ ਦੌਰਾਨ ਆਪਣੀ ਵਾਪਸੀ ਲਈ ਜੱਦੋ-ਜਹਿਦ ਵੀ ਕਰ ਰਹੇ ਹਨ। ਇਸ ਸੰਕਟ ਦੇ ਸਮੇਂ ਕਾਰੋਬਾਰੀ ਸਰਕਾਰ ਦੁਆਰਾ ਚਲਾਏ ਨਵੀਨਤਮ ਫੈਡਰਲ ਪੇਚੈੱਕ ਪ੍ਰੋਟੈਕਸ਼ਨ ਪ੍ਰੋਗਰਾਮ ਲੋਨ 'ਤੇ ਬੈਂਕਿੰਗ ਸਹੂਲਤਾਂ ਦੀ ਵੀ ਮਦਦ ਲੈ ਰਹੇ ਹਨ।

ਜਾਰਜੀਆ ਦੇ ਫੂਡ ਪਲਾਂਟ 'ਚ ਨਾਈਟਰੋਜਨ ਗੈਸ ਲੀਕ ਹੋਣ ਨਾਲ ਹੋਈ 6 ਵਿਅਕਤੀਆਂ ਦੀ ਮੌਤ

ਫਰਿਜ਼ਨੋ (ਕੈਲੀਫੋਰਨੀਆ), 29 ਜਨਵਰੀ 2021– ਜਾਰਜੀਆ ਦੇ ਇੱਕ ਫੂਡ ਪ੍ਰੋਸੈਸਿੰਗ ਪਲਾਂਟ ਵਿੱਚ ਵੀਰਵਾਰ ਨੂੰ

ਤਰਲ ਨਾਈਟਰੋਜਨ ਗੈਸ ਲੀਕ ਹੋਣ ਦਾ ਹਾਦਸਾ ਵਾਪਰਿਆ ਹੈ। ਇਸ ਹਾਦਸੇ ਨਾਲ ਘੱਟੋ ਘੱਟ ਛੇ ਕਰਮਚਾਰੀਆਂ ਦੀ ਮੌਤ ਹੋ ਜਾਣ ਦੇ ਨਾਲ ਲਗਭਗ ਇੱਕ ਦਰਜਨ ਦੇ ਕਰੀਬ ਹੋਰ ਕਾਮੇ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੈਨੀਸਵਿਲੇ ਦੇ ਫਾਊਂਡੇਸ਼ਨ ਫੂਡ ਗਰੁੱਪ ਵਿੱਚ ਸਵੇਰੇ 10 ਵਜੇ ਦੇ ਕਰੀਬ ਵਾਪਰੇ ਇਸ ਗੈਸ ਲੀਕ ਦੇ ਹਾਦਸੇ ਦੀ ਸੂਚਨਾ ਮਿਲਣ ਉਪਰੰਤ ਕਾਰਵਾਈ ਕਰਦਿਆਂ ਇਮਾਰਤ ਨੂੰ ਖਾਲੀ ਕਰਵਾਇਆ। ਇਸ ਘਟਨਾ ਦੇ ਨਾਲ ਸੁਰੱਖਿਆ ਕਾਰਨਾਂ ਕਰਕੇ ਆਸ ਪਾਸ ਦੀਆਂ ਸੜਕਾਂ ਨੂੰ ਬੰਦ ਕਰਨ ਦੇ ਨਾਲ ਘੱਟੋ ਘੱਟ 130 ਲੋਕਾਂ ਨੂੰ ਡਾਕਟਰੀ ਚੈਕਅੱਪ ਲਈ ਸਕੂਲੀ ਬੱਸਾਂ 'ਤੇ ਨੇੜਲੀ ਚਰਚ ਵਿੱਚ ਲਿਜਾਇਆ ਗਿਆ ਜਦਕਿ ਪੁਲਿਸ ਅਨੁਸਾਰ 12 ਲੋਕਾਂ ਨੂੰ ਹਸਪਤਾਲ ਵੀ ਲਿਜਾਇਆ ਗਿਆ। ਉੱਤਰ ਪੂਰਬੀ ਜਾਰਜੀਆ ਸਿਹਤ ਵਿਭਾਗ ਦੇ ਅਧਿਕਾਰੀ ਸੀਨ ਕਾਉਂਚ ਨੇ ਜਾਣਕਾਰੀ ਦਿੱਤੀ ਕਿ ਇਸ ਹਾਦਸੇ ਦੌਰਾਨ ਪੰਜ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਇੱਕ ਪੀੜਤ ਵਿਅਕਤੀ ਨੇ ਹਸਪਤਾਲ ਵਿੱਚ ਦਮ ਤੋੜਿਆ। ਇਸਦੇ ਇਲਾਵਾ ਹਸਪਤਾਲ ਵਿੱਚ ਭਰਤੀ ਬਾਕੀ ਦੇ 11 ਵਿੱਚੋਂ ਤਿੰਨ ਦੀ ਹਾਲਤ ਗੰਭੀਰ ਬਣੀ ਹੋਈ ਹੈ।ਇਹਨਾਂ ਜ਼ਖਮੀ ਹੋਏ ਕਾਮਿਆਂ ਵਿੱਚ ਚਾਰ ਅੱਗ ਬੁਝਾਊ ਕਰਮਚਾਰੀ ਵੀ ਸ਼ਾਮਿਲ ਹਨ। ਇਸ ਫੂਡ ਪਲਾਂਟ ਵਿੱਚ ਗੈਸ ਲੀਕ ਦੇ ਮਾਮਲੇ ਵਿੱਚ ਹਾਲ ਕਾਉਂਟੀ ਦੇ ਫਾਇਰ ਅਧਿਕਾਰੀਆਂ ਅਨੁਸਾਰ ਗੈਸ ਲੀਕ ਹੋਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਕਤਲ ਦੇ ਮਾਮਲੇ ਵਿੱਚ ਲੋੜੀਂਦੇ 70 ਸਾਲਾ ਵਿਅਕਤੀ ਦੀ ਦਲਦਲ ਵਿੱਚੋਂ ਲਾਸ਼ ਹੋਈ ਬਰਾਮਦ

ਫਰਿਜ਼ਨੋ (ਕੈਲੀਫੋਰਨੀਆ), 31 ਜਨਵਰੀ 2021– ਅਮਰੀਕਾ ਦੇ ਸੂਬੇ ਟੈਨੇਸੀ ਵਿੱਚ ਪਿਛਲੇ ਦਿਨੀਂ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ 70 ਸਾਲਾਂ ਬਜ਼ੁਰਗ ਦੀ ਲਾਸ਼ ਦਲਦਲ ਵਿੱਚੋਂ ਬਰਾਮਦ ਕੀਤੀ ਗਈ ਹੈ । ਇਸ ਮਾਮਲੇ ਦੇ ਸੰਬੰਧ ਵਿੱਚ ਟੈਨੇਸੀ ਬਿਊਰੋ ਆਫ਼ ਇਨ-ਵੈਸਟੀਗੇਸ਼ਨ ਨੇ ਦੱਸਿਆ ਕਿ ਡੇਵਿਡ ਵੋਵੇਲ (70) ਨਾਮਕ ਵਿਅਕਤੀ, ਜੋ ਇਸ ਹਫਤੇ ਦੇ ਸ਼ੁਰੂ ਵਿੱਚ ਪੇਂਡੂ ਟੈਨੇਸੀ 'ਚ ਦੋ ਬੱਤਖਾਂ ਦਾ ਸਿਕਾਰ ਕਰਨ ਵਾਲੇ ਵਿਅਕਤੀਆਂ ਦਾ ਕਤਲ ਕਰਨ ਲਈ ਦੋਸ਼ੀ ਸੀ, ਨੂੰ ਸ਼ਨੀਵਾਰ ਦੇ ਦਿਨ ਰੀਲਫੁੱਟ ਝੀਲ ਵਿੱਚ ਮ੍ਰਿਤਕ ਪਾਇਆ ਗਿਆ ਸੀ, ਜਿੱਥੇ ਸੋਮਵਾਰ ਨੂੰ ਦੋਵਾਂ ਵਿਅਕਤੀਆਂ ਨੂੰ ਜਾਨ ਤੋਂ ਮਾਰ ਦਿੱਤਾ ਗਿਆ ਸੀ। ਜਿਲਾ ਅਟਾਰਨੀ ਟੌਮੀ ਥਾਮਸ ਅਨੁਸਾਰ ਚਾਂਸ ਬਲੈਕ (26) ਅਤੇ ਜ਼ੈਕਰੀ ਗਰੂਮਜ਼ (25) ਜੋ ਕਿ ਸੋਮਵਾਰ ਸਵੇਰੇ ਉੱਤਰ ਪੱਛਮੀ ਟੈਨੇਸੀ ਦੀ ਰੀਲਫੁੱਟ ਝੀਲ";ਤੇ ਸਨ ਅਤੇ ਝਗੜਾ ਕਰਨ ਦੇ ਬਾਅਦ ਵੋਵੇਲ ਨੇ ਕਥਿਤ ਤੌਰ 'ਤੇ ਗੋਲੀਬਾਰੀ ਕਰਕੇ ਬਲੈਕ ਅਤੇ ਗਰੂਮਜ਼ ਦੋਵਾਂ ਨੂੰ ਮਾਰ ਦਿੱਤਾ ਸੀ।

ਇਸਦੇ ਬਾਅਦ ਘਟਨਾ ਸਥਾਨ ਤੋਂ ਭੱਜ ਜਾਣ ਵਾਲੇ ਵੋਵੇਲ ਨੂੰ ਕਤਲ ਦੇ ਇਲਜਾਮਾਂ ਤਹਿਤ ਲੱਭਣ ਲਈ ਪੁਲਿਸ ਵੱਲੋਂ ਇਸ ਖੇਤਰ ਵਿੱਚ ਇੱਕ ਤਲਾਸ਼ੀ ਅਭਿਆਨ ਸ਼ੁਰੂ ਕੀਤਾ ਗਿਆ ਸੀ ਅਤੇ ਅਧਿਕਾਰੀਆਂ ਅਨੁਸਾਰ ਵੋਵੇਲ ਦੀ ਲਾਸ਼ ਕਰੀਬ 3 ਵਜੇ ਪ੍ਰਾਪਤ ਹੋਈ।

ਟੈਨੇਸੀ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਦੱਸਿਆ ਕਿ ਅਧਿਕਾਰੀਆਂ ਦੁਆਰਾ ਮ੍ਰਿਤਕ ਦੀ ਪਛਾਣ ਕਰ ਲਈ ਗਈ ਹੈ, ਜਦਕਿ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ। ਇਸਦੇ ਇਲਾਵਾ ਪੁਲਿਸ ਦੁਆਰਾ ਅਜੇ ਵੋਵੇਲ ਦੀ ਮੌਤ ਦੇ ਕਾਰਨਾਂ ਦੀ ਘੋਸ਼ਣਾ ਨਹੀਂ ਕੀਤੀ ਗਈ ਹੈ।

ਅਮਰੀਕੀ ਰੱਖਿਆ ਵਿਭਾਗ ਨੇ ਗੁਆਂਟਨਾਮੋ ਨਜ਼ਰਬੰਦੀਆਂ ਦੀ ਕੋਰੋਨਾ ਟੀਕਾਕਰਨ ਯੋਜਨਾ ਨੂੰ ਰੋਕਿਆ

ਫਰਿਜ਼ਨੋ (ਕੈਲੀਫੋਰਨੀਆ), 31 ਜਨਵਰੀ 2021– ਅਮਰੀਕਾ ਦੇ ਰੱਖਿਆ ਵਿਭਾਗ ਨੇ ਸ਼ਨੀਵਾਰ ਨੂੰ ਗੁਆਂਟਨਾਮੋ ਜੇਲ ਕੈਂਪ ਵਿੱਚ ਨਜ਼ਰਬੰਦਾਂ ਨੂੰ ਕੋਰੋਨਾ ਟੀਕਾ ਦੇਣ ਦੀ ਯੋਜਨਾ ਨੂੰ ਰੋਕ ਦਿੱਤਾ ਹੈ। ਇਸ ਕੈਂਪ ਵਿੱਚ ਲਗਭਗ 40 ਕੈਦੀ ਨਜ਼ਰਬੰਦ ਹਨ, ਜਿਹਨਾਂ ਵਿੱਚ 9/11 ਦੇ ਹਮਲੇ ਨਾਲ ਸੰਬੰਧਿਤ ਆਰਕੀਟੈਕਟ, ਖਾਲਿਦ ਸ਼ੇਖ ਮੁਹੰਮਦ ਵਰਗੇ ਅਪਰਾਧੀ ਵੀ ਸ਼ਾਮਿਲ ਹਨ। ਇਸ ਯੋਜਨਾ ਨੂੰ ਸ਼ੁੱਕਰਵਾਰ ਦੇ ਦਿਨ ਰੱਖਿਆ ਵਿਭਾਗ ਦੇ ਬੁਲਾਰੇ ਨੇ ਜਨਤਕ ਕਰਦਿਆਂ ਪੁਸ਼ਟੀ ਕੀਤੀ ਸੀ ਕਿ ਵਿਭਾਗ ਸਾਰੇ ਨਜ਼ਰਬੰਦੀਆਂ ਨੂੰ ਸਵੈਇੱਛੁਕ ਅਧਾਰ 'ਤੇ ਕੋਵਿਡ -19 ਟੀਕੇ ਲਗਾਏਗਾ। ਪਰ ਇਸ ਘੋਸ਼ਣਾ ਦੀ ਰਿਪਬਲਿਕਨ ਸਿਆਸਤਦਾਨਾਂ ਦੁਆਰਾ ਅਲੋਚਨਾ ਕੀਤੀ ਗਈ ਸੀ, ਜਿਹਨਾਂ ਨੇ ਸਰਕਾਰ ਵੱਲੋਂ ਅੱਤਵਾਦ ਨਾਲ ਸੰਬੰਧਿਤ ਸ਼ੱਕੀ ਲੋਕਾਂ ਨੂੰ ਕਮਜ਼ੋਰ ਅਮਰੀਕੀ ਲੋਕਾਂ ਨਾਲੋਂ ਅੱਗੇ ਰੱਖਣ ਵਾਲੀ ਇਸ ਦੀ ਯੋਜਨਾ ਦੀ ਨਿੰਦਿਆ ਕੀਤੀ ਸੀ। ਇਸ ਤੋਂ ਬਾਅਦ ਪੈਂਟਾਗਨ ਦੁਆਰਾ ਸ਼ਨੀਵਾਰ ਨੂੰ ਇਸ ਪ੍ਰੋਗਰਾਮ ਤੇ ਰੋਕ ਲਗਾਉਂਦਿਆਂ ਨਜ਼ਰਬੰਦੀਆਂ ਦੇ ਕੋਰੋਨਾ ਟੀਕਾਕਰਨ ਦੀ ਯੋਜਨਾ ਨੂੰ ਬੰਦ ਕੀਤਾ ਹੈ। ਇਸ ਸੰਬੰਧੀ ਪੈਂਟਾਗਨ ਦੇ ਬੁਲਾਰੇ ਜੌਹਨ ਕਰਬੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸੇ ਵੀ ਗੁਆਂਟਨਾਮੋ ਨਜ਼ਰਬੰਦੀ ਨੂੰ ਟੀਕਾ ਨਹੀਂ ਲਗਾਇਆ ਗਿਆ ਹੈ ਅਤੇ ਵਿਭਾਗ ਇਸ ਯੋਜਨਾ ਨੂੰ ਰੋਕ ਰਿਹਾ ਹੈ। ਇਸ ਟੀਕਾਕਰਨ ਯੋਜਨਾ ਨੂੰ ਰੱਖਿਆ ਵਿਭਾਗ ਦੇ ਸਿਹਤ ਮਾਮਲਿਆਂ ਦੇ ਪ੍ਰਮੁੱਖ ਡਿਪਟੀ ਸਹਾਇਕ ਸੈਕਟਰੀ ਟੇਰੀ ਅਡੀਰਿਮ ਨੇ 27 ਜਨਵਰੀ ਨੂੰ ਇੱਕ ਮੈਮੋ ਦੇ ਜ਼ਰੀਏ ਅਧਿਕਾਰਿਤ ਕੀਤਾ ਸੀ। ਗੁਆਂਟਨਾਮੋ ਕੇਂਦਰ ਨੂੰ 2002 ਵਿੱਚ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੀ ਅਗਵਾਈ ਵਿੱਚ ਹਾਈ ਪ੍ਰੋਫਾਈਲ ਕੈਦੀਆਂ ਨੂੰ ਰੱਖਣ ਲਈ ਖੋਲ੍ਹਿਆ ਸੀ। ਇਸਦੇ ਇਲਾਵਾ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਜੇਲ ਕੈਂਪ ਨੂੰ ਬੰਦ ਕਰਨ ਲਈ ਅਸਫਲ ਕੋਸ਼ਿਸ਼ ਕੀਤੀ ਜਦਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਹੂਲਤ ਨੂੰ ਖੁੱਲਾ ਰੱਖਣ ਦੇ ਹੱਕ ਵਿੱਚ ਸਨ।

ਕੋਰੋਨਾ ਟੀਕਾ ਵਿਰੋਧੀ ਅਨਸਰਾਂ ਨੇ ਕੀਤਾ ਟੀਕਾਕਰਨ ਕੇਂਦਰ ਨੂੰ ਅਸਥਾਈ ਤੌਰ 'ਤੇ ਬੰਦ

ਫਰਿਜ਼ਨੋ (ਕੈਲੀਫੋਰਨੀਆ), 31 ਜਨਵਰੀ 2021– ਕੈਲੀਫੋਰਨੀਆ ਦੀ ਲਾਸ ਏਂਜਲਸ ਕਾਉਂਟੀ ਵਿੱਚ ਸ਼ਨੀਵਾਰ ਨੂੰ ਕੋਰੋਨਾ ਟੀਕਾਕਰਨ ਦੇ ਵਿਰੋਧ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਇੱਕ ਕੋਰੋਨਾ ਟੀਕਾ ਕੇਂਦਰ ਨੂੰ ਅਸਥਾਈ ਤੌਰ ਤੇ ਬੰਦ ਕੀਤਾ ਗਿਆ। ਇਸ ਸੰਬੰਧੀ ਅਧਿਕਾਰੀਆਂ ਅਨੁਸਾਰ ਲਾਸ ਏਂਜਲਸ ਵਿੱਚ ਸ਼ੁਰੂ ਕੀਤੇ ਗਏ ਦੇਸ਼ ਦੇ ਸਭ ਤੋਂ ਵੱਡੇ ਟੀਕਾਕਰਨ ਕੇਂਦਰ ਡੋਜ਼ਰ ਸਟੇਡੀਅਮ ਨੂੰ ਅਸਥਾਈ ਤੌਰ";ਤੇ ਬੰਦ ਕੀਤਾ ਗਿਆ ਕਿਉਂਕਿ ਦਰਜਨਾਂ ਪ੍ਰਦਰਸ਼ਨਕਾਰੀਆਂ ਨੇ ਇਸਦੇ ਰਾਸਤੇ ਅਤੇ ਪ੍ਰਵੇਸ਼ ਦੁਆਰ ਨੂੰ ਬੰਦ ਕਰ ਦਿੱਤਾ ਸੀ। ਇਸਦੇ ਬਾਅਦ ਲਾਸ ਏਂਜਲਸ ਦੇ ਅੱਗ ਬੁਝਾਊ ਵਿਭਾਗ ਦੁਆਰਾ ਸੁਰੱਖਿਆ ਕਾਰਨਾਂ ਕਰਕੇ ਡੋਜਰ ਸਟੇਡੀਅਮ ਟੀਕਾਕਰਨ ਕੇਂਦਰ ਦਾ ਪ੍ਰਵੇਸ਼ ਵੀ ਦੁਪਹਿਰ 2 ਵਜੇ ਬੰਦ ਕੀਤਾ ਗਿਆ। ਇਹਨਾਂ ਪ੍ਰਦਰਸ਼ਨਕਾਰੀਆਂ ਵਿੱਚ ਕੋਰੋਨਾਂ ਟੀਕਾ ਅਤੇ ਹੋਰ ਗਰੁੱਪਾਂ ਦੇ ਮੈਂਬਰ ਸ਼ਾਮਿਲ ਸਨ ਜੋ ਕਿ ਕੋਵਿਡ -19 ਟੀਕੇ ਨੂੰ ਖਤਮ ਕਰਨ ਅਤੇ ਲੋਕਾਂ ਨੂੰ ਇਹ ਟੀਕਾ ਨਾਂ ਲਗਵਾਉਣ ਲਈ ਰੌਲਾ ਪਾ ਰਹੇ ਸਨ ਜਦਕਿ ਪੁਲਿਸ ਅਨੁਸਾਰ ਇਸ ਪ੍ਰਦਰਸ਼ਨ ਦੌਰਾਨ ਕਿਸੇ ਤਰਾਂ ਦੀ ਕੋਈ ਹਿੰਸਕ ਘਟਨਾ ਹੋਣ ਦੀ ਜਾਣਕਾਰੀ ਨਹੀਂ ਹੈ। ਅਧਿਕਾਰੀਆਂ ਅਨੁਸਾਰ ਇਸ ਦੌਰਾਨ ਇਹ ਟੀਕਾਕਰਨ ਕੇਂਦਰ 3 ਵਜੇ ਤੋਂ ਥੋੜੀ ਦੇਰ ਪਹਿਲਾਂ ਦੁਬਾਰਾ ਖੋਲਿਆ ਗਿਆ ਜੋ ਕਿ ਆਮ ਤੌਰ";ਤੇ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਖੁੱਲਾ ਰਹਿੰਦਾ ਹੈ। ਇਸ ਕੇਂਦਰ ਦੇ ਦੁਬਾਰਾ ਖੁੱਲਣ ਤੋਂ ਬਾਅਦ, ਗਵਰਨਰ ਗੈਵਿਨ ਗਵਿਨ ਨਿਊਸਮ ਨੇ ਟਵੀਟ ਕਰਦਿਆਂ ਡੋਜ਼ਰ ਸਟੇਡੀਅਮ ਕੋਰੋਨਾ ਟੀਕਾਕਰਨ ਕੇਂਦਰ ਦੇ ਵਾਪਿਸ ਚੱਲਣ ਦੀ ਜਾਣਕਾਰੀ ਦਿੱਤੀ।

ਫਰਿਜ਼ਨੋ 'ਚ ਹੋਈ ਗੋਲੀਬਾਰੀ ਨੇ ਲਈ 23 ਸਾਲਾ ਵਿਅਕਤੀ ਦੀ ਜਾਨ

ਫਰਿਜ਼ਨੋ (ਕੈਲੀਫੋਰਨੀਆ), 31 ਜਨਵਰੀ 2021– ਫਰਿਜ਼ਨੋ ਕਾਉਂਟੀ ਵਿੱਚ ਸ਼ੁੱਕਰਵਾਰ ਨੂੰ ਹੋਈ ਗੋਲੀਬਾਰੀ ਦੀ ਘਟਨਾ ਨੇ ਇੱਕ ਵਿਅਕਤੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ।ਇਸ ਘਟਨਾ ਸੰਬੰਧੀ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰੀ ਫਰਿਜ਼ਨੋ ਦੇ ਈਸਟ ਨੌਰਮਲ ਐਵੇਨਿਊ ਅਤੇ ਨੌਰਥ ਮੇਫੇਅਰ ਡਰਾਈਵ ਵਿਖੇ ਰਾਤ ਦੇ ਤਕਰੀਬਨ 11:45 ਵਜੇ ਇੱਕ 23 ਸਾਲਾ ਵਿਅਕਤੀ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਅਧਿਕਾਰੀਆਂ ਦੁਆਰਾ ਕਾਰਵਾਈ ਕਰਨ ਦੌਰਾਨ ਜ਼ਖਮੀ ਹੋਏ ਦੋ ਵਿਅਕਤੀ ਮਿਲੇ ਜਿਹਨਾਂ ਵਿੱਚੋਂ ਇੱਕ ਦੇ ਉਪਰਲੇ ਸਰੀਰ ਤੇ ਗੋਲੀ ਦਾ ਜ਼ਖ਼ਮ ਸੀ। ਇਸ ਪੀੜਤ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਫਰਿਜ਼ਨੋ ਕਾਉਂਟੀ ਦੇ ਸ਼ੈਰਿਫ ਦਫਤਰ ਦੁਆਰਾ ਇਸ ਮ੍ਰਿਤਕ ਵਿਅਕਤੀ ਦੀ ਪਛਾਣ ਫਰਿਜ਼ਨੋ ਦੇ ਹੀ ਕੀਥ ਸਕਾਟ ਵਜੋਂ ਕੀਤੀ ਗਈ ਹੈ, ਜਦਕਿ ਦੂਜਾ ਪੀੜਤ ਇੱਕ 56-ਸਾਲਾ ਵਿਅਕਤੀ ਹੈ ਜੋ ਕਿ ਮਾਮੂਲੀ ਜ਼ਖਮੀ ਹੋਇਆ ਹੈ। ਫਰਿਜ਼ਨੋ ਪੁਲਿਸ ਦੇ ਲੈਫਟੀਨੈਂਟ ਐਂਥਨੀ ਡੀਵਾਲ ਨੇ ਜਾਣਕਾਰੀ ਦਿੱਤੀ ਕਿ ਜਾਂਚ ਕਰਤਾ ਇਸ ਘਟਨਾ ਦੇ ਵੇਰਵੇ ਇਕੱਠੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਦਕਿ ਇਹ ਹਾਦਸਾ ਕਿਸੇ ਗੈਂਗ ਨਾਲ ਸਬੰਧਤ ਨਹੀਂ ਸੀ ਅਤੇ ਗੋਲੀਬਾਰੀ ਦੇ ਕਾਰਨ ਫਿਲਹਾਲ ਅਸਪਸ਼ਟ ਹਨ। ਡੀਵਾਲ ਅਨੁਸਾਰ ਇਸ ਮਾਮਲੇ ਵਿੱਚ ਸ਼ਾਮ ਨੂੰ ਕਿਸੇ ਹੋਰ ਜਗਾ 'ਤੇ ਸੰਬੰਧਿਤ ਵਿਅਕਤੀਆਂ ਵਿਚਕਾਰ ਕਿਸੇ ਕਿਸਮ ਦੀ ਗੜਬੜੀ ਹੋਈ ਸੀ ਜੋ ਕਿ ਬਾਅਦ ਵਿੱਚ ਇਸ ਜਗਾ ਗੋਲੀਬਾਰੀ ਵਿੱਚ ਬਦਲ ਗਈ। ਅਧਿਕਾਰੀਆਂ ਅਨੁਸਾਰ ਗੋਲੀ ਚਲਾਉਣ ਤੋਂ ਬਾਅਦ ਸ਼ੂਟਰ ਇੱਕ ਛੋਟੇ ਨੀਲੇ ਰੰਗ ਦੀ ਸੇਡਾਨ ਕਾਰ ਵਿੱਚ ਘਟਨਾ ਸਥਾਨ ਤੋਂ ਭੱਜ ਗਿਆ , ਜਿਸਦੀ ਪੁਲਿਸ ਦੁਆਰਾ ਤਲਾਸ਼ ਜਾਰੀ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਫਰਿਜ਼ਨੋ ਵਿੱਚ ਇਹ ਇਸ ਸਾਲ ਦਾ ਅੱਠਵਾਂ ਕਤਲ ਹੈ।

ਅਮਰੀਕਾ ਦੇ ਫਲੋਰੀਡਾ ਰਾਜ ਵਿੱਚ ਦੋ ਐਫ.ਬੀ.ਆਈ. ਏਜੰਟਾਂ ਦੀ ਮੌਤ 'ਤੇ ਤਿੰਨ ਜਖਮੀ

ਫਰਿਜ਼ਨੋ (ਕੈਲੀਫੋਰਨੀਆਂ) 2 ਫ਼ਰਵਰੀ 2021– ਮੰਗਲਵਾਰ ਸਵੇਰੇ ਦੱਖਣੀ ਫਲੋਰਿਡਾ ਵਿੱਚ ਵਾਰੰਟ ਸਰਵ ਕਰਦਿਆਂ ਹੋਈ ਗੋਲੀਬਾਰੀ ਵਿੱਚ ਦੋ ਐਫ.ਬੀ.ਆਈ. ਏਜੰਟ ਮਾਰੇ ਗਏ ਅਤੇ ਤਿੰਨ ਜ਼ਖਮੀ ਹੋ ਗਏ। ਇਹ ਘਟਨਾ ਫਲੋਰਿਡਾ ਸਟੇਟ ਦੇ ਸਨਰਾਈਜ਼ ਸ਼ਹਿਰ ਦੀ ਇੱਕ ਅਪਾਰਟਮੈਂਟ ਬਿਲਡਿੰਗ ਵਿਚ ਵਾਪਰੀ। ਅਧਿਕਾਰੀਆਂ ਮੁਤਾਬਕ ਏਜੰਟ ਕਾਨੂੰਨ-ਲਾਗੂ ਕਰਨ ਵਾਲੀ ਟੀਮ ਦਾ ਇੱਕ

ਮਹਾਰਾਣੀ ਐਲਿਜ਼ਾਬੈਥ ਜੀ -7 ਸੰਮੇਲਨ ਤੋਂ ਪਹਿਲਾਂ ਕਰੇਗੀ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਮੇਜ਼ਬਾਨੀ

ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)- ਯੂਕੇ ਦੇ ਕੋਰਨਵਾਲ ਵਿੱਚ ਇਸ ਸਾਲ ਜੂਨ ਮਹੀਨੇ ਵਿੱਚ ਜੀ-7 ਸੰਮੇਲਨ ਹੋ ਰਿਹਾ ਹੈ। ਇਸ ਸੰਬੰਧੀ ਮੀਡੀਆ ਰਿਪੋਰਟਾਂ ਦੇ ਅਨੁਸਾਰ ਇਸ ਸੰਮੇਲਨ ਤੋਂ ਪਹਿਲਾਂ ਮਹਾਰਾਣੀ ਐਲਿਜ਼ਾਬੈਥ ਦੁਆਰਾ ਵਿਸ਼ਵ ਦੇ ਹੋਰ ਨੇਤਾਵਾਂ ਤੋਂ ਇਲਾਵਾ ਅਮਰੀਕਾ ਦੇ ਨਵੇ ਬਣੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਬਕਿੰਘਮ ਪੈਲੇਸ ਵਿਖੇ ਮੇਜ਼ਬਾਨੀ ਕਰਨ ਦੀ ਉਮੀਦ ਹੈ। ਮਹਾਰਾਣੀ ਦੇ ਇਲਾਵਾ ਪੈਰਿੰਸ ਆਫ ਵੇਲਜ਼ ਅਤੇ ਡਚੇਸ ਆਫ ਕੋਰਨਵਾਲ ਚਾਰਲਸ ਅਤੇ ਕੈਮਿਲਾ ਦੇ ਨਾਲ ਡਿਊਕ ਅਤੇ ਡਚੇਸ ਆਫ ਕੈਮਬੈਰਿਜ ਵਿਲੀਅਮ ਅਤੇ ਕੇਟ ਵੀ ਮੇਜ਼ਬਾਨੀ ਵਿੱਚ ਸ਼ਾਮਿਲ ਹੋਣਗੇ। ਹਾਲਾਂਕਿ ਬਕਿੰਘਮ ਪੈਲੇਸ ਨੇ ਇਸ ਰਿਪੋਰਟ 'ਤੇ ਕੋਈ ਟਿੱਪਣੀ ਕਰਨ ਤੋਂ ਫਿਲਹਾਲ ਇਨਕਾਰ ਕਰ ਦਿੱਤਾ ਹੈ। ਬ੍ਰਿਟੇਨ

ਇਸ ਸਾਲ ਕਾਰਬਿਸ ਬੇਅ, ਕੋਰਨਵਾਲ ਵਿੱਚ ਦੋ ਸਾਲਾਂ ਵਿੱਚ ਜੀ -7 ਦੇ ਪਹਿਲੇ ਵਿਅਕਤੀਗਤ ਸੰਮੇਲਨ ਦੀ ਮੇਜ਼ਬਾਨੀ ਕਰੇਗਾ। ਜੀ -7 ਦੇਸ਼ਾਂ ਦੇ ਸਮੂਹ ਵਿੱਚ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ, ਬੈਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਦੀਆਂ ਸਰਕਾਰਾਂ ਸ਼ਾਮਿਲ ਹਨ। ਇਸਦੇ ਨਾਲ ਹੀ ਆਸਟਰੇਲੀਆ, ਭਾਰਤ ਅਤੇ ਦੱਖਣੀ ਕੋਰੀਆ ਦੇ ਨੇਤਾਵਾਂ ਨੂੰ ਵੀ ਇਸ ਸੰਮੇਲਨ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ ਹੈ। ਇਸ ਸੰਮੇਲਨ ਦੇ ਸੰਬੰਧ ਵਿੱਚ ਪੈਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਉਮੀਦ ਹੈ ਕਿ ਇਹ ਸੰਮੇਲਨ ਯੂਕੇ ਦਾ ਵਿਸ਼ਵ ਦੇ ਲੋਕਤੰਤਰੀ ਅਤੇ ਤਕਨੀਕੀ ਤੌਰ ੇ ਤੇ ਉੱਨਤ ਦੇਸ਼ਾਂ ਨਾਲ ਸਹਿਯੋਗ ਵਧਾਏਗਾ।

ਭਾਈ ਬਲਕਾਰ ਸਿੰਘ ਮੁਲਤਾਨੀ ਜਲੰਧਰ ਵਾਲ਼ਿਆਂ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਨਿਊਯਾਰਕ- ਗੁਰੂ ਪਿਆਰਿਓ ਅੱਜ ਇੱਕ ਬਹੁਤ ਹੀ ਪਿਆਰੇ ਗੁਰੂ ਦੇ ਕੀਰਤਨੀਏ ਭਾਈ ਬਲਕਾਰ ਸਿੰਘ ਮੁਲਤਾਨੀ ਜਲੰਧਰ ਵਾਲ਼ਿਆਂ ਦੇ ਇਸ ਸੰਸਾਰ ਨੂੰ ਅਲਵਿਦਾ ਕਹਿਣ ਦੀ ਮਨਹੂਸ ਖ਼ਬਰਾਂ ਨੇ ਮਨ ਨੂੰ ਝੰਜੋੜ ਦਿੱਤਾ ਹੈ। ਭਾਈ ਬਲਕਾਰ ਸਿੰਘ ਮੁਲਤਾਨੀ ਜੀ ਨਾਲ ਗੁਰੂ ਸ਼ਬਦ ਨੇ ਪਿਆਰ ਬਣਾਇਆ। ਜਦੋਂ ਦਾਸਰੇ ਸ੍ਰੀ ਗੁਰੂ ਰਵਿਦਾਸ ਗੁਰੂ-ਘਰ ਵਿੱਚ ਪ੍ਰਬੰਧ ਦੀ ਸੇਵਾ ਨਿਭਾਉਂਦੇ ਸੀ ਤਾਂ ਬਹੁਤ ਬਾਰ ਭਾਈ ਸਾਹਿਬ ਨੇ ਆਪਣੇ ਜਥੇ ਨਾਲ ਨਿਊਯਾਰਕ ਦੀਆ ਸੰਗਤਾਂ ਨੂੰ ਸਤਿਗੁਰੂ ਦੇ ਸ਼ਬਦ ਨਾਲ ਜੋੜਿਆ। ਭਾਈ ਸਾਹਿਬ ਗੁਰੂ ਘਰ ਵਿੱਚ ਸੰਗਤਾਂ ਨਾਲ ਛੋਟੇ ਸਾਹਿਬਜਾਦਿਆਂ ਦੀ ਕਵਿਤਾ ਦੀ ਸਾਂਝ ਜ਼ਰੂਰ ਪਾਉਂਦੇ ਜਿਸ ਨੂੰ ਸੰਗਤ ਬੜੇ ਪਿਆਰ ਨਾਲ ਸਰਵਣ ਕਰਦੀ ਭਾਈ ਸਾਹਿਬ ਨੂੰ ਅਸੀਸਾਂ ਦਿੰਦੀ। ਸਤਿਗੁਰੂ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਦਿਆਂ ਪਰਿਵਾਰਾਂ ਨੂੰ ਆਪਣੇ ਸ਼ਬਦ ਦੀ ਤਾਕਤ ਬਖ਼ਸ਼ਸ਼ ਕਰਨ ਤਾਂ ਕਿ ਇਸ ਅਸਹਿ ਸਦਮੇ ਦੀ ਚੀਸ ਕੁਝ ਘੱਟ ਸਕੇ। ਸਮੁੱਚੇ ਸੰਸਾਰ ਤੇ ਸਤਿਗੁਰੂ ਆਪਣੀ ਮਿਹਰ ਦੀ ਬਖ਼ਸ਼ਸ਼ ਕਰਨ

ਜੀ। ਸਤਿਨਾਮ ਵਾਹਿਗੁਰੂ ਜੀ। ਸ਼ਾਇਰ ਦੀਆ ਵਕਤ ਨਾਲ ਢੁਕਦੀਆਂ ਬਾ ਕਮਾਲ ਸਤਰਾਂ: ਆਸੀ ਚੱਲਾਂਗੇ ਤੇਰੇ ਨਾਲ ਜ਼ਰੂਰ ਦੋਸਤਾ ਪਰ ਸਿਵਿਆਂ ਤੋਂ ਅੱਗੇ ਮਜ਼ਬੂਰ ਦੋਸਤਾ, ਤੇਰੀ ਜਿੰਦਗੀ ਵਿੱਚ ਦੁੱਖ ਸੁੱਖ ਆਉਂਦੇ ਰਹੇ ਨੇ ਸਾਰੇ ਭਾਰ ਤੇਰਾ ਸਜਨਾ ਵਿਡਾਉਦੇ ਰਹੇ ਨੇ, ਅੱਜ ਸਾਡਾ ਵੀ ਤੇ ਕੋਈ ਨਾਂ ਕਸੂਰ ਦੋਸਤਾਂ, ਆਸੀ ਚੱਲਾਂਗੇ ਤੇਰੇ ਨਾਲ ਜ਼ਰੂਰ ਦੋਸਤਾ ਪਰ ਸਿਵਿਆਂ ਤੋਂ ਅੱਗੇ ਮਜਬੂਰ ਦੋਸਤਾ, ਅੱਜ ਚੱਲਿਆਂ ਏ ਤੂੰ ਕੱਲ ਆਸੀ ਵੀ ਆਵਾਂਗੇ, ਤੇਰੇ ਵਾਂਗ ਯਾਰਾਂ ਅਰਬੀ ਸਜਾਵਾਂਗੇ, ਸਦਾ ਸਾਡਾ ਕਿਹੜਾ ਰਹਿਣਾ ਏ ਗਰੂਰ ਦੋਸਤਾ, ਆਸੀ ਚੱਲਾਂਗੇ ਤੇਰੇ ਨਾਲ ਜ਼ਰੂਰ ਦੋਸਤਾ ਪਰ ਸਿਵਿਆਂ ਤੋਂ ਅੱਗੇ ਮਜਬੂਰ ਦੋਸਤਾ।

ਦਾਸ: ਨਿਰਮਲ ਸਿੰਘ

ਜਸਕਰਨਦੀਪ ਸਿੰਘ ਸਿੱਧੂ ਨੇ ਅਮਰੀਕਾ ਵਿੱਚ ਨੇਵੀ ਆਫੀਸਰ ਬਣ ਕੇ ਪਿੰਡ ਝੂੰਦਾਂ ਦਾ ਨਾਂ ਰੌਸ਼ਨ ਕੀਤਾ

ਸੈਕਰਾਮੈਂਟੋ- ਜਿਲ੍ਹਾ ਸੰਗਰੂਰ ਦਾ ਨਿੱਕਾ ਜਿਹਾ ਪਿੰਡ ਝੂੰਦਾਂ ਵੱਡੀਆਂ ਪ੍ਰਾਪਤੀਆਂ ਲਈ ਪ੍ਰਸਿੱਧ ਹੈ। ਇਸ ਪਿੰਡ ਵਿੱਚ ਮਾਂ ਸੁਖਮਿੰਦਰ ਕੌਰ ਸਿੱਧੂ ਤੇ ਪਿਤਾ ਪਰਮਜੀਤ ਸਿੰਘ ਸਿੱਧੂ ਦੇ ਘਰ 13 ਅਕਤੂਬਰ 1990 ਨੂੰ ਜਨਮੇ ਜਸਕਰਨਦੀਪ ਸਿੰਘ ਸਿੱਧੂ ਨੇ ਅਮਰੀਕਾ ਵਿਚ ਨੇਵੀ ਆਫੀਸਰ ਬਣ ਕੇ ਇਕ ਹੋਰ ਮਾਣਯੋਗ ਪ੍ਰਾਪਤੀ ਕੀਤੀ ਹੈ। ਦਾਦਾ ਜੀ ਮਲਕੀਤ ਸਿੰਘ ਸਿੱਧੂ ਤੇ ਸਵ: ਦਾਦੀ ਜੀ ਕਰਨੈਲ ਕੌਰ ਦੇ ਖਾਨਦਾਨ ਦਾ ਇਹ ਰੌਸ਼ਨ ਚਿਰਾਗ ਪੰਜਾਬ ਦੀ ਧਰਤੀ ਤੋਂ ਆਪਣਾ ਜੀਵਨ ਸਫ਼ਰ ਸ਼ੁਰੂ ਕਰਦਾ ਹੈ। ਉਸ ਨੇ ਪਹਿਲੀ ਤੋਂ ਚੌਥੀ ਕਲਾਸ ਤੱਕ ਦੀ ਪੜਾਈ ਡੀ ਏ ਵੀ ਸਕੂਲ ਮਾਲੇਰਕੋਟਲਾ ਤੋਂ ਪ੍ਰਾਪਤ ਕੀਤੀ। ਗਿਆਰਵੀਂ ਤੱਕ ਉਹ ਪੀ ਪੀ ਐਸ ਆਰਮੀ

ਸਕੂਲ ਨਾਭਾ ਵਿੱਚ ਪੜਿਆ। ਇੱਥੋਂ ਹੀ ਨੇਵੀ ਆਫੀਸਰ ਬਣਨ ਦੀ ਲਗਨ ਲੈ ਕੇ ਉਹ ਸੈਕਰਾਮੈਂਟੋ ਅਮਰੀਕਾ ਪੁੱਜਾ। ਉੱਥੇ ਪਿੰਡ ਈਸੜੂ ਦੀ ਜਾਈ ਹੋਣਹਾਰ ਧੀ ਡਾ ਸੁਖਦੀਪ ਕੌਰ ਨੂੰ ਆਪਣੀ ਹਮਸਫ਼ਰ ਬਣਾ ਉਸਨੇ ਖੂਬਸੂਰਤ ਜਿੰਦਗੀ ਦੀ ਸ਼ੁਰੂਆਤ ਕੀਤੀ।

ਉੱਥੇ ਹੀ ਕਾਲਜ ਯੂਨੀਵਰਸਿਟੀ ਦੀ ਪੜਾਈ ਪੂਰੀ ਕਰਨ ਤੋਂ ਬਾਅਦ ਉਸਨੇ ਜਦੋਂ ਅਮਰੀਕਾ ਵਿਚ ਨੇਵੀ ਆਫੀਸਰ ਬਣ ਕੇ ਆਪਣਾ ਸੁਪਨਾ ਪੂਰਾ ਕੀਤਾ ਹੈ, ਉਸ ਦੀ ਇਸ ਸ਼ਾਨਦਾਰ ਪ੍ਰਾਪਤੀ ਉੱਪਰ ਪਿੰਡ ਝੂੰਦਾਂ ਸਮੇਤ ਇਲਾਕਾ ਮਾਣ ਮਹਿਸੂਸ ਕਰਦਾ ਹੈ। ਜਸਕਰਨਦੀਪ ਸਿੰਘ ਸਿੱਧੂ ਨੇ ਅਮਰੀਕਾ ਤੋਂ ਹੀ ਹਵਾਈ ਜਹਾਜ਼ ਉਡਾਉਣ ਦੀ ਟਰੇਨਿੰਗ ਲੈ ਕੇ ਪਾਈਲਟ ਦੀ ਉਪਾਧੀ ਵੀ ਪ੍ਰਾਪਤ ਕੀਤੀ ਹੈ।

ਮਿਆਂਮਾਰ 'ਚ ਫ਼ੌਜ ਨੇ ਦੇਸ਼ ਕੰਟਰੋਲ ਆਪਣੇ ਹੱਥਾਂ ਵਿੱਚ ਲਿਆ

ਨੇਪਈਤਾ- ਮਿਆਂਮਾਰ ਦੀ ਫ਼ੌਜ ਨੇ ਇੱਕ ਸਾਲ ਲਈ ਦੇਸ਼ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਸੈਨਾ ਦੀ ਮਾਲਕੀ ਵਾਲੇ ਮਯਵਾੜੀ ਟੀਵੀ ਨੇ ਸੋਮਵਾਰ ਸਵੇਰੇ ਇਸ ਦਾ ਐਲਾਨ ਕੀਤਾ। ਖ਼ਬਰਾਂ ਵਿੱਚ ਕਿਹਾ ਕਿ ਸਟੇਟ ਕਾਉਂਸਲਰ ਆਂਗ ਸਾਂ ਸੂ ਕੀ ਨੂੰ ਨਜ਼ਰਬੰਦ ਕਰ ਲਿਆ ਗਿਆ ਹੈ ਅਤੇ ਰਾਜਧਾਨੀ 'ਚ ਸੰਚਾਰ ਦੇ ਸਾਰੇ ਸਾਧਨ ਕੱਟ ਦਿੱਤੇ ਗਏ ਹਨ। ਨੇਪਈਤਾ 'ਚ ਫੋਨ ਅਤੇ ਇੰਟਰਨੈੱਟ ਸੇਵਾ ਬੰਦ ਹੈ ਅਤੇ ਸੂ ਕੀ ਦੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਪਾਰਟੀ ਨਾਲ ਸੰਪਰਕ ਨਹੀਂ ਹੋ ਰਿਹਾ ਹੈ।

ਅਮਰੀਕਾ, ਆਸਟਰੇਲੀਆ ਅਤੇ ਹੋਰ ਦੇਸ਼ਾਂ ਨੇ ਇਨੈਹਾਂ ਰਿਪੋਰਟਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਮਿਆਂਮਾਰ ਦੀ ਸੈਨਾ ਨੂੰ ਕਾਨੂੰਨ ਦੇ ਸ਼ਾਸਨ ਦਾ

ਸਨਮਾਨ ਕਰਨ ਦੀ ਬੇਨਤੀ ਕੀਤੀ ਹੈ। ਅਮਰੀਕਾ ਵਿਚ ਵੈਹਾਈਟ ਹਾਊਸ ਦੀ ਤਰਜਮਾਨ ਜੇਨ ਸਾਕੀ ਨੇ ਇੱਕ ਬਿਆਨ ਵਿਚ ਕਿਹਾ ਕਿ ਉਹ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਮਿਆਂਮਾਰ ਵਿਚ ਹੋਣ ਵਾਲੀਆਂ ਘਟਨਾਵਾਂ ਤੋਂ ਜਾਣੂ ਹਨ। ਉਨੈਹਾਂ ਕਿਹਾ, 'ਮਿਆਂਮਾਰ ਵਿੱਚ ਲੋਕਤੰਤਰੀ ਢੰਗ ਨਾਲ ਸੱਤਾ ਦੇ ਤਬਾਦਲੇ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਅਮਰੀਕਾ ਫ਼ੌਜੀ ਬਗਾਵਤ ਦੀ ਖ਼ਬਰ ਤੋਂ ਚਿੰਤਤ ਹੈ। ਇਥੋਂ ਤਕ ਕਿ ਰਾਜ ਦੇ ਕਾਉਂਸਲਰ ਆਂਗ ਸਾਂ ਸੂ ਕੀ ਅਤੇ ਹੋਰ ਅਧਿਕਾਰੀਆਂ ਨੂੰ ਗਿਫ਼ਤਾਰ ਕਰ ਲਿਆ ਗਿਆ ਹੈ।' ਬਿਆਨ ਵਿੱਚ ਕਿਹਾ ਗਿਆ ਹੈ ਕਿ ਜੇ ਇਹ ਕਦਮ ਵਾਪਸ ਨਾ ਕੀਤੇ ਗਏ ਤਾਂ ਅਮਰੀਕਾ ਇਸ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਕਰੇਗਾ। ਆਸਟਰੇਲੀਆ ਦੇ ਵਿਦੇਸ਼ ਮੰਤਰੀ ਮਰੀਸੀ ਪੇਨੇ ਨੇ ਸੂ ਕੀ ਅਤੇ ਹੋਰਨਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਇਸੇ ਦੌਰਾਨ ਭਾਰਤ ਨੇ ਸੋਮਵਾਰ ਨੂੰ ਮਿਆਂਮਾਰ ਵਿੱਚ ਫ਼ੌਜੀ ਤਖ਼ਤਾ-ਪਲਟ ਅਤੇ ਚੋਟੀ ਦੇ ਨੇਤਾਵਾਂ ਦੀ ਨਜ਼ਰਬੰਦੀ 'ਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਉਸ ਨੇ ਹਮੇਸ਼ਾਂ ਉਸ ਦੇਸ਼ ਵਿੱਚ ਸੱਤਾ ਦੇ ਲੋਕਤੰਤਰੀ ਤਬਾਦਲੇ ਦਾ ਸਮਰਥਨ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਮਿਆਂਮਾਰ ਦੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਬਿਆਨ 'ਚ ਕਿਹਾ ਗਿਆ, 'ਅਸੀਂ ਮੰਨਦੇ ਹਾਂ ਕਿ ਕਾਨੂੰਨ ਦੇ ਸ਼ਾਸਨ ਅਤੇ ਲੋਕਤੰਤਰੀ ਪੈਰਕਿਰਿਆ ਦਾ ਪਾਲਣ ਕੀਤਾ ਜਾਣਾ ਲਾਜ਼ਮੀ ਹੈ ਅਤੇ ਅਸੀਂ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ।'

ਬਜਟ 2020-21- ਸਿਹਤ ਸੇਵਾਵਾਂ 'ਤੇ ਖਰਚ ਵਧਾਇਆ, ਕੋਈ ਨਵਾਂ ਟੈਕਸ ਨਹੀਂ ਲਗਾਇਆ

ਨਵੀਂ ਦਿੱਲੀ - ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ ਪੇਸ਼ ਕਰਦੇ ਹੋਏ ਸਿਹਤ ਸੰਭਾਲ ਖਰਚਿਆਂ ਨੂੰ ਦੁੱਗਣਾ ਕਰਨ ਤੋਂ ਇਲਾਵਾ ਪੈਰਸਤਾਵਿਤ ਕੁਝ ਖਾਸ ਦਰਾਮਦ ਸਮਾਨਾਂ 'ਤੇ ਨਵਾਂ ਖੇਤੀ ਸੈੱਸ ਲਗਾਉਣ ਅਤੇ ਕਪਾਹ ਤੋਂ ਲੈ ਕੇ ਇਲੈਕਟੈਰੋਨਿਕਸ ਤੱਕ ਦੀਆਂ ਵਸਤਾਂ 'ਤੇ ਕਸਟਮ ਡਿਊਟੀ ਵਧਾਉਣ ਦਾ ਐਲਾਨ ਕੀਤਾ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ 2020-21 'ਚ ਕਿਸਾਨਾਂ ਨੂੰ ਇਕ ਹੋਰ ਵੱਡੀ ਸੌਗਾਤ ਦਿੱਤੀ ਹੈ। ਬਜਟ 'ਚ ਸਰਕਾਰ ਨੇ ਖੇਤੀ ਲੋਨ ਦੀ ਲਿਮਿਟ ਨੂੰ ਵਧਾ ਦਿੱਤਾ ਹੈ। ਸਰਕਾਰ ਨੇ ਇਸ ਵਾਰ ਕਿਸਾਨਾਂ ਨੂੰ 16.5 ਲੱਖ ਕਰੋੜ ਦਾ ਲੋਨ ਦੇਣ ਦਾ ਟੀਚਾ ਤੈਅ ਕੀਤਾ ਹੈ। ਬਜਟ 'ਚ ਸਰਕਾਰ ਨੇ ਪਸ਼ੂਪਾਲਣ, ਡੇਅਰੀ ਤੇ ਮੱਛੀ ਪਾਲਣ ਨਾਲ ਜੁੜੇ ਕਿਸਾਨਾਂ ਦੀ ਆਮਦਨੀ ਵਧਾਉਣ 'ਤੇ ਫੋਕਸ ਕੀਤਾ ਹੈ। ਸਰਕਾਰ 2022 ਤਕ ਕਿਸਾਨਾਂ ਦੀ ਇਨਕਮ ਦੁਗਣੀ ਕਰਨ 'ਤੇ ਕਾਇਮ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੱਸਿਆ ਕਿ ਮਲਕੀਅਤ ਯੋਜਨਾ ਨੂੰ ਹੁਣ ਦੇਸ਼ਭਰ 'ਚ ਲਾਗੂ ਕੀਤਾ ਜਾਵੇਗਾ। ਐਗਰੀਕਲਚਰ ਦੇ ਕੈਰੇਡਿਟ ਟਾਰਗੇਟ ਨੂੰ 16 ਲੱਖ ਕਰੋੜ ਤਕ ਕੀਤਾ ਜਾ ਰਿਹਾ ਹੈ। ਆਪਰੇਸ਼ਨ ਗੈਰੀਨ ਸਕੀਮ ਦਾ ਐਲਾਨ ਕੀਤਾ ਗਿਆ ਹੈ, ਜਿਸ 'ਚ ਕਈ ਫਸਲਾਂ ਨੂੰ ਸ਼ਾਮਲ ਕੀਤਾ ਜਾਵੇਗਾ ਤੇ ਕਿਸਾਨਾਂ ਨੂੰ ਲਾਭ ਪਹੁੰਚਾਇਆ ਜਾਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ 2022 ਤਕ ਕਿਸਾਨਾਂ ਦੀ ਇਨਕਮ ਦੁਗਨੀ ਕਰਨ 'ਤੇ ਕੰਮ ਕਰ ਰਹੀ ਹੈ। ਪੀਐੱਮ ਨੇ 80 ਮਿਲਿਅਨ ਪਰਿਵਾਰਾਂ ਨੂੰ ਕਈ ਮਹੀਨਿਆਂ ਤਕ ਮੁਫਤ ਗੈਸ ਮੁਹ-ੱਈਆ ਕਰਵਾਈ, 40 ਮਿਲਿਅਨ ਤੋਂ ਜਆੋਦਾ ਕਿਸਾਨਾਂ, ਔਰਤਾਂ, ਗਰੀਬਾਂ ਲਈ ਸਿੱਧੇ ਨਕਦ ਰਾਸ਼ੀ ਮੁਹੱਈਆ ਕਰਵਾਈ। ਇੰਸ਼ੋਰੈਂਸ, ਬਿਜਲੀ, ਸੋਨਾ-ਚਾਂਦੀ ਹੋਏ ਸਸਤੇਸ ਮੋਬਾਈਲ, ਚਾਰਜਰ, ਇਲੈਕਟੈਰਾਨਿਕ ਸਾਮਾਨ ਦੇ ਭਾਅ ਵਧੇ: ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 2021-22 ਦਾ ਕੇਂਦਰੀ ਬਜਟ ਪੇਸ਼ ਕਰ ਦਿੱਤਾ ਹੈ। ਪਹਿਲੀ ਵਾਰ ਪੂਰੀ ਤਰੈਹਾਂ ਨਾਲ ਪੇਪਰਲੈੱਸ ਬਜਟ 'ਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਨਫਰਾ, ਰੀਅਲ ਅਸਟੇਟ ਤੇ ਸਭ ਤੋਂ ਜਆੋਦਾ ਹੈਲਥਕੇਅਰ ਸੈਕਟਰ 'ਚ ਨਿਵੇਸ਼ ਦਾ ਐਲਾਨ ਕੀਤਾ ਹੈ। ਕੇਂਦਰੀ ਬਜਟ 2020-21 ਦੇ ਪੈਰਸਤਾਵਾਂ ਮੁਤਾਬਿਕ ਇੰਸ਼ੋ-ਰੈਂਸ, ਬਿਜਲੀ, ਸੋਨਾ-ਚਾਂਦੀ, ਸਟੀਲ ਉਤਪਾਦਾਂ ਤੇ ਪੇਂਟ ਵਰਗੀਆਂ ਚੀਜਾਂ ਸਸਤੀਆਂ ਹੋ ਗਈਆਂ ਹਨ। ਇਨੈਹਾਂ ਤੋਂ ਇਲਾਵਾ ਜੁੱਤੇ, ਨਾਇਲਾਨ ਦਾ ਸਮਾਨ, ਪਾਲਿਸਟਰ ਕੱਪੜੇ, ਸੋਲਰ ਲਾਲਟੇਨ ਤੇ ਚਮੜੇ ਦੇ ਉਤਪਾਦ ਸਸਤੇ ਹੋ ਗਏ ਹਨ। ਦੂਸਰੇ ਪਾਸੇ ਜਿਹੜੇ ਲੋਕ ਮੋਬਾਈਲ ਜਾਂ ਚਾਰਜਰ ਖਰੀਦਣ ਦੀ ਯੋਜਨਾ ਬਣਾ ਰਹੇ ਹਨ ਉਨੈਹਾਂ ਨੂੰ ਜਆੋਦਾ ਧਨਰਾਸ਼ੀ ਦੀ ਜਰੂਰਤ ਪਵੇਗੀ। ਬਜਟ ਪੈਰਸਤਾਵਾਂ ਮੁਤਾਬਿਕ ਮੋਬਾਈਲ ਦੇ ਨਾਲ-ਨਾਲ ਮੋਬਾਈਲ ਚਾਰਜਰ ਮਹਿੰਗੇ ਹੋ ਗਏ ਹਨ।

ਇਨੈਹਾਂ ਤੋਂ ਇਲਾਵਾ ਇਲੈਕਟੈਰਾਨਿਕ ਉਪਕਰਨ, ਸੂਤੀ ਕੱਪੜੇ ਤੇ ਆਟੋ-ਪਾਰਟਸ ਵੀ ਮਹਿੰਗੇ ਹੋ ਜਾਣਗੇ। ਜਿਕਰਯੋਗ ਹੈ ਕਿ ਵਿੱਤ ਮੰਤਰੀ ਨੇ ਸੋਮਵਾਰ ਨੂੰ ਕਿਹਾ ਕਿ ਸਰਕਾਰ ਸੋਨੇ ਤੇ ਚਾਂਦੀ 'ਤੇ ਕਸਟਮ ਡਿਊਟੀ ਨੂੰ ਤਰਕਸੰਗਤ ਬਣਾਉਣ ਦੀ ਦਿਸ਼ਾ ਵਿਚ ਕੰਮ ਕਰ ਰਹੀ ਹੈ। ਸਿਹਤ ਖੇਤਰ 'ਚ ਵੱਡੇ ਐਲਾਨ, ਕੋਵਿਡ ਵੈਕਸੀਨ ਲਈ 35 ਹਜਾਰ ਕਰੋੜ ਦਾ ਐਲਾਨ: ਕੋਰੋਨਾ ਸੰਕਟ ਦੌਰਾਨ ਆਉਣ ਵਾਲੇ ਇਸ ਬਜਟ 'ਚ ਹੈਲਥ ਸੈਕਟਰ ਨੂੰ ਕਾਫੀ ਪਹਿਲ ਦਿੱਤੀ ਗਈ ਹੈ। ਇਸ ਬਜਟ 'ਚ ਉਨੈਹਾਂ ਉਪਾਆਂ ਨੂੰ ਕੀਤੇ ਜਾਣ ਦੀ ਦਰਕਾਰ ਸੀ ਜਿਨੈਹਾਂ ਦਾ ਅਗਲੇ ਦੋ-ਤਿੰਨ ਸਾਲਾਂ 'ਚ ਸਿਹਤ ਦੇ ਖੇਤਰ 'ਚ ਜਮੀਨੀ ਅਸਰ ਨਜਰ ਆਏ। ਆਰਥਿਕ ਸਰਵੇ 2020-21 'ਚ ਵੀ ਉਹਨਾਂ ਉਪਾਆਂ ਵੱਲੋਂ ਧਿਆਨ ਦਿਵਾਉਂਦੇ ਸਿਹਤ ਸੇਵਾ ਖੇਤਰ ਦਾ ਬਜਟ ਵਧਾਏ ਜਾਣ ਦੀ ਸਿਫਾਰਿਸ਼ ਕੀਤੀ ਗਈ ਸੀ। ਪਬਲਿਕ ਹੈਲਥ ਲਈ ਵੈੱਬਸਾਈਟ ਦੀ ਸ਼ੁਰੂਆਤ। ਕੋਵਿਡ ਵੈਕਸੀਨ ਲਈ 35 ਹਜਾਰ ਕਰੋੜ ਦਾ ਐਲਾਨ। ਐੱਮਐੱਸਪੀ ਸਿਸਟਮ 'ਚ ਹੋਵੇਗਾ ਬਦਲਾਅ: ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਐੱਮਐੱਸਪੀ ਵਧਾ ਕੇ ਉਤਪਾਦਨ ਲਾਗਤ ਦਾ 1.5 ਗੁਣਾ ਕੀਤਾ ਗਿਆ ਹੈ। ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਵਿੱਤ ਮੰਤਰੀ ਨੇ ਕਿਹਾ ਕਿ ਐੱਮਐੱਸਪੀ ਤੇ ਫਸਲ ਖਰੀਦ ਦਾ ਕੰਮ ਤੇਜੀ ਨਾਲ ਜਾਰੀ ਹੈ, ਇਸ ਦੇ ਨਤੀਜਨ ਕਿਸਾਨਾਂ ਨੂੰ ਸਹੀ ਭੁਗਤਾਨ ਕੀਤੇ ਜਾਣ ਦੇ ਮਾਮਲੇ 'ਚ ਵਾਧਾ ਹੋਇਆ ਹੈ। ਉਨੈਹਾਂ ਕਿ

ਸਤਿਗੁਰ ਰਵਿਦਾਸ ਮਹਾਰਾਜ ਜੀ ਦਾ 644 ਵਾਂ ਪ੍ਰਕਾਸ਼ ਉਤਸਵ ਮਨਾਉਣ ਸਬੰਧੀ ਮੀਟਿੰਗ ਹੋਈ

ਫਗਵਾੜਾ (ਬੀ.ਕੇ.ਰੱਤੂ) ਸਰਬਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਮਾਨਵਤਾਵਾਦੀ ਮਹਾਨ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਵਸ ਸ਼ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਪੰਜਾਬ ਰਜਿ. ਵਲੋਂ ਹਰ ਸਾਲ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਚੱਲ ਰਹੇ ਸਾਲ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਵਸ 27 ਫਰਵਰੀ ਦਿਨ ਸ਼ਨੀਵਾਰ ਨੂੰ ਆ ਰਿਹਾ ਹੈ। ਇਸਦੇ ਸੰਬੰਧ ਵਿੱਚ ਸ਼ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਵਿਖੇ ਪ੍ਰਕਾਸ਼ ਦਿਵਸ ਮਨਾਉਣ ਸਬੰਧੀ ਸ਼ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਪੰਜਾਬ ਵਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਪ੍ਰਕਾਸ਼ ਦਿਵਸ ਅਤੇ ਸ਼ੋਭਾ ਯਾਤਰਾ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਮੌਕੇ ਕੀਤੇ ਜਾਣ ਵਾਲੇ ਪ੍ਰਬੰਧਾਂ ਦੀ ਗੱਲ ਕਰਦਿਆਂ ਸੇਵਾਵਾਂ ਨਿਭਾਉਣ ਲਈ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਆਪਣੀਆਂ ਡਿਊਟੀਆਂ ਲਈਆਂ ਗਈਆਂ ਤੇ ਪ੍ਰਕਾਸ ਦਿਵਸ ਮਨਾਉਣ ਲਈ ਬੜੇ ਚਾਵਾਂ ਤੇ ਖੁਸ਼ੀਆਂ ਨਾਲ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਆਉਣ ਵਾਲੇ ਕੁੱਝ ਦਿਨਾਂ ਤੱਕ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਕੇ ਪੂਰੇ ਪ੍ਰੋਗਰਾਮਾਂ ਦੀ ਰੂਪ ਰੇਖਾ ਸਭ ਸੰਗਤਾਂ ਨਾਲ ਸਾਂਝੀ ਕੀਤੀ ਜਾਵੇਗੀ। ਮੀਟਿੰਗ ਦੌਰਾਨ ਪ੍ਰਧਾਨ ਦਵਿੰਦਰ ਕੁਲਥਮ, ਸੀਨੀਅਰ ਉਪ ਪ੍ਰਧਾਨ ਜਗਨ ਨਾਥ ਕੈਲੇ, ਜਨਰਲ ਸਕੱਤਰ ਅਸ਼ੋਕ ਭਾਟੀਆ, ਖਜਾਨਚੀ ਗੁਰਦਿਆਲ ਸੋਢੀ, ਪ੍ਰਚਾਰਕ ਸਕੱਤਰ ਸੀਟੂ ਬਾਈ, ਸੁਪ੍ਰਸਤ ਐਡਵੋਕੇਟ ਸ਼ਰਧਾ ਰਾਮ, ਉਪ ਪ੍ਰਧਾਨ ਕਿਸ਼ਨ ਦਾਸ ਛਿੰਦੀ, ਸਕੱਤਰ ਬਲਦੇਵ ਰਾਜ ਕੋਮਲ, ਮੁੱਖ ਸਲਾਹਕਾਰ ਰਜਿੰਦਰ ਕੁਮਾਰ ਫਿਲੋਰ, ਸੀਨੀਅਰ ਮੈਂਬਰ ਡਾ. ਯਸ਼ ਬਰਨਾ, ਮਕਬੂਲ ਅਤੇ ਗੁਰਬਚਨਾ ਰਾਮ ਆਦਿ ਹਾਜ਼ਰ ਸਨ।

ਆਲ ਪਾਰਟੀ ਮੀਟਿੰਗ ਦੇ ਸਾਂਝੇ ਮਤੇ ਵਿਚ ਮਜ਼ਦੂਰ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕਰਨ ਦੀ ਮੰਗ ਕੀਤੀ - ਜਸਵੀਰ ਸਿੰਘ ਗੜ੍ਹੀ

ਚੰਡੀਗੜ੍ਹ (ਬਿਊਰੋ)- ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਆਲ ਪਾਰਟੀ ਮੀਟਿੰਗ ਵਿੱਚ ਬੋਲਦਿਆ ਕਿਹਾ ਕਿ ਕਿਸਾਨਾਂ ਦੇ ਅੰਦੋਲਨ ਵਿਚ ਬਸਪਾ ਦਾ ਪੂਰਾ ਸਮਰਥਨ ਹੈ ਤੇ ਪੰਜਾਬ ਸਰਕਾਰ ਦੇ ਮਤੇ ਦਾ ਸਮਰਥਨ ਕਰਦੀ ਹੈ। ਲੇਕਿਨ ਇਸ ਮਤੇ ਵਿੱਚ ਮਜ਼ਦੂਰ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕਰਨ ਦਾ ਮੁੱਦਾ ਵੀ ਜੋੜਿਆਂ ਜਾਣਾ ਚਾਹੀਦਾ ਹੈ। ਪੰਦਰਾਂ ਮਿੰਟਾਂ ਦੀ ਬੇਬਾਕੀ ਦੇ ਬੋਲਾਂ ਨਾਲ ਨੌਜਵਾਨ ਆਗੂ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪਿਛਲੀ ਆਲ ਪਾਰਟੀ ਮੀਟਿੰਗ ਵਿੱਚ ਪੰਜਾਬ ਸਰਕਾਰ ਨੇ ਆਲ ਪਾਰਟੀ ਵਫ਼ਦ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਦੇ ਫੈਸਲੇ ਕੀਤਾ ਸੀ ਲੇਕਿਨ ਅੱਠ ਮਹੀਨੇ ਬੀਤ ਜਾਣ ਤੋਂ ਬਾਦ ਸਰਕਾਰ ਨੇ ਡੱਕਾ ਨਹੀਂ ਤੋੜਿਆ। ਮੌਜੂਦਾ ਮੀਟਿੰਗ ਨੂੰ ਬਸਪਾ ਪੰਜਾਬ ਨੇ ਜਾਭਾ ਦਾ ਭੇੜ ਐਲਾਨ ਕੀਤਾ।

ਬਸਪਾ ਪੰਜਾਬ ਪ੍ਰਧਾਨ ਨੇ ਮੀਟਿੰਗ ਵਿੱਚ ਕਿਹਾ ਕਿ ਅੱਜ ਦੇ ਪੰਜਾਬ ਨੂੰ ਦਲਿਤ ਪੰਜਾਬ ਬਣਾਉਣ ਦੀ ਕੋਸ਼ਿਸ਼ ਵਿਚ ਕੇਂਦਰ ਸਰਕਾਰ ਲੱਗਾ ਹੈ। ਕਿਸਾਨਾਂ ਦੀ ਐਮ ਐਸ ਪੀ ਲਾਗੂ ਰਹਿਣ ਦੇ ਨਾਲ ਨਾਲ ਪੰਜਾਬ ਵਿੱਚ ਦਲਿਤ ਮੁਲਾਜ਼ਮ ਦੀਆਂ ਤਰੱਕੀਆਂ ਦਾ ਮੁੱਦਾ ਤੇ 10.10.2014 ਦਾ ਪੱਤਰ ਰੱਦ ਕਰਨ ਦਾ ਮੁੱਦਾ ਵੀ ਬਸਪਾ ਨੇ ਉਠਾਇਆ। ਡੇਢ ਸੌ ਤੋਂ ਜਿਆਦਾ ਕਿਸਾਨਾਂ ਮਜ਼ਦੂਰਾਂ ਦੀਆਂ ਅੰਦੋਲਨ ਵਿਚ ਹੋਈਆਂ ਮੌਤਾਂ ਦੇ ਪੀੜਿਤ ਪਰਿਵਾਰਾਂ ਲਈ ਐਕਸਗ੍ਰੇਸੀਆ ਗਰਾਂਟ ਤੇ ਸਰਕਾਰੀ ਨੌਕਰੀ ਦੀ ਮੰਗ ਕੀਤੀ ਜਿਸ ਵਿੱਚ ਖਾਸ ਤੌਰ ਤੇ ਮਰਹੂਮ ਬਸਪਾ ਆਗੂ ਮੋਤੀ ਲਾਲ ਸ਼ਾਸ਼ਿਆ ਲਈ ਐਕਸਗ੍ਰੇਸੀਆ ਗਰਾਂਟ ਤੇ ਨੌਕਰੀ ਦੀ ਮੰਗ ਕੀਤੀ ਜੋ ਕਿ ਸਿੰਘੂ ਬਾਰਡਰ ਤੋਂ ਬੀਮਾਰ ਹੋਕੇ ਆਇਆ ਸੀ ਤੇ ਮੌਤ ਹੋ ਗਈ। ਇਸ ਮੌਕੇ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ ਨੇ ਦਿੱਲੀ ਪੁਲਿਸ ਨੇ ਗ੍ਰਿਫ਼ਤਾਰ ਕੀਤੇ ਨਵਾਂ ਸ਼ਹਿਰ ਦੇ ਕਾਜਮਪੁਰ ਪਿੰਡ ਦੇ ਰਣਜੀਤ ਸਿੰਘ ਦਾ

ਨਵਰੀਤ ਸਿੰਘ ਦੀ ਮੌਤ ਦੇ ਦੋਸ਼ੀਆਂ ਨੂੰ ਬਣਦੀ ਸਜਾ ਦਿਵਾਉਣ ਲਈ ਨਿਆਇਕ ਜਾਂਚ ਦੇ ਹੁਕਮ ਦਿੱਤੇ ਜਾਣ

ਭੁਲੱਥ (ਗੋਗਨਾ)- ਵਿਰੋਧੀ ਧਿਰ ਦੇ ਸਾਬਕਾ ਨੇਤਾ, ਐਮ ਐਲ. ਏ ਹਲਕਾ ਭੁਲੱਥ ਸ: ਸੁਖਪਾਲ ਸਿੰਘ ਖਹਿਰਾ ਨੇ ਉੱਤਰ ਪ੍ਰਦੇਸ਼ ਦੇ ਜਿਲ੍ਹਾ ਰਾਮਪੁਰ ਦੇ ਪਿੰਡ ਡਿਬਡਿਬਾ ਦੇ ਨਵਰੀਤ ਸਿੰਘ ਦੀ ਪਿਛਲੇ ਦਿਨੀਂ ਕਿਸਾਨ ਪ੍ਰਦਰਸ਼ਨ ਦੌਰਾਨ ਆਈ.ਟੀ.ਓ ਕਰਾਂਸਿੰਗ ਵਿਖੇ ਪੁਲਿਸ ਵਾਇਰਿੰਗ ਵਿੱਚ ਮੌਤ ਹੋ ਗਈ ਸੀ। ਜੋ ਆਸਟ੍ਰੇਲੀਆ ਵਿੱਚ ਰਹਿਣ ਵਾਲਾ ਨਵਰੀਤ ਸਿੰਘ ਕਿਸਾਨ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਭਾਰਤ ਆਇਆ ਸੀ। ਕਿਸਾਨ ਧਰਨਿਆਂ ਦੌਰਾਨ ਨਵਰੀਤ ਸਿੰਘ ਤੇ ਉਸ ਦਾ ਚਚੇਰਾ ਭਰਾ ਨਕਸ਼ਦੀਪ ਸਿੰਘ ਗਾਜੀਪੁਰ ਬਾਰਡਰ ਉੱਪਰ ਪ੍ਰਦਰਸ਼ਨ ਕਰ ਰਹੇ ਸਨ। ਖਹਿਰਾ ਨੇ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਨੂੰ ਇਕ ਪੱਤਰ ਲਿਖ ਕੇ ਨਿਆਇਕ ਜਾਂਚ ਦੀ ਮੰਗ ਕੀਤੀ ਹੈ। ਖਹਿਰਾ ਨੇ ਇਕ ਪ੍ਰੈਸ ਬਿਆਨ ਦੇ ਨਾਲ ਕੇਜਰੀਵਾਲ ਨੂੰ ਲਿਖੇ ਪੱਤਰ ਦੀ ਕਾਪੀ ਜਾਰੀ ਕਰਦੇ ਹੋਏ ਦੱਸਿਆ ਕਿ ਲੰਘੀ 26 ਜਨਵਰੀ ਨੂੰ ਜਦ ਕਿਸਾਨ ਲੀਡਰਸ਼ਿਪ ਨੇ ਟਰੈਕਟਰ ਪਰੇਡ ਕਰਨ ਦਾ ਐਲਾਨ ਕੀਤਾ ਸੀ ਤਾਂ ਨਵਰੀਤ ਸਿੰਘ ਨੇ ਆਪਣੇ ਟਰੈਕਟਰ ਉੱਪਰ ਤਿਰੰਗਾ ਅਤੇ ਕਿਸਾਨੀ ਝੰਡਾ ਲਾਗਾ ਕੇ ਟਰੈਕਟਰ ਪਰੇਡ ਵਿੱਚ ਹਿੱਸਾ ਲਿਆ ਸੀ। ਰਿਪੋਰਟਾਂ ਅਨੁਸਾਰ 26 ਜਨਵਰੀ ਨੂੰ ਪ੍ਰਦਰਸ਼ਨਕਾਰੀ ਕਿਸਾਨਾਂ ਅਤੇ ਦਿੱਲੀ ਪੁਲਿਸ ਦਰਮਿਆਨ ਅਨੇਕਾਂ ਝੜਪਾਂ ਹੋਈਆਂ ਜਿਸ ਕਾਰਨ ਕਿਸਾਨਾਂ ਨੂੰ ਵੱਡੇ ਪੱਧਰ ਉੱਪਰ ਸੱਟਾਂ ਲੱਗੀਆਂ ਅਤੇ ਉਪਰੰਤ ਦਿੱਲੀ ਪੁਲਿਸ ਨੇ ਅਨੇਕਾਂ ਮੁਕੱਦਮੇ ਦਰਜ਼ ਕੀਤੇ ਅਤੇ 200 ਤੋਂ ਵੀ ਜਿਆਦਾ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਹਨਾਂ ਵਿੱਚੋਂ ਜ਼ਿਆਦਾਤਰ ਪੰਜਾਬ ਨਾਲ ਸਬੰਧ ਰੱਖਦੇ ਹਨ।ਰਿਪੋਰਟਾਂ ਅਨੁਸਾਰ ਝੜਪਾਂ ਦੌਰਾਨ ਦਿੱਲੀ ਪੁਲਿਸ ਨੇ ਨਵਰੀਤ ਸਿੰਘ ਨੂੰ ਗੋਲੀ ਮਾਰ ਦਿੱਤੀ ਜਿਸ ਕਾਰਨ ਉਹ ਕੰਟਰੋਲ ਗੁਆ ਬੈਠਾ ਅਤੇ ਉਸ ਦਾ ਟਰੈਕਟਰ ਪੁਲਿਸ ਵੱਲੋਂ ਲਗਾਏ ਗਏ ਬੈਰੀਕੇਡਾਂ ਵਿੱਚ ਵੱਜਣ ਉਪਰੰਤ ਪਲਟ ਗਿਆ, ਨਤੀਜੇ ਵਜੋਂ ਨਵਰੀਤ ਸਿੰਘ ਦੀ ਮੌਤ ਹੋ ਗਈ। ਪੁਲਿਸ ਸਮੇਤ ਦਿੱਲੀ ਦੇ ਸਿਵਲ ਅਧਿਕਾਰੀ ਵੀ ਮੌਕੇ ਤੇ ਮੌਜੂਦ ਸਨ ਪਰੰਤੂ ਬਦਕਿਸਮਤੀ ਨਾਲ ਉਹਨਾਂ ਵਿੱਚੋਂ ਕਿਸੇ ਨੇ ਵੀ ਨਵਰੀਤ ਸਿੰਘ ਅਤੇ ਆਈ.ਟੀ.ਓ ਕਰਾਂਸਿੰਗ ਉੱਪਰ ਹੋਈ ਝੜਪ ਦੇ ਜਖਮੀਆਂ ਨੂੰ ਮੁੱਢਲੀ ਸਹਾਇਤਾ ਦਿਵਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਦਿੱਲੀ ਪੁਲਿਸ ਅਤੇ ਪ੍ਰਸ਼ਾਸਨ ਦੇ ਇਸ ਅਣਮਨੁੱਖੀ ਵਤੀਰੇ ਕਾਰਨ ਨਵਰੀਤ ਸਿੰਘ ਦੀ ਮੌਤ ਹੋ ਗਈ ਅਤੇ ਸੈਂਕੜਿਆਂ ਨੌਜਵਾਨ ਗੰਭੀਰ ਜ਼ਖਮੀ ਹੋ ਗਏ। ਦਿੱਲੀ ਪੁਲਿਸ ਵੱਲੋਂ ਨਵਰੀਤ ਸਿੰਘ ਨੂੰ ਗੋਲੀ ਮਾਰਨ ਦੇ ਢੁਕਵਾਂ ਸਬੂਤ ਹਨ ਜੋ ਕਿ ਸੋਸ਼ਲ ਮੀਡੀਆ ਉੱਪਰ ਵਾਇਰਲ ਹੋ ਰਹੇ ਹਨ। ਉਸ ਦਾ ਚਚੇਰਾ ਭਰਾ ਨਕਸ਼ਦੀਪ ਸਿੰਘ ਅਤੇ ਮੌਕੇ ਤੇ ਮੌਜੂਦ ਜ਼ਿਆਦਾਤਰ ਲੋਕਾਂ ਨੇ ਜਨਤਕ ਤੌਰ ਉੱਪਰ ਕਿਹਾ ਹੈ ਕਿ ਨਵਰੀਤ ਸਿੰਘ ਦੀ ਮੌਤ ਪੁਲਿਸ ਦੀ ਗੋਲੀ ਨਾਲ ਹੋਈ ਹੈ। ਬਦਕਿਸਮਤੀ ਨਾਲ ਦਿੱਲੀ ਪੁਲਿਸ ਸ਼ਰੇਆਮ ਕੀਤੇ ਇਸ ਕਤਲ ਨੂੰ ਐਕਸੀਡੈਂਟ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ।ਇਸ ਲਈ ਇੱਕ ਨਿਰਪੱਖ ਅਤੇ ਅਜਾਦ ਜਾਂਚ ਹੀ ਨਵਰੀਤ ਸਿੰਘ ਦੀ ਮੌਤ ਦੇ ਸੱਚ ਨੂੰ ਸਾਹਮਣੇ ਲਿਆ ਸਕਦੀ ਹੈ ਕਿਉਂਕਿ ਉੱਤਰ ਪ੍ਰਦੇਸ਼ ਵਿੱਚ ਕੀਤੇ ਗਏ ਪੋਸਟ ਮਾਰਟਮ ਦੀ ਰਿਪੋਰਟ ਵਿੱਚ ਵੀ ਗੋਲੀ ਨਾਲ ਮੌਤ ਹੋਣ ਵੱਲ ਇਸ਼ਾਰਾ ਕੀਤਾ ਗਿਆ ਹੈ। ਪੋਸਟ ਮਾਰਟਮ ਰਿਪਰੋਟ ਅਨੁਸਾਰ ਠੋਡੀ ਦੇ ਨਜ਼ਦੀਕ ਇੱਕ ਐਂਟਰੀ ਪੁਆਇੰਟ ਹੈ ਅਤੇ ਕੰਨ ਦੇ ਉੱਪਰ ਉਸ ਦੇ ਸਿਰ ਵਿੱਚ ਐਗਜਿਟ ਪੁਆਇੰਟ ਹੈ ਅਤੇ ਪੋਸਟ ਮਾਰਟਮ ਵਿੱਚ ਦਿਮਾਗ ਬਾਹਰ ਨਿਕਲਣ ਬਾਰੇ ਵੀ ਦੱਸਿਆ ਗਿਆ ਹੈ। ਇਹ ਸਾਰਾ ਘਟਨਾਕ੍ਰਮ, ਮੌਕੇ ਦੇ ਗਵਾਹਾਂ ਦੇ ਬਿਆਨ ਅਤੇ ਸੋਸ਼ਲ ਮੀਡੀਆ ਉੱਪਰ ਮੌਜੂਦ ਸਬੂਤ ਪੁਲਿਸ ਵਾਇਰਿੰਗ ਵਿੱਚ ਨਵਰੀਤ ਸਿੰਘ ਦੀ ਮੌਤ ਹੋਣ ਨੂੰ ਸਾਬਤ ਕਰਦੇ ਹਨ। ਮੈਂ ਤੁਹਾਡੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਕੁੰਡਲੀ ਅਤੇ ਸਿੰਘੂ ਬਾਰਡਰਾਂ ਉੱਪਰ 28, 29, 30 ਜਨਵਰੀ ਨੂੰ ਸਰਕਾਰ ਦੀ ਸ਼ਹਿ ਉੱਪਰ ਹੋਈ ਹਿੰਸਾ ਭਾਜਪਾ-ਆਰ.ਐਸ.ਐਸ ਵੱਲੋਂ ਕਿਸਾਨ ਸੰਘਰਸ਼ ਨੂੰ ਖਤਮ ਕਰਨ ਅਤੇ ਇਸ ਨੂੰ ਸਿੱਖ ਬਨਾਮ ਹਿੰਦੂ ਦੀ ਸ਼ਕਲ ਦੇਣ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਹਨ।

ਇਸ ਲਈ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਨਵਰੀਤ ਸਿੰਘ ਦੀ ਮੌਤ ਦਾ ਕਾਰਨ ਲੱਭਣ ਅਤੇ ਭਾਜਪਾ-ਆਰ. ਐਸ. ਐਸ ਗੁੰਡਿਆਂ ਦੀ ਸ਼ਹਿ ਉੱਪਰ ਕੁੰਡਲੀ ਅਤੇ ਸਿੰਘੂ ਬਾਰਡਰ ਉੱਪਰ ਸ਼ਾਂਤਮਈ ਧਰਨੇ ਦੇ ਰਹੇ ਕਿਸਾਨਾਂ ਉੱਤੇ ਹਾਲ ਹੀ ਵਿੱਚ ਹੋਏ ਹਮਲਿਆਂ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਨਿਆਇਕ ਜਾਂਚ ਕਰਵਾਈ ਜਾਵੇ। ਖਹਿਰਾ ਨੇ ਕਿਹਾ ਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਜਨਤਕ ਹਿੱਤ ਵਿੱਚ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ ਯਕੀਨੀ ਬਣਾਉਣ ਵਾਸਤੇ ਤੁਸੀਂ ਦਿੱਲੀ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਮੇਰੀ ਇਹ ਮੰਗ ਸਵੀਕਾਰ ਕਰੋਗੇ।

ਕਿਸਾਨਾਂ ਦੀ ਹਮਾਇਤ ਵਿੱਚ 15 ਤੋਂ 22 ਤੱਕ ਪੰਜਾਬ 'ਚ ਕਾਨਫਰੰਸਾਂ : ਫਾਸ਼ੀ ਹਮਲਿਆਂ ਵਿਰੋਧੀ ਫਰੰਟ

ਜਲੰਧਰ- ਪੰਜਾਬ ਦੀਆਂ ਖੱਬੀਆਂ ਪਾਰਟੀਆਂ ਵੱਲੋਂ ਬਣਾਏ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੀ ਮੀਟਿੰਗ ਸੀਪੀਆਈ (ਐਮ ਐਲ) ਲਿਬਰੇਸ਼ਨ ਦੇ ਆਗੂ ਗੁਰਮੀਤ ਸਿੰਘ ਬਖਤੂਪੁਰ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਆਰ ਐੱਮ ਪੀ ਆਈ ਦੇ ਮੰਗਤ ਰਾਮ ਪਾਸਲਾ, ਸੀਪੀਆਈ ਦੇ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀਪੀਆਈ (ਐਮ ਐਲ) ਨਿਊ ਡੈਮੋਕਰੇਸੀ ਦੇ ਅਜਮੇਰ ਸਿੰਘ ਸਮਰਾ, ਇਨਕਲਾਬੀ ਕੇਂਦਰ ਪੰਜਾਬ ਦੇ ਕੰਵਲਜੀਤ ਖੰਨਾ ਅਤੇ ਇਨਕਲਾਬੀ ਜਮਹੂਰੀ ਮੋਰਚਾ ਦੇ ਸਵਰਨਜੀਤ ਸਿੰਘ ਸ਼ਾਮਲ ਹੋਏ । ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਫਰਵਰੀ ਨੂੰ ਰਸਤਾ ਰੋਕੋ ਪ੍ਰੋਗਰਾਮ ਨੂੰ ਸਫਲ ਬਣਾਉਣ ਤੋਂ ਬਾਅਦ ਦਿੱਲੀ ਦੀਆਂ ਬਰੂਹਾਂ ਤੇ ਚੱਲ ਰਹੇ ਕਿਸਾਨ ਮੋਰਚੇ ਦੀ ਹਮਾਇਤ ਵਿੱਚ ਅਤੇ ਮੋਦੀ ਦੇ ਕਿਸਾਨਾਂ ਪ੍ਰਤੀ ਫਾਸ਼ੀਵਾਦੀ ਵਤੀਰੇ ਵਿਰੁੱਧ 7 ਤੋਂ 10 ਫਰਵਰੀ ਤਕ ਪੰਜਾਬ ਭਰ 'ਚ ਜਿਲ੍ਹਿਆਂ ਦੀਆਂ ਸਾਂਝੀਆਂ ਮੀਟਿੰਗਾਂ ਕਰਨ ਉਪਰੰਤ 15 ਤੋਂ 22 ਫਰਵਰੀ ਤੱਕ ਸਾਰੇ ਜ਼ਿਲਿਆਂ ਵਿੱਚ ਜਿਲ੍ਹਾ ਪੱਧਰ ਦੀਆਂ ਕਾਨਫਰੰਸਾਂ ਅਤੇ ਮੁਜ਼ਾਹਰੇ ਕੀਤੇ ਜਾਣਗੇ । ਆਗੂਆਂ ਨੇ ਕਿਹਾ ਕਿ ਕਿਸਾਨ ਮੋਰਚੇ ਵਿਚ ਹੁਣ ਤੱਕ ਦੋ ਸੌ ਦੇ ਕਰੀਬ ਕਿਸਾਨ ਸ਼ਹੀਦੀਆਂ ਪਾ ਚੁੱਕੇ ਹਨ ਪਰ ਮੋਦੀ ਦੀ ਸਰਕਾਰ ਬਜਿਦ ਹੈ ਕਿ ਕਿਸਾਨ ਵਿਰੋਧੀ ਕਾਨੂੰਨ ਰੱਦ ਨਹੀਂ ਕਰਨੇ। ਕਿਸਾਨਾਂ ਦਾ ਫੈਸਲਾ ਹੈ ਕਿ ਜਿੰਨਾ ਚਿਰ ਤੱਕ ਸਰਕਾਰ ਕਾਨੂੰਨ ਰੱਦ ਨਹੀਂ ਕਰਦੀ ਉੱਨਾ ਚਿਰ ਤੱਕ ਉਹ ਵਾਪਸ ਨਹੀਂ ਮੁੜਣਗੇ। ਮੋਦੀ ਸਰਕਾਰ ਕਿਸਾਨਾਂ ਦੇ ਸੰਘਰਸ਼ ਨੂੰ ਜ਼ਬਰਨ ਕੁਚਲਣ ਦੇ ਹੱਥਕੰਡੇ ਵਰਤ ਰਹੀ ਹੈ। ਪਹਿਲਾਂ ਇਤਿਹਾਸਕ ਟਰੈਕਟਰ ਪਰੇਡ ਦੇ ਮੌਕੇ ਤੇ ਮੋਦੀ ਦੀ ਸਰਕਾਰ ਦੇ ਹੱਥ ਠੋਕਿਆਂ ਨੇ ਕੋਝੀ ਹਰਕਤਾਂ ਕਰਕੇ ਕਿਸਾਨਾਂ ਦੇ ਸੰਘਰਸ਼ ਵਿੱਚ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਸੰਯੁਕਤ ਮੋਰਚੇ ਦੇ ਸੁਚੇਤ ਆਗੂਆਂ ਨੇ ਮੋਦੀ ਦੀਆਂ ਸਾਰੀਆਂ ਕੁਚਾਲਾਂ ਪਛਾੜ ਦਿੱਤੀਆਂ ਅਤੇ ਸ਼ਾਨਦਾਰ ਟਰੈਕਟਰ ਪਰੇਡ ਕੀਤੀ। ਉਸ ਤੋਂ ਬਾਅਦ ਮੋਦੀ ਨੇ ਗਾਜ਼ੀਪੁਰ ਵਿਖੇ ਕਿਸਾਨਾਂ ਦੇ ਧਰਨੇ ਨੂੰ ਜ਼ਬਰਦਸਤੀ ਉਠਾਉਣ ਵਾਸਤੇ ਕੋਝੀ ਨੀਤੀ ਅਖਤਿਆਰ ਕੀਤੀ ਪਰ ਕਿਸਾਨ ਮੋਦੀ ਦੇ ਇਸ ਘਿਨਾਉਣੇ ਕਾਰੇ ਵਿਰੁੱਧ ਡਟ ਗਏ। ਅਖ਼ੀਰ ਮੋਦੀ ਨੂੰ ਪਿੱਛੇ ਹਟਣਾ ਪਿਆ ।ਇਸੇ ਤਰਾਂ ਸਿੰਘੂ ਅਤੇ ਟਿਕਰੀ ਬਾਰਡਰ ਉੱਤੇ ਵੀ ਮੋਦੀ ਦੀ ਫਾਸ਼ੀਵਾਦੀ ਨੀਤੀ ਕਿਸਾਨਾਂ ਦੀ ਘੇਰਾਬੰਦੀ ਕਰ ਰਹੀ ਹੈ ਕਿਸਾਨਾਂ ਦੇ ਆ ਰਹੇ ਹੜ੍ਹ ਨੂੰ ਰੋਕਣ ਵਾਸਤੇ। ਸੜਕਾਂ ਦੇ ਵਿਚ ਕਿੱਲ ਗੱਡੇ ਗਏ ਹਨ। ਬੈਰੀਅਰ ਲਾ ਦਿੱਤੇ ਹਨ। ਇਸ ਤੋਂ ਇਲਾਵਾ ਅਣਮਨੁੱਖੀ ਵਿਵਹਾਰ ਕਰਦਿਆਂ ਹੋਇਆਂ ਮੋਰਚੇ ਤੇ ਬੈਠੇ ਕਿਸਾਨਾਂ ਨੂੰ ਪਾਣੀ ਪਾਣੀ ਬੰਦ ਕਰ ਦਿੱਤਾ ਗਿਆ ਹੈ। ਬਿਜਲੀ ਵੀ ਬੰਦ ਕਰ ਦਿੱਤੀ ਗਈ ਹੈ । ਇਥੋਂ ਤਕ ਘਿਨਾਉਣੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਕਿ ਬਾਰਡਰ ਦੇ ਕਿਸਾਨ ਮੋਰਚਿਆਂ ਦੇ ਲਾਗਲੇ ਪਿੰਡਾਂ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਿਸਾਨਾ

ਪੰਜਾਬ ਬੁਧਿਸਟ ਸੁਸਾਇਟੀ (ਰਜਿ) ਪੰਜਾਬ ਅਤੇ ਭਿਖਸ਼ੂ ਸੰਘ ਪੰਜਾਬ ਵੱਲੋਂ 10 ਦਿਨਾ ਟਰੇਨਿੰਗ ਕੈਂਪ

ਜਲੰਧਰ (ਬਿਊਰੋ)- ਪੰਜਾਬ ਬੁਧਿਸਟ ਸੁਸਾਇਟੀ (ਰਜਿ) ਪੰਜਾਬ ਅਤੇ ਭਿਖਸ਼ੂ ਸੰਘ ਪੰਜਾਬ ਵੱਲੋਂ 10 (ਦੱਸ) ਦਿਨ ਦਾ ਭਿਕਸ਼ੂ ਟਰੇਨਿੰਗ ਕੈਂਪ ਤਕਸ਼ਿਲਾ ਮਹਾ ਬੁੱਧ ਵਿਹਾਰ ਕਾਦੀਆਂ, ਲੁਧਿਆਣਾ ਵਿਖੇ ਸ਼ੁਰੂ ਕੀਤਾ ਗਿਆ। ਇਸ ਮੌਕੇ 57 ਨਵੇਂ ਭਿਕਸ਼ੂ ਟਰੇਨਿੰਗ ਲੈਣਗੇ. ਇਹਨਾਂ ਵਿਚ ਚਾਰ ਔਰਤਾਂ ਭਿਕਸ਼ੂਨੀਆਂ ਬਣ ਰਹੀਆਂ। ਇਹ ਪੰਜਾਬ ਵਿਚ ਇਕ ਇਤਿਹਾਸਿਕ ਮੌਕਾ ਹੈ, ਜਦ ਇੱਥੇ 1200 ਸਾਲ ਬਾਅਦ ਭਿਕਸ਼ੂਆਂ ਅਤੇ ਭਿਕਸ਼ੂਨੀਆਂ ਨੂੰ 10 ਦਿਨਾ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਇਸ ਮੌਕੇ ਨਾਗਪੁਰ ਦੇ ਪ੍ਰਸਿੱਧ ਭਿਕਸ਼ੂ ਸੁਗਤਾਨੰਦ, ਭਿਕਸ਼ੂ ਦਰਸ਼ਨ ਦੀਪ ਗਾਜ਼ੀਆਬਾਦ, ਭਿਕਸ਼ੂ ਪ੍ਰਗਿਆ ਬੋਧੀ, ਚੰਦਰ ਕਿਰਤੀ, ਮੁਦਤਾਂ ਬੋਧੀ, ਸ਼ਾਸ਼ਨ ਕਿਰਤੀ ਅਤੇ ਭਿਕਸ਼ੂ (ਬਿਪਸੀ) ਨੇ

ਇਹਨਾਂ 57 ਭਿਕਸ਼ੂਆਂ ਨੂੰ ਟਰੇਨਿੰਗ ਕੈਂਪ ਵਿਚ ਦਾਖਲਾ ਦਿੱਤਾ ਅਤੇ ਭਿਕਸ਼ੂ ਬਣਨ ਦੀ ਪ੍ਰਕਿਰਿਆ ਰਾਹੀਂ ਭਿਕਸ਼ੂ ਬਣਾਇਆ ਅਤੇ ਟਰੇਨਿੰਗ ਕੈਂਪ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਤੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ, ਪੰਜਾਬ ਬੁਧਿਸਟ ਸੁਸਾਇਟੀ (ਰਜਿ) ਪੰਜਾਬ, ਦੇਸ ਰਾਜ ਚੌਹਾਨ, ਰਾਮ ਦਾਸ ਗੁਰੂ, ਸੋਨੂ ਅੰਬੇਡਕਰ, ਸੁਰਿੰਦਰ ਕੁਮਾਰ ਬੋਧ, ਡਾਕਟਰ ਤੀਰਥ ਕੌਰ ਅਮਲੋਹ, ਲਖਬੀਰ ਸਿੰਘ (ਖੰਨਾ) ਵਿਸ਼ੇਸ਼ ਤੌਰ ਤੇ ਹਾਜ਼ਰ ਸਨ, ਇਸ ਮੌਕੇ ਤੇ ਡਾਕਟਰ ਤੀਰਥ ਕੌਰ ਅਤੇ ਸ਼ੈਰੀ ਲਖਬੀਰ ਸਿੰਘ ਚੌਹਾਨ ਨੂੰ ਬੁੱਧ ਮਤ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਦੀਆਂ ਕਿਤਾਬ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਜੇ ਗੱਲ ਕਰਨੀ ਹੈ ਤਾਂ ਕਿਸਾਨਾਂ ਨੂੰ ਤੰਗ ਕਰਨਾ ਬੰਦ ਕਰੇ ਪੁਲਿਸ : ਸੰਯੁਕਤ ਕਿਸਾਨ ਮੋਰਚਾ

ਨਵੀਂ ਦਿੱਲੀ- ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਹੈ ਕਿ ਸਰਕਾਰ ਨਾਲ ਉਦੋਂ ਤਕ ਗੱਲਬਾਤ ਨਹੀਂ ਕੀਤੀ ਜਾਵੇਗੀ ਜਦੋਂ ਤਕ ਪੁਲਿਸ ਉਹਨਾਂ ਨੂੰ ਪਰੇਸ਼ਾਨ ਕਰਨਾ ਨਹੀਂ ਬੰਦ ਕਰਦੀ ਤੇ ਹਿਰਾਸਤ 'ਚ ਲਏ ਕਿਸਾਨਾਂ ਦੀ ਰਿਹਾਈ ਨਹੀਂ ਹੁੰਦੀ। ਇਕ ਬਿਆਨ 'ਚ ਮੋਰਚੇ ਨੇ ਦੋਸ਼ ਲਾਇਆ ਹੈ ਕਿ ਸਰਕਾਰ, ਪੁਲਿਸ ਤੇ ਪ੍ਰਸ਼ਾਸਨ ਵੱਲੋਂ ਕੰਡਿਆਲੀਆਂ ਤਾਰਾਂ ਲਾਉਣਾ, ਅੰਦਰੂਨੀ ਸੜਕਾਂ ਬੰਦ ਕਰਨਾ, ਇੰਟਰਨੈੱਟ ਸੇਵਾ ਬੰਦ ਕਰਨੀ ਆਦਿ ਦੇ ਜ਼ਰੀਏ ਹਮਲੇ ਕੀਤੇ ਜਾ ਰਹੇ ਹਨ। ਜਥੇਬੰਦੀਆਂ ਨੇ ਕਿਹਾ ਕਿ ਅੰਦੋਲਨ ਵਾਲੀਆਂ ਥਾਂਵਾਂ 'ਤੇ ਅਕਸਰ ਇੰਟਰਨੈੱਟ ਸੇਵਾ ਠੱਪ ਹੋਣਾ ਤੇ ਟਵਿੱਟਰ ਅਕਾਊਂਟ ਬੰਦ ਕੀਤੇ ਜਾਣੇ ਲੋਕਤੰਤਰ 'ਤੇ ਸਿੱਧਾ ਹਮਲਾ ਹੈ। ਸੂਤਰਾਂ ਮੁਤਾਬਕ ਸਰਕਾਰ ਦੇ ਕਹਿਣ 'ਤੇ ਟਵਿੱਟਰ ਨੇ ਸੋਮਵਾਰ ਨੂੰ ਕਈ ਅਕਾਊਂਟ ਤੇ ਟਵੀਟਸ ਬਲਾਕ ਕਰ ਦਿੱਤੇ ਸਨ।

ਮੋਰਚੇ ਨੇ ਕਿਹਾ ਕਿ ਇਸ ਤਰਾਂ ਲੱਗਦਾ ਹੈ ਕਿ ਕਈ ਸੂਬਿਆਂ ਤੋਂ ਸੰਘਰਸ਼ ਨੂੰ ਮਿਲ ਰਹੀ ਹਮਾਇਤ ਤੋਂ ਸਰਕਾਰ ਡਰ ਗਈ ਹੈ। ਕਿਸਾਨ ਮੋਰਚੇ ਨੇ ਸੋਮਵਾਰ ਨੂੰ ਫ਼ੈਸਲਾ ਕੀਤਾ ਸੀ ਜਦੋਂ ਤਕ ਪ੍ਰਸ਼ਾਸਨ ਕਿਸਾਨ ਨੂੰ ਪਰੇਸ਼ਾਨ ਕਰਨਾ ਬੰਦ ਨਹੀਂ ਕਰਦਾ, ਉਦੋਂ ਤਕ ਸਰਕਾਰ ਨਾਲ ਗੱਲਬਾਤ ਨਹੀਂ ਕੀਤੀ ਜਾਵੇਗੀ। ਬਿਆਨ 'ਚ ਕਿਹਾ ਗਿਆ ਹੈ ਕਿ ਹਾਲੇ ਤਕ ਸਰਕਾਰ ਵੱਲੋਂ ਗੱਲਬਾਤ ਦੀ ਕੋਈ ਤਜਵੀਜ਼ ਨਹੀਂ ਮਿਲੀ। ਗੱਲਬਾਤ ਉਦੋਂ ਹੀ ਹੋਵੇਗੀ ਜਦੋਂ ਜੇਲਾਂ 'ਚ ਬੰਦ ਕਿਸਾਨਾਂ ਦੀ ਬਿਨਾਂ ਸ਼ਰਤ ਰਿਹਾਈ ਕੀਤੀ ਜਾਵੇਗੀ। ਦਿੱਲੀ ਪੁਲਿਸ ਨੇ ਇਕ ਸੂਚੀ ਜਾਰੀ ਕੀਤੀ ਹੈ ਜਿਸ ਮੁਤਾਬਕ 122 ਅੰਦੋਲਨਕਾਰੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ।

ਮੋਰਚੇ ਨੇ ਇਹਨਾਂ ਗ੍ਰਿਫ਼ਤਾਰੀਆਂ ਦੀ ਨਿੰਦਾ ਕੀਤੀ ਹੈ ਤੇ ਉਹਨਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ। ਮੋਰਚੇ ਨੇ ਪੱਤਰਕਾਰਾਂ 'ਤੇ ਹਮਲੇ ਤੇ ਉਹਨਾਂ ਦੀ ਗ੍ਰਿਫ਼ਤਾਰੀਆਂ ਦੀ ਵੀ ਨਿੰਦਾ ਕੀਤੀ ਹੈ।

ਗਾਇਕ ਹਰਜਿੰਦਰ ਨਵੇਂ ਗੀਤ 'ਸੁਣ ਦਿੱਲੀਏ' ਨਾਲ ਫਿਰ ਚਰਚਾ ਵਿੱਚ

ਅਲਾਵਲਪੁਰ (ਮਦਨ ਬੰਗੜ)- ਲੰਬੇ ਸਮੇਂ ਤੋਂ ਗੀਤਕਾਰੀ ਅਤੇ ਗਾਇਕੀ ਦੇ ਖੇਤਰ ਵਿੱਚ ਵੱਖ ਵੱਖ ਸਮਾਜਿਕ ਆਰਥਕ ਅਤੇ ਸੱਭਿਆਚਾਰਕ ਗੀਤਾਂ ਨਾਲ ਹਮੇਸ਼ਾ ਦਰਸ਼ਕਾਂ ਦੀ ਕਚਹਿਰੀ ਵਿੱਚ ਹਾਜ਼ਰੀ ਲਗਵਾਉਣ ਵਾਲਾ ਮਾਣ ਮੱਤਾ ਗਾਇਕ ਹਰਜਿੰਦਰ ਇਸ ਤੋਂ ਪਹਿਲਾਂ ਆਪਣੇ ਚਰਚਿਤ ਗੀਤ ਤੇਰਾ ਹੁਕਮ, ਖ਼ੁਦਕੁਸ਼ੀਆਂ, ਮਾਂ, ਦੁਨੀਆਂ, ਦਾਤਾ ਤੂੰ ਦੁਨੀਆਂ ਦਾ ਬਾਲੀ, ਕੀ ਕਰੇਂਗਾ, ਧੰਨ ਗੁਰੂ ਨਾਨਕ ਅਤੇ ਉਹਨਾਂ ਦੀ ਸਫਲਤਾ ਤੋਂ ਬਾਅਦ

ਕਿਸਾਨੀ ਸੰਘਰਸ਼ ਨੂੰ ਸਮਰਪਿਤ ਸਮਾਜਿਕ ਸਾਂਝ ਨੂੰ ਦਰਸਾਉਂਦਾ ਅਤੇ ਸਰਕਾਰੀ ਸਿਸਟਮ ਦੀ ਗੱਲ ਕਰਦਾ ਉਸ ਦਾ ਨਵਾਂ ਗੀਤ 'ਸੁਣ ਦਿੱਲੀਏ' ਲੋਕ ਦਿਲਾਂ 'ਤੇ ਆਪਣੀ ਵੱਖਰੀ ਛਾਪ ਛੱਡਦਾ ਜਾ ਰਿਹਾ ਹੈ, ਜਿਸ ਕਾਰਨ ਗਾਇਕ ਹਰਜਿੰਦਰ ਮੁੜ ਚਰਚਾ ਵਿੱਚ ਹੈ ਇਸ ਗੀਤ 'ਸੁਣ ਦਿੱਲੀਏ' ਨੂੰ ਖ਼ੁਦ ਹਰਜਿੰਦਰ ਨੇ ਲਿਖਿਆ ਹੈ Hi Fly records ਦੇ ਬੈਨਰ ਹੇਠ ਇਸ ਦਾ ਮਿਊਜ਼ਿਕ ਸੰਗੀਤਕਾਰ ਬੋਬੀ ਸ਼ਰਮਾ ਅਤੇ ਵੀਡਿਓ ਵਿੱਕੀ ਜੇ. ਨੇ ਤਿਆਰ ਕੀਤਾ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Dharminder Singh

Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

ਪੈਰਿਸ ਮੌਸਮੀ ਸਮਝੌਤੇ ਵਿਚ ਅਮਰੀਕਾ ਦੀ ਵਾਪਸੀ ਕਿਵੇਂ ਸਾਰਥਕ ਹੋਵੇ?

ਡਾ. ਗੁਰਿੰਦਰ ਕੌਰ
001-408-493-9776

ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ, ਸਹੁੰ ਚੁੱਕ ਉਦਘਾਟਨ ਤੋਂ ਬਾਅਦ ਹੀ, ਪੈਰਿਸ ਮੌਸਮੀ ਸਮਝੌਤੇ ਵਿਚ ਮੁੜ ਸ਼ਾਮਲ ਹੋਣ ਲਈ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਨਟਨੀਓ ਗੁਟਰਸ ਨੂੰ ਬੇਨਤੀ ਕੀਤੀ ਜਿਸ ਨੂੰ ਉਨ੍ਹਾਂ ਨੇ ਉਸੇ ਦਿਨ ਸਵੀਕਾਰ ਕਰਦਿਆਂ ਅਮਰੀਕਾ ਦੇ ਇਸ ਫ਼ੈਸਲੇ ਦਾ ਸੁਆਗਤ ਵੀ ਕੀਤਾ। ਪੈਰਿਸ ਮੌਸਮੀ ਸਮਝੌਤੇ ਨੂੰ 2015 ਇਹ ਅਮਰੀਕਾ ਦੇ ਉਦੋਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਰਵਾਂ ਹੁੰਗਾਰਾ ਦਿੰਦੇ ਹੋਏ ਕਿਹਾ ਸੀ ਕਿ ਧਰਤੀ ਉੱਤੇ ਵਧਦੇ ਤਾਪਮਾਨ ਉੱਤੇ ਕਾਬੂ ਪਾਉਣ ਦਾ ਦੁਨੀਆ ਦੇ ਸਾਰੇ ਦੇਸ਼ਾਂ ਦਾ ਇਕੋ-ਇਕ ਸਾਂਝਾ ਅਤੇ ਸਲਾਹੁਣਯੋਗ ਉਪਰਾਲਾ ਹੈ, ਪਰ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਸ਼ਾਸ਼ਨ ਸੰਭਾਲਦੇ ਹੀ 2017 ਵਿਚ ਇਸ ਸਮਝੌਤੇ ਵਿਚੋਂ ਇਹ ਕਹਿਕੇ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ ਕਿ ਮੌਸਮੀ ਸਮਝੌਤਾ ਅਮਰੀਕਾ ਦੇ ਆਰਥਿਕ ਵਿਕਾਸ ਦੇ ਹੱਕ ਵਿਚ ਨਹੀਂ ਹੈ ਇਸ ਨਾਲ ਅਮਰੀਕਾ ਦੀ ਅਰਥਵਿਵਸਥਾ ਡਗਮਗਾ ਜਾਵੇਗੀ ਅਤੇ ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਜਾਣਗੀਆਂ ਅਤੇ ਉਹ ਬੇਰੁਜ਼ਗਾਰ ਹੋ ਜਾਣਗੇ। ਇਸ ਤਰ੍ਹਾਂ 4 ਨਵੰਬਰ 2020 ਨੂੰ ਅਮਰੀਕਾ ਟਰੰਪ ਪ੍ਰਸ਼ਾਸ਼ਨ ਦੌਰਾਨ ਇਸ ਸਮਝੌਤੇ ਤੋਂ ਬਾਹਰ ਹੋ ਗਿਆ। ਜੋ ਬਾਈਡਨ ਦੁਆਰਾ ਮੁੜ ਵਾਪਸੀ ਦੇ ਉਪਰਾਲੇ ਨਾਲ ਅਮਰੀਕਾ 20 ਜਨਵਰੀ ਤੋਂ 30 ਦਿਨਾਂ ਬਾਅਦ 19 ਫਰਵਰੀ 2021 ਨੂੰ ਪ੍ਰਸ਼ਾਸ਼ਨਿਕ ਤੋਰ ਉੱਤੇ ਪੈਰਿਸ ਮੌਸਮੀ ਸਮਝੌਤੇ ਵਿਚ ਸ਼ਾਮਲ ਹੋ ਜਾਵੇਗਾ।

ਅਮਰੀਕਾ ਦੀ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਦਾ ਕਈ ਯੂਰਪੀਅਨ ਦੇਸਾਂ ਨੇ ਸਆਗਤ ਕੀਤਾ ਹੈ। ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸ ਆਉਣ ਦਾ ਅਰਥ ਹੈ ਕਿ ਹੁਣ ਅਮਰੀਕਾ ਨੂੰ ਸੰਯੁਕਤ ਰਾਸ਼ਟਰ ਦੇ ਇਸ ਸਮਝੌਤੇ ਵਿਚ ਉਲੀਕੇ ਪ੍ਰੋਗਰਾਮ ਅਤੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਅਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਦੀ ਦਰ ਵਿਚ ਕਟੌਤੀ ਦੀ ਵਚਨਬੱਧਤਾ ਉੱਤੇ ਪੂਰਾ ਉਤਰਨਾ ਹੋਵੇਗਾ। ਬਾਈਡਨ ਪ੍ਰਸ਼ਾਸ਼ਨ ਜੇਕਰ ਸਚਮੁੱਚ ਹੀ ਪੈਰਿਸ ਮੌਸਮੀ ਸਮਝੌਤੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ ਤਾਂ ਹੁਣ ਇਸ ਨੂੰ ਉੱਥੋਂ ਸ਼ੁਰੂ ਨਹੀਂ ਕਰਨਾ ਚਾਹੀਦਾ ਜਿੱਥੇ ਓਬਾਮਾ ਪ੍ਰਸ਼ਾਸ਼ਨ ਨੇ ਛੱਡਿਆ ਸੀ ਕਿਉਂਕਿ ਟਰੰਪ ਪ੍ਰਸ਼ਾਸ਼ਨ ਦੇ ਚਾਰ ਸਾਲਾਂ ਦੌਰਾਨ ਵਾਤਾਵਰਨ ਦੇ ਨੁਕਸਾਨ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਨੋਆ ਸੰਸਥਾ ਅਨੁਸਾਰ ਇੱਕਲੇ 2018 ਦੇ ਸਾਲ ਵਿਚ ਹੀ ਅਮਰੀਕਾ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ 2.6 ਫ਼ੀਸਦ ਵਾਧਾ ਆਂਕਿਆ ਗਿਆ ਹੈ। ਡੋਨਾਲਡ ਟਰੰਪ ਨੇ ਆਪਣੇ ਕਾਰਜਕਾਲ ਦੋਰਾਨ ਕੋਲੇ ਨਾਲ ਬਿਜਲੀ ਪੈਦਾ ਕਰਨ ਵਾਲੇ ਸਾਰੇ ਪਲਾਂਟਾਂ ਅਤੇ ਕੀਸਟੋਨ ਐਕਸਐੱਲ ਤੇਲ ਪਾਈਪ ਲਾਈਨ ਵਰਗੇ ਵੱਧ ਗਰੀਨਹਾਊਸ ਗੈਸਾਂ ਪੈਦਾ ਕਰਨ ਵਾਲੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਤੋਂ ਇਲਾਵਾ ਉਸ ਨੇ ਵਾਤਾਵਰਨ ਸਾਂਭ-ਸੰਭਾਲ ਸੰਬੰਧੀ 100 ਤੋਂ ਉੱਪਰ ਕਾਨੂੰਨ ਰੱਦ ਕਰ ਦਿੱਤੇ ਸਨ ਅਤੇ ਵਾਤਾਵਰਨ ਸਾਂਭ-ਸੰਭਾਲ ਨੂੰ ਦਿੱਤੀ ਜਾਂਦੀ ਵਿੱਤੀ ਮਦਦ ਵੀ ਬੰਦ ਕਰ ਦਿੱਤੀ ਸੀ। ਇਸ ਸੰਬੰਧ ਵਿੱਚ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਯੂਨੀਅਨ ਆਫ਼ ਕਨਸਰਡ ਸਾਇੰਟਿਸਟਸ ਦੀ 12 ਅਗਸਤ 2020 ਨੂੰ ਇਕ ਰਿਪੋਰਟ ਅਨੁਸਾਰ ਅਮਰੀਕਾ ਦਾ ਹਰ ਵਿਅਕਤੀ ਆਪਣੇ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤੌਰ-ਤਰੀਕਿਆਂ ਨਾਲ ਪ੍ਰਤਿ ਸਾਲ 16.56 ਕਾਰਬਨਡਾਇਕਸਾਇਅਡ ਛੱਡ ਰਿਹਾ ਹੈ।

ਪੈਰਿਸ ਮੌਸਮੀ ਸਮਝੌਤੇ ਵਿਚੋਂ ਅਮਰੀਕਾ ਦੇ ਬਾਹਰ ਨਿਕਲਣ ਦੇ ਐਲਾਨ ਨੂੰ ਦੇਖਦੇ ਹੋਏ ਚੀਨ ਅਤੇ ਭਾਰਤ ਵਰਗੇ ਵੱਧ ਗਰੀਨਹਾਊਸ ਗੈਸਾਂ ਛੱਡਣ ਵਾਲੇ ਦੇਸ ਵੀ ਇਸ ਪੱਖੋਂ ਲਾਪਰਵਾਹ ਹੋ ਗਏ। ਚੀਨ ਜੋ ਹੁਣ ਵਾਤਾਵਰਨ ਵਿਚ ਸਭ ਦੇਸਾਂ ਨਾਲੋਂ ਜ਼ਿਆਦਾ ਹਿੱਸਾ, ਕੁੱਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਦਾ 28 ਫ਼ੀਸਦ, ਵਾਤਾਵਰਨ ਵਿਚ ਛੱਡ ਰਿਹਾ ਹੈ ਨੇ ਇਸ ਅਰਸੇ ਵਿਚ ਕੋਲੇ ਨਾਲ ਬਿਜਲੀ ਪੈਦਾ ਕਰਨ ਵਾਲੇ ਪਲਾਂਟ ਲਗਾਏ ਹਨ ਅਤੇ ਕਿਹਾ ਹੈ ਕਿ ਉਹ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਆਰਥਿਕ ਵਿਕਾਸ ਦੀ ਪੂਰਨ ਉਚਾਈ ਉੱਤੇ ਪਹੁੰਚ ਕੇ 2030 ਤੋਂ ਬਾਅਦ ਕਰਨੀ ਸ਼ੁਰੂ ਕਰੇਗਾ। ਜੇਕਰ ਭਾਰਤ ਦੀ ਗੱਲ ਕਰਦੇ ਹਾਂ ਤਾਂ ਉਹ ਵੀ ਥੌਮਸਨ ਰੀਊਟਰਜ਼ ਫਾਊਂਡਨੇਬਨ ਦੀ ਜੁਲਾਈ 2019 ਦੀ ਇਕ ਰਿਪੋਰਟ ਅਨੁਸਾਰ ਕੋਲੇ ਤੋਂ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਿਚ 2018 ਤੋਂ 2022 ਦੇ ਅਰਸੇ ਵਿਚ 22 ਫ਼ੀਸਦ ਵਾਧਾ ਕਰਨ ਦੀ ਯੋਜਨਾ ਉੱਤੇ ਚੱਲ ਰਿਹਾ ਹੈ। ਇਨ੍ਹਾਂ ਦੇਸਾਂ ਨੇ ਵੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਲਿਆ ਹੋਇਆ ਹੈ।

ਅਮਰੀਕਾ ਦੀ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਭਾਵੇਂ ਇਕ ਸ਼ਲਾਘਾਯੋਗ ਉਪਰਾਲਾ ਹੈ, ਪਰ ਪਿਛਲੇ ਚਾਰ ਸਾਲਾਂ ਵਿਚ ਗਰੀਨਹਾਊਸ ਗੈਸਾਂ ਦੀ ਲਗਾਤਾਰ ਵਧਦੀ ਨਿਕਾਸੀ ਨਾਲ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਨੋਆ ਸੰਸਥਾ ਦੀ 2020 ਦੀ ਸਲਾਨਾ ਰਿਪੋਰਟ ਅਨੁਸਾਰ 2014 ਤੋਂ 2020 ਤੱਕ ਦੇ ਸੱਤ ਸਾਲ ਹੁਣ ਤੱਕ ਦੇ ਸੱਭ ਤੋਂ ਗਰਮ ਸਾਲ ਰਿਕਾਰਡ ਕੀਤੇ ਗਏ ਹਨ। ਡਬਲਿਓ. ਐੱਮ. ਓ. ਦੀ 'ਦਿ ਸਟੇਟ ਆਫ਼ ਗਲੋਬਲ ਕਲਾਈਮੇਟ 2020' ਰਿਪੋਰਟ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿਚ ਜਨਵਰੀ ਤੋਂ ਅਕਤੂਬਰ ਤੱਕ 1.2 ਡਿਗਰੀ ਸੈਲਸੀਅਸ ਵਾਧਾ ਰਿਕਾਰਡ ਕੀਤਾ ਗਿਆ, ਪਰ ਲਾ-ਨੀਨਾ ਦੇ ਪ੍ਰਭਾਵ ਥੱਲੇ ਨਵੰਬਰ ਅਤੇ ਦਸੰਬਰ ਦੇ ਤਾਪਮਾਨ ਵਿਚ ਵਾਧਾ ਬਾਕੀ ਮਹੀਨਿਆਂ ਦੇ ਮੁਕਾਬਲੇ ਘੱਟ ਰਿਹਾ ਹੈ ਜਿਸ ਕਰਕੇ 2020 ਦੇ ਸਾਲ ਵਿਚ ਔਸਤ ਤਾਪਮਾਨ ਵਿਚ ਵਾਧਾ ਹੁਣ ਤੱਕ ਦੇ ਸਭ ਤੋਂ ਗਰਮ ਸਾਲ 2016 ਨਾਲੋਂ ਸਿਰਫ਼ 0.02 ਡਿਗਰੀ ਸੈਲਸੀਅਸ ਹੀ ਘੱਟ ਰਿਹਾ। ਇਸ ਅਰਸੇ ਵਿਚ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਦੀ ਘਣਤਾ ਵੀ ਤੇਜ਼ੀ ਨਾਲ ਨਾਲ ਵਧੀ। ਦਸੰਬਰ 2015 ਦੌਰਾਨ ਵਾਤਾਵਰਨ ਵਿਚ ਕਾਰਬਨਡਾਇਆਕਸਾਈਡ ਦੀ ਔਸਤ ਘਣਤਾ 401.85 ਪੀ.ਪੀ.ਐੱਮ. (ਪਾਰਟਸ ਪਰ ਮਿਲੀਅਨ) ਸੀ ਜਿਹੜੀ ਦਸੰਬਰ 2020 ਵਿਚ ਵਧ ਕੇ 413.95 ਪੀ.ਪੀ.ਐੱਮ ਹੋ ਗਈ ਹੈ। ਕਾਰਬਨਡਾਇਆਕਸਾਈਡ ਤਾਪਮਾਨ ਵਿਚ ਵਾਧਾ ਕਰਨ ਵਾਲੀ ਇਕ ਅਹਿਮ ਗੈਸ ਹੈ। ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗੈਸਾਂ ਦੀ ਵਧ ਰਹੀ ਨਿਕਾਸੀ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਲਾਬ ਦੇ ਸਮੇਂ ਨਾਲੋਂ ਹੁਣ ਤੱਕ 1.00 ਡਿਗਰੀ ਸੈਲਸੀਅਸ ਵਾਧਾ ਹੋ ਚੁੱਕਿਆ ਹੈ।

ਅਮਰੀਕਾ ਦੇ ਪ੍ਰਸ਼ਾਬਕ ਭਾਵੇਂ ਵਾਤਾਵਰਨ ਮੌਸਮੀ ਸਮਝੌਤਿਆਂ ਨੂੰ ਸੰਜ਼ੀਦਗੀ ਨਾਲ ਨਹੀਂ ਲੈਂਦੇ, ਪਰ ਤਾਪਮਾਨ ਦੇ ਵਾਧੇ ਦੀ ਮਾਰ ਤਾਂ ਅਮਰੀਕਾ ਵੀ ਬੁਰੀ ਤਰ੍ਹਾਂ ਝੱਲ ਰਿਹਾ ਹੈ। ਨੋਆ ਸੰਸਥਾ ਦੇ ਅੰਕੜਿਆਂ ਅਨੁਸਾਰ 2020 ਵਿਚ ਅਮਰੀਕਾ ਵਿਚ 22 ਵੱਡੀਆਂ ਕੁਦਰਤੀ ਆਫ਼ਤਾਂ ਆਈਆਂ ਜਿਨ੍ਹਾਂ ਨਾਲ ਲਗਭਗ 95 ਬਿਲੀਅਨ ਡਾਲਰ ਦਾ ਨੁਕਸਾਨ ਹੋ ਗਿਆ। ਰਿਕਾਰਡ ਅਨੁਸਾਰ ਹੁਣ ਤੱਕ ਦੀਆਂ ਸਭ ਤੋਂ ਭਿਆਨਕ 6 ਅੱਗਾਂ ਕੈਲੇਫੋਰਨੀਆ ਵਿਚ ਲੱਗੀਆਂ ਜਿਨ੍ਹਾਂ ਨਾਲ 10.3 ਮਿਲੀਅਨ ਏਕੜ ਜੰਗਲੀ ਖੇਤਰ ਸੜ ਕੇ ਸੁਆਹ ਹੋ ਗਿਆ। ਅੱਗਾਂ ਦੀ ਗਹਿਰਾਈ ਇੰਨੀ ਜ਼ਿਆਦਾ ਸੀ ਕਿ ਕੈਲੇਫੋਰਨੀਆ ਦੇ ਲਾਂਸ ਏਜ਼ਲਸ ਸ਼ਹਿਰ ਤੋਂ ਲੈ ਕੇ ਸਨਫ਼ਰਾਸਿਸਕੋ ਤੱਕ ਅਸਮਾਨ ਅੱਗ ਦੀਆਂ ਲਪਟਾਂ ਨਾਲ ਲਾਲ ਹੋ ਗਿਆ ਸੀ ਜੋ ਦੁਨੀਆ ਭਰ ਦੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਿਆ ਰਿਹਾ। ਜੰਗਲੀ ਅੱਗ ਦੇ ਪ੍ਰਦੂਸ਼ਣ ਨਾਲ ਅਮਰੀਕਾ ਦੇ ਪੱਛਮੀ ਖੇਤਰ ਦੇ ਨਾਲ ਨਾਲ ਇੱਥੋਂ ਦੇ ਪੂਰਬੀ ਖੇਤਰ ਦੇ ਨਿਊਯਾਰਕ ਤੱਕ ਬੁਰੀ ਤਰ੍ਹਾਂ ਹਵਾ ਦੇ ਪ੍ਰਦੂਸ਼ਣ ਦੀ ਲਪੇਟ ਵਿਚ ਆਇਆ ਰਿਹਾ। ਇਸ ਸਾਲ ਸਮੁੰਦਰੀ ਤੂਫ਼ਾਨਾਂ ਦੀ ਰਿਕਾਰਡ ਆਮਦ, ਜੋ ਗਿਣਤੀ ਵਿਚ 31 ਸਨ, ਨੇ ਵੀ ਅਮਰੀਕਾ ਵਿਚ ਭਾਰੀ ਨੁਕਸਾਨ ਕੀਤਾ। ਅੱਜਕੱਲ੍ਹ ਵੀ ਅਮਰੀਕਾ ਆਰਕਟਿਕ ਉੱਤਲੇ ਤਾਪਮਾਨ ਦੇ ਵਾਧੇ ਕਾਰਨ ਮੌਸਮ ਵਿਚ ਤਬਦੀਲੀ ਕਾਰਨ ਭਾਰੀ ਬਰਫ਼ਬਾਰੀ ਅਤੇ ਠੰਡ ਦੀ ਮਾਰ ਝੱਲ੍ਹ ਰਿਹਾ ਹੈ।

ਅਮਰੀਕਾ ਨੂੰ ਆਪਣੇ ਦੇਸ ਅਤੇ ਦੁਨੀਆ ਵਿਚ ਤਾਪਮਾਨ ਦੇ ਵਾਧੇ ਨਾਲ ਹੋ ਰਹੇ ਨੁਕਸਾਨ ਨੂੰ ਠੱਲ੍ਹ ਪਾਉਣ ਲਈ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਇਕ ਸੁਨਹਿਰੀ ਮੌਕਾ ਸਾਬਤ ਹੋ ਸਕਦੀ ਹੈ ਜੇਕਰ ਹੁਣ ਇਹ ਦੇਸ ਆਪਣੇ ਪਿਛਲੇ ਇਤਿਹਾਸ ਨੂੰ ਲਾਂਭੇ ਕਰਕੇ ਸੰਜ਼ੀਦਗੀ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਦੀ ਕਟੌਤੀ ਵੱਲ ਧਿਆਨ ਦੇਵੇ। ਅਸਲ ਵਿਚ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਹੁਣ ਤੱਕ ਜਿੰਨੀਆਂ ਵੀ ਕਾਨਫ਼ਰੰਸਾਂ ਜਾਂ ਪਰੋਟੋਕੋਲ ਹੋਏ ਹਨ ਉਨ੍ਹਾਂ ਵਿਚ ਅਮਰੀਕਾ ਨੇ ਕਦੇ ਵੀ ਸਲਾਹੁਣਯੋਗ ਭੂਮਿਕਾ ਨਹੀਂ ਨਿਭਾਈ। ਇਹ ਦੇਸ ਵਾਤਾਵਰਨ ਮੁੱਦਿਆਂ ਉੱਤੇ ਵਾਅਦੇ ਨਿਭਾਉਣ ਵਿਚ ਸਦਾ ਅਸਫ਼ਲ ਰਿਹਾ ਹੈ। ਇਕ ਰਾਸ਼ਟਰਪਤੀ ਵਾਅਦਾ ਕਰਦਾ ਹੈ ਅਤੇ ਦੂਜਾ ਰਾਸ਼ਟਰਪਤੀ ਉਸ ਤੋਂ ਬਾਹਰ ਹੋਣ ਦਾ ਐਲਾਨ ਕਰ ਦਿੰਦਾ ਹੈ। ਆਓ ਅਮਰੀਕਾ ਦੇ ਇਸ ਅਨੋਖੇ ਵਤੀਰੇ ਉੱਤੇ ਇਕ ਸਰਸਰੀ ਝਾਤ ਪਾ ਲਈਏ।

ਬਰਾਜ਼ੀਲ ਦੇ ਰੀਓ-ਡੀ-ਜੇਨਰੀਓ ਸ਼ਹਿਰ ਵਿਚ 1992 ਵਿਚ 'ਅਰਥ ਸੱਮਿਟ' ਨਾਂ ਦੀ ਕਾਨਫ਼ਰੰਸ ਵਿਚ ਪਹਿਲੀ ਵਾਰ ਦੁਨੀਆ ਦੇ ਸਾਰੇ ਵਿਕਸਤ ਦੇਸ 2000 ਦੇ ਅੰਤ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ 1990 ਵਿਚ ਹੋਈ ਨਿਕਾਸੀ ਦੇ ਪੱਧਰ ਤੱਕ ਕਰਨ ਦੇ ਫ਼ੈਸਲੇ ਨਾਲ ਰਜ਼ਾਮੰਦ ਹੋਏ ਸਨ। ਇਸ ਫ਼ੈਸਲੇ ਉੱਤੇ ਅਮਰੀਕੀ ਪ੍ਰਤੀਨਿਧ ਨੇ ਦਸਖ਼ਤ ਕਰਕੇ ਉਸ ਦੀ ਪੁਸ਼ਟੀ ਕੀਤੀ, ਪਰ ਉਦੋਂ ਦੇ ਰਾਸ਼ਟਰਪਤੀ ਐੱਚ.ਡਬਲਿਓ. ਬੁਸ਼ ਨੇ ਕਿਹਾ ਕਿ ਅਮਰੀਕਾ ਦੇ ਲੋਕਾਂ ਦੀ ਜ਼ਿੰਦਗੀ ਇਹੋ ਜਿਹੇ ਸਮਝੌਤੇ ਮੰਨਣ ਲਈ ਨਹੀਂ ਹੈ ਅਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਤੋਂ ਮਨਾਂ ਕਰ ਦਿੱਤਾ ਸੀ। ਇਸ ਤੋਂ ਬਾਅਦ 1997 ਵਿਚ ਜਾਪਾਨ ਵਿਚ ਹੋਏ 'ਕਿਊਟੋ ਪਰੋਟੋਕੋਲ' ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਦੁਨੀਆ ਦੇ ਸਾਰੇ ਵਿਕਸਿਤ ਦੇਸ (ਅਮਰੀਕਾ, ਕੈਨੇਡਾ, ਰੂਸ, ਜਾਪਾਨ, ਸਾਰੇ ਯੂਰਪੀਅਨ ਅਤੇ ਹੋਰ ਦੇਸ) ਕਾਨੂੰਨੀ ਤੋਰ ਉੱਤੇ 2008 ਤੋਂ 2012 ਤੱਕ ਦੇ ਅਰਸੇ ਦੌਰਾਨ 5.2 ਫ਼ੀਸਦ ਦੀ ਦਰ ਉੱਤੇ 1990 ਦੀ ਨਿਕਾਸੀ ਨੂੰ ਆਧਾਰ ਮੰਨ ਕੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਨਗੇ। ਸਮਝੌਤੇ ਦੌਰਾਨ ਉਦੋਂ ਦੇ ਅਮਰੀਕਾ ਦੇ ਉੱਪ-ਰਾਸ਼ਟਰਪਤੀ ਐੱਲ.ਗੋਅਰ ਨੇ ਕਲੀਨ-ਡਿਵੈੱਲਮੈਂਟ ਫੰਡ ਨੂੰ ਘਟਾਉਣ ਅਤੇ ਕਾਰਬਨ ਕਰੈਡਿਟ ਵਰਗੀਆਂ ਮੱਦਾਂ ਪਰੋਟੋਕੋਲ ਵਿਚ ਪੁਆਕੇ ਇਸ ਨੂੰ ਕੰਮਜ਼ੋਰ ਕਰਵਾ ਦਿੱਤਾ। ਇਸ ਕੰਮਜ਼ੋਰ ਪਰੋਟੋਕੋਲ ਉੱਤੇ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਦਸਖ਼ਤ ਕਰਕੇ ਆਪਣੇ ਦੇਸ ਵਿਚ ਲਾਗੂ ਕਰਨ ਦੀ ਹਾਮੀ ਤਾਂ ਭਰੀ, ਪਰ ਇਹ ਵੀ ਅਮਰੀਕਾ ਦੀ ਸੈਨੇਟ ਨੇ ਪਾਸ ਨਾ ਕੀਤਾ। ਚਾਰ ਸਾਲ ਬਾਅਦ ਨਵੇਂ ਰਾਸ਼ਟਰਪਤੀ ਜਾਰਜ ਡਬਲਿਉ. ਬੁਸ਼ ਨੇ 2001 ਵਿਚ ਕਿਊਟੋ ਪਰੋਟੋਕੋਲ ਤੋਂ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ। ਅਮਰੀਕਾ ਦੀ ਦੇਖਾਦੇਖੀ 2011 ਵਿਚ ਕੈਨੇਡਾ ਅਤੇ 2012 ਵਿਚ ਜਾਪਾਨ, ਨਿਊਜ਼ੀਲੈਂਡ, ਰੂਸ ਅਤੇ ਹੋਰ ਦੇਸਾਂ ਨੇ ਵੀ ਇਸ ਪਰੋਟੋਕੋਲ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਕਿਊਟੋ ਪਰੋਟੋਕੋਲ ਦਾ ਦੂਜਾ ਭਾਗ 2012 ਵਿਚ ਸ਼ੁਰੂ ਹੋਣਾ ਸੀ, ਪਰ ਉਸ ਤੋਂ ਪਹਿਲਾਂ ਹੀ ਇਹ ਖ਼ਤਮ ਹੋ ਗਿਆ।

ਬਾਲੀ ਐਕਸ਼ਨ ਪਲਾਨ 2007 ਅਨੁਸਾਰ ਅਮਰੀਕਾ ਦੇ ਨੁਮਾਇੰਦਿਆਂ ਨੇ ਤਾਪਮਾਨ ਦੇ ਵਾਧੇ ਨਾਲ ਜੁੜੇ ਸਮਝੌਤਿਆਂ ਉੱਤੇ ਕਾਨੂੰਨੀ ਬੰਦਸ਼ਾਂ ਲਗਾਉਣ ਦਾ ਵਿਰੋਧ ਕੀਤਾ। ਇਸ ਤਰ੍ਹਾਂ ਦੇ ਹਰ ਕਾਨਫ਼ਰੰਸ ਵਿਚ ਅਮਰੀਕਾ ਦੇ ਵਰਤਾਰੇ ਨੂੰ ਦੇਖਦੇ ਹੋਏ 2009 ਵਿਚ ਕੋਪਨਹੇਗਨ ਵਿਚ ਹੋਈ ਕਾਨਫ਼ਰੰਸ ਵਿਚ ਯੂਰਪੀਅਨ ਦੇਸਾਂ ਨੇ ਕਿਹਾ ਕਿ ਅਮਰੀਕਾ ਮੌਸਮੀ ਸਮਝੌਤਿਆਂ ਨੂੰ ਕੰਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। 2014 ਵਿਚ ਆਈ.ਪੀ.ਸੀ.ਸੀ. ਦੀ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਮੌਸਮੀ ਤਬਦੀਲੀਆਂ ਕਾਰਨ ਕੁਦਰਤੀ ਆਫ਼ਤਾਂ ਦੀ ਆਮਦ ਅਤੇ ਉਨ੍ਹਾਂ ਦੀ ਮਾਰ ਵਿਚ ਗਹਿਰਾਈ ਵਿਚ ਵਾਧੇ ਦੀ ਚੇਤਾਵਨੀਆਂ ਭਰਪੂਰ ਆਈ ਇਕ ਰਿਪੋਰਟ ਅਤੇ ਇਸ ਰਿਪੋਰਟ ਤੋਂ ਘਬਰਾਕੇ ਇਕਦਮ ਦੁਨੀਆ ਦੇ ਸਾਰੇ ਦੇਸ ਇੱਕਠੇ ਹੋ ਗਏ ਸਨ ਅਤੇ ਉਨ੍ਹਾਂ ਨੂੰ ਆਪਣੇ ਆਪਣੇ ਦੇਸ ਦੇ ਆਰਥਿਕ ਵਿਕਾਸ ਨੂੰ ਮੱਦੇਨਜ਼ਰ ਰੱਖਦੇ ਹੋਏ, 2015 ਵਿਚ ਫਰਾਂਸ ਦੇ ਪੈਰਿਸ ਸ਼ਹਿਰ ਵਿਚ ਕਾਨਫਰੰਸ ਕਰਕੇ ਤਾਪਮਾਨ ਦੇ ਵਾਧੇ ਵਿਚ ਠੱਲ ਪਾਉਣ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਦੀ ਵਿਉਂਤਬੰਦੀ ਬਣਾ ਕੇ ਸੰਯੁਕਤ ਰਾਸ਼ਟਰ ਦੇ ਸਕੱਤਰ ਨੂੰ ਸੌਂਪ ਦਿੱਤੀ। ਇਹ ਕਾਨਫ਼ਰੰਸ ਓਬਾਮਾ ਪ੍ਰਸ਼ਾਸ਼ਨ ਸਮੇਂ ਹੋਈ ਸੀ ਅਤੇ ਉਨ੍ਹਾਂ ਨੇ ਇਸ ਨੂੰ ਮੰਨਿਆ ਅਤੇ ਇਸ ਦੀ ਸ਼ਲਾਘਾ ਵੀ ਕੀਤੀ। ਇਕ ਵਾਰ ਫੇਰ ਅਮਰੀਕਾ ਵਿਚ ਸਤਾ ਪਲਟਣ ਨਾਲ ਨਵ

ਭਾਰਤ ਵਿੱਚ ਅਸਮਾਨਤਾਵਾਂ ਉੱਪਰ ਕਾਬੂ ਪਾਉਣਾ ਬਹੁਤ ਜ਼ਰੂਰੀ

ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

25 ਜਨਵਰੀ 2021 ਨੂੰ ਇਕ ਗ਼ੈਰ-ਮੁਨਾਫ਼ਾਕਾਰੀ ਸੰਸਥਾ ਔਕਸਫੈਮ ਵੱਲੋਂ ਦੁਨੀਆ ਦੇ ਵੱਖ ਵੱਖ ਮੁਲਕਾਂ ਵਿਚ ਵਧ ਰਹੀਆਂ ਅਸਮਾਨਤਾਵਾਂ ਬਾਰੇ ਜਾਰੀ ਕੀਤੀ ਗਈ "ਇਨਇਕੁਐਲਟੀ ਵਾਇਰਸ ਰਿਪੋਰਟ" ਤੋਂ ਭਾਰਤ ਵਿਚ ਵਧ ਰਹੀਆਂ ਆਰਥਿਕ, ਵਿੱਦਿਅਕ, ਸਿਹਤ-ਸੰਭਾਲ, ਅਤੇ ਲਿੰਗਕ ਅਸਮਾਨਤਾਵਾਂ ਉੱਪਰ ਚੰਗਾ ਚਾਨਣਾ ਪਾਇਆ ਗਿਆ ਹੈ। ਇਸ ਰਿਪੋਰਟ ਅਨੁਸਾਰ ਮੁਲਕ ਵਿਚ ਤਾਲਾਬੰਦੀ ਦੇ ਸਮੇਂ ਦੌਰਾਨ ਖ਼ਰਬਪਤੀਆਂ ਦੇ ਧਨ ਵਿਚ 35 ਫ਼ੀਸਦ ਵਾਧਾ ਹੋਇਆ ਹੈ। ਦੁਨੀਆ ਵਿਚ ਅਮਰੀਕਾ, ਚੀਨ, ਜਰਮਨੀ, ਰੂਸ, ਅਤੇ ਫਰਾਂਸ ਤੋਂ ਬਾਅਦ ਭਾਰਤੀ ਅਰਥਵਿਵਸਥਾ ਦਾ ਸਥਾਨ ਛੇਵਾਂ ਹੈ। ਮੁਲਕ ਦੇ 100 ਅਰਬਪਤੀਆਂ ਦੇ ਧਨ ਦੇ ਵਾਧੇ ਦੁਆਰਾ ਹਰੇਕ ਗ਼ਰੀਬ ਆਦਮੀ ਨੂੰ 94045 ਰੁਪਇਆ ਦਾ ਚੈੱਕ ਦਿੱਤਾ ਜਾ ਸਕਦਾ ਹੈ। ਕਰੋਨਾ ਵਾਇਰਸ ਮਹਾਮਾਰੀ ਦੌਰਾਨ ਮੁਲਕ ਦੇ ਸਿਰਫ਼ 11 ਖ਼ਰਬਪਤੀਆਂ ਦੁਆਰਾ ਵਧਾਏ ਗਏ ਧਨ ਦੁਆਰਾ ਆਉਣ ਵਾਲੇ 10 ਸਾਲਾਂ ਦੌਰਾਨ ਮਗਨਰੇਗਾ ਜਾਂ ਸਿਹਤ ਮੰਤਰਾਲੇ ਦੇ ਖ਼ਰਚੇ ਪੂਰੇ ਹੋ ਸਕਦੇ ਹਨ। ਜਿੱਥੇ ਕਰੋਨਾ ਵਾਇਰਸ ਮਹਾਮਾਰੀ ਦੇ ਮਾਰੂ ਅਸਰਾਂ ਤੋਂ ਬਚਦੇ ਹੋਏ ਖ਼ਰਬਪਤੀ ਆਪਣੇ ਧਨ ਵਿਚ ਵਾਧਾ ਕਰਦੇ ਰਹੇ, ਉੱਥੇ ਗ਼ਰੀਬ ਕਿਰਤੀ ਬੇਰੁਜ਼ਗਾਰੀ, ਭੁੱਖਮਾਰੀ, ਅਤੇ ਮੌਤਾਂ ਦਾ ਸੰਤਾਪ ਹੰਢਾ ਰਹੇ ਸਨ।

ਇਸ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਮਾਰਚ 2020 ਵਿਚ ਤਾਲਾਬੰਦੀ ਤੋਂ ਬਾਅਦ ਅੱਤ ਦੀ ਅਮੀਰ ਖ਼ਰਬਪਤੀਆਂ ਵਿਚੋਂ ਮੁਕੇਸ਼ ਅੰਬਾਨੀ, ਗੌਤਮ ਅਦਾਨੀ, ਸ਼ਿਵ ਨਾਦਰ, ਸਾਇਰਸ ਪੂਨਾਵਾਲਾ, ਉਦੈ ਕੋਟਕ, ਅਜ਼ੀਮ ਪ੍ਰੇਮਜੀ, ਸੁਨੀਲ ਮਿੱਤਲ, ਰਾਧਾਕ੍ਰਿਸ਼ਨ ਦਮਾਨੀ, ਕੁਮਾਰ ਮੰਗਲਮ ਬਿਰਲਾ, ਅਤੇ ਲਕਸ਼ਮੀ ਮਿੱਤਲ ਦੇ ਧਨ ਬਹੁਤ ਜ਼ਿਆਦਾ ਵਾਧਾ ਹੋਇਆ, ਜਦੋਂ ਕਿ ਅਪ੍ਰੈਲ 2020 ਵਿਚ ਪ੍ਰਤਿ ਘੰਟੇ 170000 ਕਿਰਤੀ ਲੋਕ ਬੇਰੁਜ਼ਗਾਰ ਹੋਏ।

ਮੁਕੇਸ਼ ਅੰਬਾਨੀ ਨੇ, ਜਿਹੜਾ ਭਾਰਤ ਅਤੇ ਏਸ਼ੀਆ ਵਿਚ ਸਭ ਤੋਂ ਅਮੀਰ ਵਿਅਕਤੀ ਬਣਿਆ ਹੈ, ਕਰੋਨਾ ਵਾਇਰਸ ਮਹਾਮਾਰੀ ਦੇ ਸਮੇਂ ਦੌਰਾਨ 90 ਕਰੋੜ ਰੁਪਏ ਪ੍ਰਤਿ ਘੰਟਾ ਕਮਾਏ, ਜਦੋਂ ਕਿ ਮੁਲਕ ਦੇ 24 ਫ਼ੀਸਦ ਵਿਅਕਤੀਆਂ ਦੀ ਪ੍ਰਤਿ ਮਹੀਨਾ ਆਮਦਨ 3000 ਰੁਪਏ ਤੋਂ ਘੱਟ ਸੀ। ਉਸ ਦੇ ਧਨ ਵਿਚ ਵਾਧੇ ਨਾਲ 40 ਫ਼ੀਸਦ ਗ਼ੈਰ-ਰਸਮੀ ਰੁਜ਼ਗਾਰ ਵਾਲ਼ੇ ਕਿਰਤੀਆਂ ਨੂੰ 5 ਮਹੀਨਿਆਂ ਲਈ ਗ਼ਰੀਬੀ ਤੋਂ ਨਿਜਾਤ ਦੁਆਈ ਜਾ ਸਕਦੀ ਹੈ। ਇਸ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਮਹਾਮਾਰੀ ਦੇ ਸਮੇਂ ਦੌਰਾਨ ਮੁਕੇਸ਼ ਅੰਬਾਨੀ ਇਕ ਘੰਟੇ ਵਿਚ ਜਿੰਨੀ ਕਮਾਈ ਕਰਦਾ ਸੀ, ਇਕ ਆਮ ਮਜ਼ਦੂਰ ਨੂੰ ਉੱਨੀ ਕਮਾਈ ਕਰਨ ਲਈ 10000 ਸਾਲ ਲੱਗਣਗੇ।

ਜੇਕਰ ਸਿਹਤ-ਸੇਵਾਵਾਂ ਵੱਲ ਦੇਖਿਆ ਜਾਵੇ ਤਾਂ ਮੁਲਕ ਦੇ ਉੱਪਰਲੇ 20 ਫ਼ੀਸਦ ਲੋਕਾਂ ਵਿਚੋਂ 93.4 ਫ਼ੀਸਦ ਕੋਲ਼ ਸਵੱਛਤਾ ਦੇ ਆਪਣੇ ਨਿੱਜੀ ਇੰਤਜ਼ਾਮ ਹਨ, ਜਦੋਂ ਕਿ ਸਭ ਤੋਂ ਗ਼ਰੀਬ 20 ਫ਼ੀਸਦ ਲੋਕਾਂ ਵਿਚੋਂ ਸਿਰਫ਼ 6 ਫ਼ੀਸਦ ਕੋਲ਼ ਹੀ ਅਜਿਹੇ ਪ੍ਰਬੰਧ ਹਨ। ਮੁਲਕ ਦੀ 59.6 ਫ਼ੀਸਦ ਆਬਾਦੀ ਇਕ ਕਮਰੇ ਜਾਂ ਉਸ ਤੋਂ ਘੱਟ ਵਿਚ ਰਹਿੰਦੀ ਹੈ ਜਿਸ ਦੇ ਨਤੀਜੇ ਵਜੋਂ ਉਹ ਕਰੋਨਾ ਵਾਇਰਸ ਮਹਾਮਾਰੀ ਤੋਂ ਬਚਣ ਲਈ ਲੋੜੀਂਦੀ ਸਰੀਰਕ ਦੂਰੀ ਰੱਖਣ ਦੀ ਹਾਲਤ ਵਿਚ ਵੀ ਨਹੀਂ ਸਨ।

ਸਕੂਲਾਂ ਦੇ ਬੰਦ ਹੋਣ ਕਰਕੇ ਅਕਤੂਬਰ 2020 ਤੱਕ 32 ਕਰੋੜ ਵਿਦਿਆਰਥੀ ਪ੍ਰਭਾਵਿਤ ਹੋਏ ਜਿਨ੍ਹਾ ਵਿਚੋਂ 84 ਫ਼ੀਸਦ ਪਿੰਡਾਂ ਦੇ ਵਾਸੀ ਅਤੇ 70 ਫ਼ੀਸਦ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਸਨ। ਮੁਲਕ ਦੇ 5 ਸੂਬਿਆਂ ਦੇ 40 ਫ਼ੀਸਦ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਡਰ ਹੈ ਕਿ ਜਦੋਂ ਸਕੂਲ ਦੁਬਾਰਾ ਖੋਲ੍ਹੇ ਜਾਣਗੇ ਤਾਂ ਇਕ-ਤਿਹਾਈ ਬੱਚੇ ਸਕੂਲਾਂ ਵਿਚ ਨਾ ਆਉਣ। ਸਕੂਲ ਛੱਡਣ ਵਾਲੇ ਬੱਚਿਆਂ ਵਿੱਚੋਂ ਦਲਿਤਾਂ, ਆਦਿਵਾਸੀਆਂ ਅਤੇ ਮੁਸਲਮਾਨਾਂ ਦੀ ਗਿਣਤੀ ਦੂਜੇ ਬੱਚਿਆਂ ਨਾਲੋਂ ਜ਼ਿਆਦਾ ਹੋਵੇਗੀ। ਇਸ ਸੰਬੰਧ ਵਿਚ ਲੜਕੀਆਂ ਜ਼ਿਆਦਾ ਮਾਰ ਵਿਚ ਆਉਣਗੀਆਂ ਕਿਉਂਕਿ ਉਨ੍ਹਾਂ ਦੇ ਜਲਦੀ ਅਤੇ ਜ਼ਬਰਦਸਤੀ ਵਿਆਹ ਅਤੇ ਉਹਨਾਂ ਦੀ ਮਾਰ-ਕੁਟਾਈ/ਅਹਿੰਸਾ ਅਤੇ ਜਲਦੀ ਗਰਭਪਤੀ ਹੋਣ ਦੇ ਖ਼ਤਰੇ ਜ਼ਿਆਦਾ ਹਨ।

ਔਰਤ ਕਿਰਤੀਆਂ ਲਈ ਤਾਲਾਬੰਦੀ ਦੇ ਸਮੇਂ ਤੋਂ ਪਹਿਲਾਂ ਦੀ ਬੇਰੁਜ਼ਗਾਰੀ ਦਰ ਜਿਹੜੀ 15 ਫ਼ੀਸਦ ਸੀ, ਇਸ ਸਮੇਂ ਦੌਰਾਨ ਵਧਕੇ 18 ਫ਼ੀਸਦ ਹੋ ਗਈ ਹੈ ਜਿਸ ਕਾਰਨ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ 8 ਫ਼ੀਸਦ ਦੇ ਕਰੀਬ ਕਮੀ ਹੋ ਸਕਦੀ ਹੈ। ਤਾਲਾਬੰਦੀ ਦੇ ਸਮੇਂ ਤੋਂ ਪਹਿਲਾਂ ਜਿਹੜੀਆਂ ਔਰਤਾਂ ਰੁਜ਼ਗਾਰ ਵਿਚ ਸਨ ਉਨ੍ਹਾਂ ਦੇ ਤਾਲਾਬੰਦੀ ਦੇ ਸਮੇਂ ਤੋਂ ਬਾਅਦ ਦੁਬਾਰਾ ਰੁਜ਼ਗਾਰ ਪ੍ਰਾਪਤ ਕਰਨ ਦੇ ਮੌਕੇ ਮਰਦ ਕਿਰਤੀਆਂ ਨਾਲ਼ੋਂ 23.5 ਫੀਸਦ ਘੱਟ ਹੋ ਸਕਦੇ ਹਨ।

ਭਾਰਤ ਵਿਚ ਅਸਮਾਨਤਾਵਾਂ ਆਪਣੇ ਆਪ ਪੈਦਾ ਨਹੀਂ ਹੋਈਆਂ ਹਨ, ਸਗੋਂ ਇਹ ਸਾਡੇ ਹੁਕਮਰਾਨਾਂ ਦੁਆਰਾ ਬਣਾਈਆਂ ਅਤੇ ਲਾਗੂ ਕੀਤੀਆਂ ਗਈਆਂ ਨੀਤੀਆਂ ਦਾ ਨਤੀਜਾ ਹਨ। ਮੁਲਕ ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਜਿਹੜੇ ਲੋਕਾਂ ਨੇ ਅਨੇਕਾਂ ਸੰਘਰਸ਼ ਕੀਤੇ, ਕੁਰਬਾਨੀਆਂ ਅਤੇ ਸ਼ਹੀਦੀਆਂ ਦਿੱਤੀਆਂ ਉਨ੍ਹਾਂ ਨੇ ਸੁਪਨਾ ਲਿਆ ਸੀ ਕਿ ਆਜ਼ਾਦ ਭਾਰਤ ਹਰ ਤਰ੍ਹਾਂ ਦੀਆਂ ਅਸਮਾਨਤਾਵਾਂ ਉੱਪਰ ਕਾਬੂ ਪਾਕੇ ਇੱਥੋਂ ਦੇ ਰਹਿਣ ਵਾਲ਼ਿਆਂ ਦੀ ਜ਼ਿੰਦਗੀ ਨੂੰ ਸੁਖਾਲਾ ਅਤੇ ਸਤਿਕਾਰਯੋਗ ਬਣਾਉਂਦਾ ਹੋਇਆ ਅੱਗੇ ਵਧੇਗਾ। ਆਜ਼ਾਦੀ ਤੋਂ ਬਾਅਦ ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ 1950 ਵਿਚ 'ਯੋਜਨਾ ਕਮਿਸ਼ਨ' ਬਣਾਇਆ ਗਿਆ ਅਤੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਯੋਜਨਾਵਾਂ ਦੇ

ਲਾਗੂ ਕਰਨ ਨਾਲ਼ ਮਿਸ਼ਰਤ ਅਰਥਵਿਵਸਥਾ ਹੋਂਦ ਵਿਚ ਆਈ ਜਿਸ ਵਿਚ ਜਨਤਕ ਖੇਤਰ ਹੋਂਦ ਵਿਚ ਲਿਆਂਦਾ ਗਿਆ, ਉਸ ਦਾ ਵਿਸਥਾਰ ਅਤੇ ਵਿਕਾਸ ਕੀਤਾ ਗਿਆ ਅਤੇ ਨਿੱਜੀ ਖੇਤਰ ਦੇ ਕੰਮਕਾਜ ਦੀ ਨਿਗਰਾਨੀ ਅਤੇ ਨਿਯੰਤਰਨ ਕੀਤਾ ਗਿਆ। ਭਾਵੇਂ ਜਨਤਕ ਖੇਤਰ ਦੇ ਕੰਮਕਾਜ ਵਿਚ ਕਈ ਊਣਤਾਈਆਂ ਸਾਹਮਣੇ ਆਈਆਂ ਅਤੇ ਉਨ੍ਹਾਂ ਨੂੰ ਸਰਮਾਏਦਾਰ ਜਗਤ ਅਤੇ ਉਨ੍ਹਾਂ ਦੇ ਝਾੜੂਬਰਦਾਰਾਂ ਵੱਲੋਂ ਗ਼ਲਤ ਤਰੀਕਿਆ ਨਾਲ਼ ਲੋੜੋਂ ਵੱਧ ਪਰਚਾਰਿਆ ਗਿਆ, ਪਰ ਯੋਜਨਾਬੰਦੀ ਦੇ ਸਮੇਂ (1951-80) ਤੋਂ ਦੌਰਾਨ ਕਿਰਤੀ ਲੋਕਾਂ ਲਈ ਰੁਜ਼ਗਾਰ ਦੇ ਮੌਕਿਆਂ ਅਤੇ ਮਿਆਰ ਵਿਚ ਪ੍ਰਸ਼ੰਸਾਯੋਗ ਵਾਧਾ ਹੋਇਆ, ਆਮ ਲੋਕਾਂ ਲਈ ਮੁਫ਼ਤ ਸੇਵਾਵਾਂ ਮੁਹਈਆ ਕਰਵਾਈਆਂ ਗਈਆਂ ਜਿਸ ਸਦਕਾ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਘਟੀਆਂ। ਮੁਲਕ ਦੇ ਹੁਕਮਰਾਨਾਂ ਵੱਲੋਂ 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ ਅਤੇ ਐੱਨ.ਡੀ.ਏ. ਦੀ ਹਕੂਮਤ ਨੇ ਯੋਜਨਾ ਕਮਿਸ਼ਨ ਦਾ ਭੋਗ ਪਾਕੇ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ 'ਨੀਤੀ ਅਯੋਗ' ਬਣਾ ਦਿੱਤਾ। ਮੁਲਕ ਵਿਚ 1991 ਤੋਂ ਉਦਾਰੀਕਰਨ, ਨਿੱਜੀਕਰਨ, ਅਤੇ ਸੰਸਾਰੀਕਰਨ ਦੀਆਂ ਸ਼ੁਰੂ ਕੀਤੀਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਨੇ ਜਨਤਕ ਖੇਤਰ ਦੇ ਅਦਾਰਿਆਂ ਉੱਪਰ ਵੱਡਾ ਹੱਲਾ ਬੋਲਦਿਆਂ ਹੋਇਆ ਉਨ੍ਹਾਂ ਨੂੰ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਕੌਡੀਆਂ ਦੇ ਭਾਅ ਵੇਚਣਾ ਸ਼ੁਰੂ ਕੀਤਾ ਜੋ ਲਗਾਤਾਰ ਜਾਰੀ ਹੈ। ਇਨ੍ਹਾਂ ਨੀਤੀਆਂ ਕਾਰਨ ਆਮ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਮੁਫ਼ਤ/ਰਿਆਇਤੀ ਸਹੂਲਤਾਂ ਉੱਪਰ ਵੱਡਾ ਕੁਹਾੜਾ ਫੇਰਿਆ ਜਾ ਰਿਹਾ ਹੈ ਅਤੇ ਰੁਜ਼ਗਾਰ ਦੇ ਮੌਕਿਆ ਅਤੇ ਮਿਆਰ ਨੂੰ ਲਗਾਤਾਰ ਘਟਾਇਆ ਜਾ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਮੁਲਕ ਵਿਚ ਵੱਖ ਵੱਖ ਤਰ੍ਹਾਂ ਦੀਆਂ ਅਸਮਾਨਤਾਵਾਂ ਛੜੱਪੇ ਮਾਰਦੀਆਂ ਹੋਈਆਂ ਵਧ ਰਹੀਆਂ ਹਨ ਅਤੇ ਆਮ ਕਿਰਤੀ ਲੋਕ ਆਪਣੀਆਂ ਮੁਢਲੀਆਂ ਲੋੜਾਂ-ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ, ਅਤੇ ਸਮਾਜਿਕ ਸੁਰੱਖਿਆ ਵਿਚੋਂ ਸਿਰਫ਼ ਦੋ ਡੰਗ ਦੀ ਰੁੱਖੀ-ਸੁੱਕੀ ਰੋਟੀ ਖਾਕੇ ਆਪਣੀ ਭੁੱਖ ਉੱਪਰ ਕਾਬੂ ਪਾਉਣ ਲਈ ਜੱਦੋਜਹਿਦ ਕਰਦੇ ਹੋਏ ਅਨੇਕਾਂ ਅਕਿਹ ਅਤੇ ਅਸਿਹ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਕੀਤੇ ਹੋਏ ਹਨ।

ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 16 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਹੈ। 1951 ਵਿਚ ਮੁਲਕ ਦੀ 82 ਫ਼ੀਸਦ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 55 ਫ਼ੀਸਦ ਹਿੱਸਾ ਮਿਲਦਾ ਸੀ। ਮੁਲਕ ਦੀ ਖੇਤੀਬਾੜੀ ਉੱਪਰ ਨਿਰਭਰ ਆਬਾਦੀ ਵਿਚੋਂ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹਾਲਤ ਬਹੁਤ ਹੀ ਅਣਸੁਖਾਵੀਂ ਬਣਾ ਦਿੱਤੀ ਹੈ। ਜ਼ਮੀਨ/ਸਾਧਨ ਵਿਹੂਣੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਕੋਲ਼ ਆਪਣੀ ਸਰੀਰਕ ਕਿਰਤ ਨੂੰ ਵੇਚਣ ਤੋਂ ਸਿਵਾਏ ਉਤਪਾਦਨ ਦੇ ਕੋਈ ਵੀ ਹੋਰ ਸਾਧਨ ਨਹੀਂ ਹਨ। ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਇਨ੍ਹਾਂ ਕਿਰਤੀਆਂ ਦੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਅਤੇ ਮਿਆਰ ਘਟਾ ਦਿੱਤੇ ਹਨ। ਮੁਲਕ ਦੇ ਵੱਖ ਵੱਖ ਭਾਗਾਂ ਵਿਚ ਕੀਤੇ ਗਏ ਖੋਜ ਅਧਿਐਨਾਂ ਤੋਂ ਇਹ ਸਾਮਹਣੇ ਆਇਆ ਹੈ ਕਿ ਹੁਕਮਰਾਨਾਂ ਦੁਆਰਾ ਬਣਾਈਆਂ ਅਤੇ ਅਪਣਾਈਆਂ ਆਰਥਿਕ ਅਤੇ ਖੇਤੀਬਾੜੀ ਨੀਤੀਆਂ ਦੇ ਕਾਰਨ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਕਾਰੀਗਰ ਗ਼ਰੀਬੀ ਅਤੇ ਕਰਜ਼ੇ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਪਣੀ ਆਉਣ ਵਾਲ਼ੀ ਪੀੜ੍ਹੀ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲ਼ੀ ਮੌਤ ਕਰ ਜਾਂਦੇ ਹਨ ਜਾਂ ਜਦੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ। ਕੇਂਦਰ ਸਰਕਾਰ ਨੇ ਖੇਤੀਬਾੜੀ ਨਾਲ ਸੰਬੰਧਿਤ ਤਿੰਨ ਕਾਨੂੰਨ ਬਣਾਕੇ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੋਰ ਵਰਗਾਂ ਨੂੰ ਉਜਾੜਨ ਦਾ ਰਾਹ ਪੱਧਰਾ ਕਰ ਦਿੱਤਾ ਹੈ।

ਨੈਸ਼ਨਲ ਸੈਂਪਲ ਸਰਵੇ ਦੇ 66ਵੇਂ ਗੇੜ ਦੇ ਅੰਕੜਿਆਂ ਅਨੁਸਾਰ 2009-10 ਦੌਰਾਨ ਮੁਲਕ ਵਿਚ 92.8 ਫ਼ੀਸਦ ਕਿਰਤੀ ਗ਼ੈਰ-ਰਸਮੀ ਰੁਜ਼ਗਾਰ ਵਿਚ ਸਨ। ਮੁਲਕ ਵਿਚ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਬਣਾਈਆਂ ਅਤੇ ਲਾਗੂ ਕੀਤੀਆਂ ਜਾ ਰਹੀਆਂ ਸਰਕਾਰੀ ਨੀਤੀਆਂ ਕਾਰਨ ਪਿਛਲੇ 10 ਸਾਲਾਂ ਦੌਰਾਨ ਰਸਮੀ ਰੁਜ਼ਗਾਰ ਵਾਲੇ ਕਿਰਤੀਆਂ ਦੀ ਸਿਰਫ਼ ਗਿਣਤੀ ਹੀ ਹੋਰ ਨਹੀਂ ਘਟਾਈ ਗਈ, ਸਗੋਂ ਰੁਜ਼ਗਾਰ ਦੇ ਮਿਆਰ ਨੂੰ ਬਹੁਤ ਹੀ ਨੀਵਾਂ ਦਿੱਤਾ ਗਿਆ ਜਿਸ ਦੀ ਇਕ ਦਿਲ-ਕੰਬਾਉਣ ਵਾਲ਼ੀ ਤਾਜ਼ਾ ਉਦਾਹਰਣ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਸ਼ੁਰੂ ਕੀਤੀ ਗਈ ਤਾਲਾਬੰਦੀ ਦੀ ਹੈ। ਇਸ ਸਮੇਂ ਦੌਰਾਨ ਗ਼ੈਰ-ਰਸਮੀ ਰੁਜ਼ਗਾਰ ਪ੍ਰਾਪਤ ਕਿਰਤੀਆਂ ਨੂੰ ਬਿਨਾਂ ਕੋਈ ਮੁਆਵਜ਼ਾ ਜਾਂ ਆਰਥਿਕ ਸਹਾਇਤਾ ਦਿੱਤੇ ਬੇਰੁਜ਼ਗਾਰ ਕਰਕੇ ਉਜਾੜਿਆ ਗਿਆ ਜਿਸ ਕਾਰਨ ਇਨ੍ਹਾਂ ਕਿਰਤੀਆਂ ਨੇ ਆਪਣੇ ਘਰਾਂ ਤੱਕ ਪਹੁੰਚਣ ਲਈ ਲੰਮੇ ਸਫ਼ਰ ਕਰਦੇ ਹੋਏ ਅਨੇਕਾਂ ਅਕਿਹ ਅਤੇ ਅਸਿਹ ਸਮੱਸਿਆਵਾਂ ਦਾ ਸਾਹਮਣਾ ਕੀਤਾ ਅਤੇ ਅਨੇਕਾਂ ਪਰਿਵਾਰਾਂ ਨੇ ਆਪਣੀ ਰੋਟੀ ਕਮਾਉਣ ਵਾਲ਼ੇ ਜੀਆਂ ਦੀਆਂ ਮੌਤਾਂ ਨੂੰ ਵੀ ਝੱਲਿਆ। ਜਿਸ ਤਰ੍ਹਾ ਜਨਤਕ ਖੇਤਰ ਉੱਪਰ ਕੁਹਾੜਾ ਚਲਾਕੇ ਅਤੇ ਜਨਤਕ ਅਦਾਰਿਆਂ ਨੂੰ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਸਿਰਫ਼ ਕੌਡੀਆਂ ਦੇ ਭਾਅ ਹੀ ਨਹੀਂ ਦਿੱਤਾ ਜਾ ਰਿਹਾ, ਸਗੋਂ ਸਰਕਾਰਾਂ ਵੱਲੋਂ ਇਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ ਉਸ ਦੇ ਨਤੀਜੇ ਵਜੋਂ ਆਉਣ ਵਾਲੇ ਦਿਨਾਂ ਵਿਚ ਗ਼ੈਰ-ਰਸਮੀ ਰੁਜ਼ਗਾਰ ਵਾਲੇ ਕਿਰਤੀਆਂ ਦੁਆਰਾ ਹੰਢਾਈਆ ਜਾ ਰਹੀਆਂ ਸਮੱਸਿਆਵਾਂ ਹੋਰ ਵਧਣਗੀਆਂ।

ਮੁਲਕ ਵਿਚ ਉਦਯੋਗਿਕ ਖੇਤਰ ਦੇ ਵਿਕਾਸ ਵਿਚ ਵੱਡੀਆਂ ਉਦਯੋਗਿਕ ਇਕਾਈਆਂ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾ ਰਹੀ ਹੈ ਜਿਸ ਨੂੰ ਨਤੀਜੇ ਵਜੋਂ ਉਨ੍ਹਾਂ ਦਾ ਆਪਣੇ ਧਨ/ਦੌਲਤ/ਸੰਪੱਤੀ ਨੂੰ ਵਧਾਉਣ ਅਤੇ ਸਰਕਾਰੀ ਨੀਤੀਆਂ ਨੂੰ ਆਪਣੇ ਪੱਖ ਵਿਚ ਬਣਾਉਣ ਅਤੇ ਲਾਗੂ ਕਰਨ ਦੇ ਸੰਬੰਧ ਵਿਚ ਦਬਦਬਾ ਲਗਾਤਾਰ ਵਧਦਾ ਜਾ ਰਿਹਾ ਹੈ। ਵੱਡੀਆਂ ਉਦਯੋਗਿਕ ਇਕਾਈਆਂ ਵਿਚ ਮਸ਼ੀਨਰੀ ਅਤੇ ਸਵੈ-ਚਾਲਤ ਮਸ਼ੀਨਰੀ ਦੀ ਵਧਦੀ ਵਰਤੋਂ ਕਿਰਤੀਆਂ ਦੇ ਰੁਜ਼ਗਾਰ ਅਤੇ ਮਿਆਰ ਨੂੰ ਬਹੁਤ ਵੱਡੀ

ਲੇਖਕ ਤੇ ਗਾਇਕ ਜੋਗਿੰਦਰ ਕੁਮਾਰ ਸਾਜਨ ਨੂੰ ਵੱਖ ਵੱਖ ਆਗੂਆਂ ਨੇ ਕੀਤੀ ਸ਼ਰਧਾਂਜਲੀ ਭੇਟ

ਫਗਵਾੜਾ (ਬੀ. ਕੇ. ਰੱਤੂ)- ਧਾਰਮਿਕ ਤੇ ਸਮਾਜਿਕ ਗੀਤਾਂ ਰਾਹੀਂ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਾਲੇ ਲੋਕ ਕਲਾਕਾਰ (ਲੇਖਕ ਤੇ ਗਾਇਕ) ਜੋਗਿੰਦਰ ਕੁਮਾਰ ਸਾਜਨ ਦੀ ਅੰਤਿਮ ਅਰਦਾਸ ਮੌਕੇ ਬੋਲਦਿਆਂ ਉੱਘੇ ਸਾਹਿਤਕਾਰ ਤੇ ਸਮਾਜ ਸੇਵੀ ਜਗਦੀਸ਼ ਰਾਣਾ ਨੇ ਆਪਣੀ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਆਪਣੇ ਸਮੇਂ ਦੇ ਉਸਤਾਦ ਲੋਕ ਕਵੀ ਨਰਿੰਦਰ ਖੇਦੀ ਦੇ ਸ਼ਾਗਿਰਦ ਜੋਗਿੰਦਰ ਕੁਮਾਰ ਸਾਜਨ ਜੀ ਰੇਡੀਓ ਤੇ ਟੀ ਵੀ ਤੇ ਗਾਉਣ ਵਾਲੇ ਪਹਿਲੇ ਕਲਾਕਾਰਾਂ ਵਿੱਚੋਂ ਇਕ ਸਨ. ਉਹਨਾਂ ਕੁਝ ਸਮਾਂ ਸਕੂਲ ਵਿਚ ਪੜਾਇਆ ਵੀ ਪਰ ਫੇਰ ਉਹ ਗੁਰੂਆਂ ਮਹਾਂਪੁਰਖਾਂ ਦੀ ਮਾਨਵਤਾਵਾਦੀ ਵਿਚਾਰਧਾਰਾ ਨੂੰ ਸਮਰਪਿਤ ਰਚਨਾਵਾਂ ਹੀ ਲਿਖਣ ਗਾਉਣ ਲੱਗੇ ਤੇ ਵਿਦੇਸ਼ਾਂ ਚ ਵੀ ਉਹਨਾਂ ਪ੍ਰੋਗਰਾਮ ਕੀਤੇ...ਪਿੰਡ ਜਮਾਲਪੁਰ ਵਿਖੇ ਉਹਨਾਂ ਦੀ ਅੰਤਿਮ ਅਰਦਾਸ ਮੌਕੇ ਅੱਜ ਨਾਮਵਰ ਮਿਸ਼ਨਰੀ ਕਲਾਕਾਰਾਂ,ਰਾਜਨੀਤਕ ਪਾਰਟੀਆਂ, ਸਮਾਜਿਕ ਸੰਗਠਨਾਂ, ਦੇ ਆਗੂਆਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਜਿਹਨਾਂ ਵਿੱਚ ਪੰਮੀ ਲਾਲੋਮਜਾਰਾ, ਰੂਪ ਲਾਲ ਧੀਰ, ਰਾਜ ਦਦਰਾਲ, ਕਾਂਤੀ ਮੋਹਨ ਸਰਪੰਚ, ਬਹੁਜਨ ਸਮਾਜ ਪਾਰਟੀ ਤੋਂ ਰਮੇਸ਼ ਕੌਲ, ਲੇਖ ਰਾਜ ਜਮਾਲਪੁਰੀ, ਰੱਤੂ ਰੰਧਾਵਾ, ਚੜੇਹਦਾ ਸੂਰਜ ਮੈਗਜ਼ੀਨ ਦੇ ਮੁੱਖ ਸੰਪਾਦਕ ਮੋਹਿੰਦਰ ਸੰਧੂ ਮਹੇੜੂ, ਆਜ਼ਾਦ ਰੰਗ ਮੰਚ ਤੋਂ ਬੀਬਾ ਕੁਲਵੰਤ, ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਪੰਜਾਬ ਤੋਂ ਜਗਦੀਸ਼ ਰਾਣਾ, ਗੁਰਮੁਖ ਲੁਹਾਰ, ਸ਼ਾਮ ਸਰਗੁੰਦੀ, ਪੰਛੀ ਡੱਲੇਵਾਲੀਆ, ਗਾਇਕ ਜਿੰਮੀ ਗੋਰਾਇਆ, ਬਿੰਦਰ ਬਕਾਪੁਰੀ, ਆਈਨਾ ਟੀ ਵੀ ਤੋਂ ਹਰੀਸ਼ ਭੰਡਾਰੀ, ਮਾਸਟਰ ਸਤਪਾਲ ਰਟੈਂਡਾ, ਸੁਖਦੇਵ ਗੰਡਵਾਂ ਮੇਹਟਾਂ, ਅਤੇ ਜੋਗਿੰਦਰ ਕੁਮਾਰ ਸਾਜਨ ਦੇ ਸ਼ਾਗਿਰਦ ਸੁੱਚਾ ਸਫ਼ਰੀ ਆਦਿ ਨੇ ਡੂੰਗੇ ਦੁਖ ਦਾ ਇਜ਼ਹਾਰ ਕੀਤਾ। ਅਮਰੀਕਾ ਤੋਂ ਪਰਮਜੀਤ ਭੁੱਟਾ ਅਮਰੀਕਾ, ਬੰਸੀ ਲਾਲ ਬੰਗੜ, ਮੱਖਣ ਲੁਹਾਰ ਦੁਆਰਾ ਵਿਦੇਸ਼ਾਂ ਚੋਂ ਭੇਜੇ ਸੋਕ ਸੰਦੇਸ਼ ਵੀ ਪੜੇ ਗਏ।

ਮਨੁੱਖ ਅਤੇ ਪੰਛੀਆਂ ਦੀ ਮੌਤ ਦਾ ਫੰਦਾ ਬਣੀ ਚਾਇਨਾ ਡੋਰ

(ਪਾਬੰਦੀ ਦੇ ਬਾਵਜੂਦ ਕਿਉਂ ਨਹੀਂ ਰੁਕ ਰਿਹਾ ਖੂਨੀ ਚਾਇਨਾ ਡੋਰ ਦਾ ਰੁਝਾਨ)

ਪ੍ਰਮੋਦ ਧੀਰ,
91-98550-31081

ਭਾਰਤ ਤਿਉਹਾਰਾਂ ਦਾ ਦੇਸ਼ ਹੈ ਜਿੱਥੇ ਸਾਰਾ ਸਾਲ ਕੋਈ ਨਾ ਕੋਈ ਤਿਉਹਾਰ ਆਉਂਦਾ ਹੀ ਰਹਿੰਦਾ ਹੈ ਅਤੇ ਲੋਕ ਆਪਣੇ ਰੀਤੀ ਰਿਵਾਜਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ। ਇਸ ਤਰ੍ਹਾਂ ਬਸੰਤ ਪੰਚਮੀ ਅਜਿਹਾ ਤਿਉਹਾਰ ਹੈ ਜਿਸਨੂੰ ਸਾਰੇ ਹੀ ਰਲ ਮਿਲ ਕੇ ਮਨਾਉਂਦੇ ਹਨ। ਇਸ ਦਿਨ ਲੋਕ ਪੀਲੇ ਕੱਪੜੇ ਪਾਉਣੇ ਪਸੰਦ ਕਰਦੇ ਹਨ,ਚਾਰੇ ਪਾਸੇ ਫੁੱਲਾਂ ਦੀ ਖੁਸ਼ਬੂ ਅਤੇ ਸੁੰਦਰਤਾ ਮਹਿਕਦੀ ਹੋਈ ਦੇਖਣ ਨੂੰ ਮਿਲਦੀ ਹੈ। ਇਸ ਦਿਨ ਬੱਚੇ ਤੋਂ ਲੈ ਕੇ ਬੁੱਢੇ ਤੱਕ ਤਕਰੀਬਨ ਹਰੇਕ ਉਮਰ ਦਾ ਵਿਅਕਤੀ ਪਤੰਗਬਾਜੀ ਦਾ ਲੁਤਫ ਜਰੂਰ ਲੈਣਾ ਪਸੰਦ ਕਰਦਾ ਹੈ।

ਪਤੰਗਬਾਜੀ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਪਰੰਪਰਾ ਹੈ ਇਸ ਸਬੰਧੀ ਰਾਜੇ ਮਹਾਂਰਾਜਿਆਂ ਦੁਆਰਾਂ ਖੁਦ ਪਤੰਗਬਾਜੀ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਬਸੰਤ ਦੇ ਦਿਨਾਂ ਵਿੱਚ ਪਤੰਗ ਬਾਜੀ ਦੇ ਸ਼ੌਂਕ ਵਧ ਜਾਂਦੇ ਹਨ ਤੇ ਕਈ ਬੱਚੇ ਸਾਰਾ ਸਾਲ ਹੀ ਪਤੰਗ ਉਡਾਉਣਾ ਪਸੰਦ ਕਰਦੇ ਹਨ। ਅੱਜ ਕੱਲ ਲੋਕ ਬਸੰਤ ਦੇ ਦਿਨ ਆਪਣੇ ਕੋਠਿਆਂ ਤੇ ਚੜ੍ਹ ਕੇ ਡੀ.ਜੇ ਆਦਿ ਲਗਾ ਕੇ ਖੂਬ ਪਤੰਗ ਚੜਾਉਂਦੇ ਹਨ ਤੇ ਸ਼ਰਤਾਂ ਲਗਾਉਂਦੇ ਹਨ। ਫਿਰ ਇੱਕ ਦੂਜੇ ਦੇ ਪਤੰਗ ਨੂੰ ਕੱਟ ਕੇ ਰੋਲਾ ਪਾਕੇ,ਭੰਗੜੇ ਪਾਕੇ ਚੀਕਾਂ ਮਾਰਕੇ ਦਿਲ ਪ੍ਰਚਾਵਾ ਕਰਦੇ ਹਨ। ਮਨੋਰੰਜਨ ਕਰਨਾ ਮਾੜੀ ਗੱਲ ਨਹੀ। ਪਰ ਅੱਜ ਕੱਲ ਪਤੰਗਬਾਜੀ ਲਈ ਲੋਕ ਚਾਇਨਾ ਡੋਰ ਵਰਤਨ ਲੱਗ ਪਏ ਹਨ ਜੋ ਕਿ ਮਨੁੱਖ ਲਈ ਅਤੇ ਪੰਛੀਆਂ ਲਈ ਬਹੁਤ ਹੀ ਖਤਰਨਾਕ 'ਤੇ ਜਾਨਲੇਵਾ ਹੈ।

ਕੀ ਹੈ ਚਾਇਨਾ ਡੋਰ? ਚਾਇਨਾ ਡੋਰ ਪਲਾਟਿਕ ਧਾਗੇ ਤੇ ਲੋਹੇ ਦੇ ਪਾਊਡਰ ਨਾਲ ਸੂਤੀ ਹੁੰਦੀ ਹੈ। ਇਹ ਖਤਰਨਾਕ ਅਤੇ ਜਾਨਲੇਵਾ ਸੁਮੇਲ ਹੈ, ਇਸ ਲਈ ਇਸ ਨੂੰ 'ਕਿੱਲਰ ਡੋਰ' ਵੀ ਕਿਹਾ ਜਾਂਦਾ ਹੈ।

ਕੀ ਹਨ ਚਾਇਨਾ ਡੋਰ ਦੇ ਨੁਕਸਾਨ? ਨਾ-ਟੁੱਟਣ ਯੋਗ ਅਤੇ ਨਾ ਗਲਣ ਯੋਗ ਪਲਾਸਟਿਕ ਦਾ ਧਾਗਾ ਜਿੱਥੇ ਕੁਦਰਤ ਦੇ ਅਨਮੋਲ ਵਾਤਾਵਰਨ ਨੂੰ ਵਿਗਾੜਦਾ ਹੈ,ਉਥੇ ਇਹ ਇਨਸਾਨਾਂ ਅਤੇ ਪੰਛੀਆਂ ਲਈ ਮੌਤ ਦਾ ਫੰਦਾ ਬਣ ਜਾਂਦਾ ਹੈ। ਇਸ ਤੇ ਲੱਗਿਆ ਲੋਹੇ ਦਾ ਪਾਊਡਰ, ਬਿਜਲੀ ਦੀਆਂ ਤਾਰਾਂ ਨੂੰ ਛੂਹਣ ਨਾਲ ਬਿਜਲੀ ਦਾ ਕਰੰਟ ਪਾਸ ਕਰਦਾ ਹੈ ਅਤੇ ਸਾਡੇ ਬੱਚਿਆਂ ਨੂੰ ਜਾਨੀ ਨੁਕਸਾਨ ਪਹੁੰਚਾ ਸਕਦਾ ਹੈ। ਇਸਦੀ ਵਰਤੋਂ ਨਾਲ

ਵੱਡੀ ਗਿਣਤੀ ਵਿੱਚ ਵਿਦੇਸ਼ੀ ਪੂੰਜੀ ਬਰਬਾਦ ਹੁੰਦੀ ਹੈ। ਚਾਇਨਾ ਡੋਰ ਨਾਲ ਸਾਡੇ ਲੱਖਾਂ ਦੇਸ਼ਵਾਸੀਆਂ ਦੀ ਰੋਜੀ ਰੋਟੀ ਖਤਮ ਹੋ ਰਹੀ ਹੈ। ਇਸ ਡੋਰ ਦੀ ਵਰਤੋਂ ਨਾਲ ਸਿਰਫ ਅਮਿਦਾਬਾਦ ਸ਼ਹਿਰ ਵਿੱਚ ਸਾਲ 2015 ਵਿੱਚ 76 ਐਕਸੀਡੈਂਟ, 21 ਗਲੇ ਵਿੱਚ ਫੰਦਾ ਸਮੇਤ 2789 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇੱਕ ਪ੍ਰਸਿੱਧ ਅੰਗਰੇਜੀ ਅਖਬਾਰ ਦੀ ਰਿਪੋਰਟ ਦੇ ਮੁਤਾਬਿਕ 20 ਦੁਰਲਭ ਜਾਤੀ ਵਾਲੇ ਪੰਛੀ ਸਭ ਤੋਂ ਵੱਧ ਸ਼ਿਕਾਰ ਹੋਏ ਅਤੇ ਉਨ੍ਹਾਂ ਦੀ ਹੋਂਦ ਨੂੰ ਅੱਜ ਖਤਮ ਹੋਣ ਦਾ ਖਤਰਾ ਬਣਿਆ ਹੋਇਆ ਹੈ।

ਪਤੰਗਾਂ ਜਰੂਰ ਉਡਾਓ-ਪਰ ਸਾਵਧਾਨੀਆਂ ਵੀ ਅਪਣਾਓ: ਦੇਰ ਰਾਤ ਤੱਕ ਪਤੰਗ ਨਾਂ ਉਡਾਉ, ਕਿਉਂਕਿ ਆਪਣੇ ਘਰਾਂ ਨੂੰ ਪਰਤ ਰਹੇ ਪੰਛੀ ਹਨੇਰੇ ਕਾਰਨ ਇਸ ਡੋਰ ਵਿੱਚ ਫਸਕੇ ਜਖਮੀ ਹੋ ਜਾਂਦੇ ਹਨ। ਪਤੰਗ ਦਰੱਖਤ ਜਾਂ ਬਿਜਲੀ ਦੀਆਂ ਤਾਰਾਂ ਕੋਲ ਨਾ ਉਡਾਉ,ਕਿਉਂਕਿ ਦਰੱਖਤ ਜਾਂ ਤਾਰਾਂ ਵਿੱਚ ਫਸੀ ਡੋਰ ਪੰਛੀਆਂ ਅਤੇ ਰਾਹਗਿਰੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਉਲੰਘਣਾ ਹੋਵੇ ਦਾਂ ਕੀ ਹੈ ਸਜ਼ਾ? ਇਸ ਖਤਰਨਾਕ ਡੋਰ ਦੇ ਵੇਚਣ ਅਤੇ ਖਰੀਦਣ ਵਾਲੇ ਤੇ ਵਾਤਾਵਰਨ (ਪ੍ਰੋਟੈਕਸ਼ਨ) ਐਕਟ ਦੀ ਧਾਰਾ 5 ਦੇ ਅਨੁਸਾਰ 5 ਸਾਲ ਦੀ ਕੈਦ ਅਤੇ 1 ਲੱਖ ਰੁਪਏ ਤੱਕ ਜੁਰਮਾਨਾ ਵੀ ਹੋ ਸਕਦਾ ਹੈ।

ਕੀ ਹੈ ਸਾਡਾ ਫਰਜ਼? ਜੇ ਕਿਤੇ ਵੀ ਡੋਰ ਫਸੀ ਹੋਈ ਮਿਲੇ ਤਾਂ ਉਸ ਨੂੰ ਇਕੱਠਾ ਕਰਕੇ ਸਾੜ ਦਿਉ, ਤਾਂ ਕਿ ਜਾਨੀ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ। ਭਾਵੇਂ ਅਸੀਂ ਪਤੰਗਾਂ ਨਾਂ ਵੀ ਉਡਾਈਏ ਪਰ ਦੂਜਿਆਂ ਨੂੰ ਇਸ ਡੋਰ ਦੇ ਨੁਕਸਾਨ ਬਾਰੇ ਜਰੂਰ ਸੁਚੇਤ ਕਰੀਏ।

ਦੋਸ਼ੀ ਕੌਣ? ਕੁਝ ਸਮਝਦਾਰ ਮਾਤਾ ਪਿਤਾ ਆਪਣੇ ਬੱਚੇ ਨੂੰ ਸਮਝਾਉਣਾਂ ਤਾਂ ਕੀ ਸਗੋਂ ਬੱਚੇ ਦੀ ਜਿੱਦ ਅੱਗੇ ਝੁਕਕੇ, ਬੱਚੇ ਲਈ ਦੁਕਾਨਦਾਰ ਤੋਂ ਚਾਇਨਾ ਡੋਰ ਦੀ ਮੰਗ ਕਰਦੇ ਹਨ ਜੋ ਕਿ ਬਹੁਤ ਸ਼ਰਮਨਾਕ ਅਤੇ ਅਫਸੋਸਨਾਕ ਗੱਲ ਹੈ।

ਅਖੀਰ ਇਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਖੁਦ ਆਪਣੀ ਨੀਂਦ ਵਿੱਚੋਂ ਜਾਗੀਏ, ਕਿਉਂ ਕਿਸੇ ਤੇ ਆਸ ਲਗਾ ਕੇ ਬੈਠੇ ਹਾਂ , ਖੁਦ ਹੰਭਲਾ ਮਾਰੀਏ ਤੇ ਇਸ ਖੂਨੀ ਡੋਰ ਦੀ ਵਰਤੋਂ ਤੋਂ ਤੋਬਾ ਕਰੀਏ ਅਤੇ ਮਿਲਜੁਲ ਕੇ ਇਸ ਛੋਟੇ ਜਿਹੇ ਬੇਸ਼ਕੀਮਤੀ ਸੰਦੇਸ਼ ਨੂੰ ਘਰ ਘਰ ਪਹੁੰਚਾਈਏ ਤਾਂ ਕਿ ਕੋਈ ਵੀ ਸਾਡਾ ਨਜਦੀਕੀ ਇਸ ਘਟਨਾ ਦਾ ਸ਼ਿਕਾਰ ਨਾ ਹੋ ਸਕੇ।

ਤਿਉਹਾਰ ਜਾਂ ਸ਼ੌਂਕ ਵੀ ਉਹੀ ਵਧੀਆ ਲਗਦੇ ਹਨ ਜਿੰਨਾ ਨੂੰ ਮਾਣ ਕੇ ਸਾਨੂੰ ਕੋਈ ਨੁਕਸਾਨ ਨਾਂ ਹੋਵੇ ਸਗੋਂ ਦਿਲੀਂ ਖੁਸ਼ੀ ਮਿਲੇ।

ਕਲਮੀ ਖੇਤਰ ਵਿੱਚ ਤੇਜੀ ਨਾਲ ਪਹਿਚਾਣ ਬਣਾ ਰਹੀ ਮੁਟਿਆਰ- ਰਾਜਨਦੀਪ ਕੌਰ ਮਾਨ

ਹਰ ਇਨਸਾਨ ਵਿਚ ਕਲਾਕਾਰ ਪ੍ਰਵਿਰਤੀ ਹੁੰਦੀ ਹੈ। ਉਸ ਪ੍ਰਵਿਰਤੀ ਅਨੁਸਾਰ ਹੀ ਉਹ ਆਪਣਾ ਜੀਵਨ ਬਸਰ ਕਰਦਾ ਹੈ। ਆਮ ਤੌਰ ਤੇ ਇੱਕ ਵਿਅਕਤੀ ਵਿਚ ਇੱਕ ਹੀ ਵਿਸ਼ੇਸ਼ ਗੁਣ ਹੁੰਦਾ ਹੈ, ਜਿਹੜਾ ਉਸਦੇ ਵਿਅਕਤਵ ਨੂੰ ਨਿਖ਼ਾਰਦਾ ਹੁੰਦਾ ਹੈ ਪਰੰਤੂ ਰਾਜਨਦੀਪ ਕੌਰ ਮਾਨ ਬਹੁਪੱਖੀ ਕਲਾਕਾਰ ਹੈ ।ਉਹ ਇੱਕ ਵਧੀਆ ਕਵਿੱਤਰੀ ਹੋਣ ਦੇ ਨਾਲ ਨਾਲ ਰੇਡੀਓ ਸਟੇਸ਼ਨ ਉਪਰ ਵੀ ਕਈ ਪ੍ਰੋਗਰਾਮ ਪੇਸ਼ ਕਰ ਚੁੱਕੀ ਹੈ ।

ਰੇਡੀਓ ਸਟੇਸ਼ਨ ਉਪਰ ਪ੍ਰੋਗਰਾਮ ਪੇਸ਼ ਕਰਨ ਵੇਲੇ ਉਸ ਦੀ ਸ਼ਬਦਾਵਲੀ ਵਿਚ ਇਤਨੀ ਮਿਠਾਸ ਸ਼ਾਮਲ ਹੁੰਦੀ ਹੈ, ਇਉਂ ਲੱਗ ਰਿਹਾ ਹੁੰਦਾ ਹੈ ਕਿ ਵਾਤਾਵਰਣ ਵਿਚ ਸੁਗੰਧੀ ਭਰ ਗਈ ਹੈ, ਜਿਸ ਨਾਲ ਮਾਹੌਲ ਸਿਰਜਕ ਅਤੇ ਸੁਹਾਵਣਾ ਬਣ ਜਾਂਦਾ ਹੈ । ਕਵਿਤਰੀ ਹੋਣ ਕਰਕੇ ਉਸਦੀ

ਰਮੇਸ਼ਵਰ ਸਿੰਘ ਪਟਿਆਲਾ
91- 99148-80392

ਸ਼ਬਦਾਵਲੀ ਸਾਹਿਤਕ ਰੰਗ ਵਿਚ ਰੰਗੀ ਹੁੰਦੀ ਹੈ, ਜੋ ਸਰੋਤਿਆਂ ਦੇ ਦਿਲਾਂ ਨੂੰ ਟੁੰਬਦੀ ਹੋਈ ਭਾਵਨਾਵਾਂ ਦੇ ਵਹਿਣ ਵਿਚ ਪਹੁੰਚਣ ਲਈ ਮਜਬੂਰ ਕਰ ਦਿੰਦੀ ਹੈ। ਰਾਜਨਦੀਪ ਕੌਰ ਮਾਨ ਅਜੇ ਤੱਕ ਬੇਸ਼ੱਕ ਮੌਲਿਕ ਪੁਸਤਕ ਦਾ ਉਪਰਾਲਾ ਤਾਂ ਭਾਵੇਂ ਨਹੀਂ ਕਰ ਸਕੀ, ਪਰ ਫਿਰ ਵੀ ਉਸ ਦਾ ਨਾਓਂ ਪੰਜਾਬੀ ਸਾਹਿਤ ਦੀ ਸਿਰਜਣਾ ਕਰਨ ਵਾਲੀਆਂ ਮਿਆਰੀ ਕਲਮਾਂ ਵਿਚ ਸ਼ੁਮਾਰ ਹੈ। ਜਿਲ੍ਹਾ ਫਰੀਦਕੋਟ ਦੇ ਪਿੰਡ ਮਚਾਕੀ ਮੱਲ ਸਿੰਘ ਵਿਖੇ ਸ੍ਰੀਮਤੀ ਗੁਰਮੇਲ ਕੌਰ (ਮਾਤਾ) ਦੀ ਪਾਕਿ ਕੁੱਖੋਂ ਸੈਰ ਗੁਰਦੌਰ ਸਿੰਘ ਸੇਖੋਂ (ਪਿਤਾ) ਦੇ ਗ੍ਰਹਿ ਨੂੰ ਰੁਸ਼ਨਾਉਣ ਵਾਲੀ ਰਾਜਨਦੀਪ ਦੱਸਦੀ ਹੈ ਕਿ ਉਸ ਦੇ ਪਾਪਾ ਨੇ ਰੂਸ ਤੋਂ ਟਰੈਕਟਰ ਮੰਗਵਾਇਆ ਸੀ ਤਾਂ ਰੂਸ ਦੀਆਂ ਸਾਹਿਤਕ ਕਿਤਾਬਾਂ ਜੋ ਕਿ ਪੰਜਾਬੀ ਰੂਪਾਂਤਰਿਤ ਸਨ, ਵੀ ਓਹਨਾ ਨੇ ਤੋਹਫ਼ੇ ਵਜੋਂ ਨਾਲ ਭੇਜੀਆਂ ਸਨ, ਜਿਨ੍ਹਾਂ ਨੂੰ ਕਿ ਛੋਟੇ ਹੁੰਦਿਆਂ ਉਸਨੇ ਵੀ ਪੜ੍ਹਿਆ। ਫਿਰ ਸ਼ਿਵ ਕੁਮਾਰ ਬਟਾਲਵੀ ਜੀ ਦੀਆਂ ਕਵਿਤਾਵਾਂ ਉਸਨੂੰ ਪੜ੍ਹਨ ਨੂੰ ਮਿਲੀਆਂ, ਜਿਹੜੀਆਂ ਕਿ ਉਸਦੇ ਮਨ ਤੇ ਹੀ ਉਕਰ ਗਈਆਂ। ਸਕੂਲ ਸਮੇਂ ਦੀ ਲਿਖੀ ਕਵਿਤਾ, 'ਰੱਬਾ ਮੈਂ ਜੁਗਨੂੰ ਹੋ ਜਾਵਾਂ ਜੋ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੇ ਮੈਗਜੀਨ, ਪ੍ਰਾਇਮਰੀ ਸਿੱਖਿਆ ਵਿੱਚ ਪੈਰਕਾਸ਼ਿਤ ਹੋਈ, ਤੋਂ ਬਾਅਦ ਉਸ ਦਾ ਲਿਖਿਆ ਕਾਲਜ ਵਿਚ ਹਰ ਸਾਲ ਕੁਝ ਨਾ ਕੁਝ ਛਪਦਾ ਹੀ ਰਿਹਾ। ਬਿਰਜਿੰਦਰਾ ਕਾਲਜ ਫਰੀਦਕੋਟ ਵਿਚ ਪੜਾਈ ਦੌਰਾਨ ਕਾਲਜ ਵੱਲੋਂ ਉਸਨੂੰ, ''ਅੱਛਾ ਸੰਪਾਦਿਕੋ ਦਾ ਸਨਮਾਨ ਸਰਟੀਫਿਕੇਟ ਵੀ ਮਿਲਿਆ। ਫਰੀਦਕੋਟ ਵਿੱਚ ਸਾਹਿਤਕ ਮਾਸਿਕ ਮੈਗਜੀਨ, 'ਸੁਜਾਤੋ ਵਿੱਚ ਵੀ ਉਸ ਦੀਆਂ ਕਵਿਤਾਵਾਂ ਛਪੀਆਂ।

ਫਿਰ ਵਿਆਹ ਤੋਂ ਬਾਅਦ ਕੁਝ ਸਾਲ ਜਿੰਮੇਵਾਰੀਆਂ ਦੇ ਕਾਰਣ ਉਹ ਕੁਝ ਲਿਖ ਨਾ ਸਕੀ। ਪਰ, ਹੁਣ ਫਿਰ ਜਦ ਤੋਂ ਉਸਨੇ ਸਰਗਰਮ ਹੋ ਕੇ ਲਿਖਣਾ ਸ਼ੁਰੂ ਕੀਤਾ ਹੈ ਤਾਂ ਦੇਸ਼-ਵਿਦੇਸ਼ ਦੇ ਲਗਭਗ ਹਰ ਪੰਜਾਬੀ ਅਖਬਾਰ ਵਿਚ ਛਪਣ ਦਾ ਸੁਪਨਾ ਪੂਰਾ ਕੀਤਾ ਹੈ, ਉਸ ਨੇ। ਜਿਨ੍ਹਾਂ ਵਿਚ ਪੰਜਾਬੀ ਟਿਰਬਿਊਨ, ਨਵਾਂ ਜਮਾਨਾ, ਅੱਜ ਦੀ ਅਵਾਜ਼, ਸਪੋਕਸਮੈਨ, ਵਿਰਾਸਤ, ਜਾਗਰਣ, ਸਾਂਝ, ਪਹਿਰੇਦਾਰ, ਦਾ ਟਾਈਮਜ਼ ਆਫ ਪੰਜਾਬ, ਲੋਕ ਭਲਾਈ ਦਾ ਸੁਨੇਹਾ, ਦੁਆਬਾ ਐਕਸਪੈਰੈਸ,

ਸੂਰਜ, ਕੌਮੀ ਪੱਤਿਰਕਾ, ਸੂਰਜ ਮੇਲ, ਦੇਸ ਪੈਰਦੇਸ, ਮਹਾ ਪੰਜਾਬ, ਸੱਚ ਦੀ ਪਟਾਰੀ, ਪੰਜਾਬ ਟਾਈਮਜ, ਪੰਜਾਬ ਨੈੱਟਵਰਕ, ਸਾਡੇ ਲੋਕ (ਯੂ. ਐਸ. ਏ.), ਕਾਵਿ ਸਾਂਝਾਂ, ਸੰਗਰਾਮੀ ਲਹਿਰ, ਵੰਗਾਰ, ਕਾਫਲਾ, ਪੰਜਾਬ ਹੈਰੀਟੇਜ ਕੈਨੇਡਾ, ਦਾ ਪੰਜਾਬ ਟਾਈਮਜ (ਯੂ. ਕੇ.), ਪੰਜਾਬੀ ਪੱਤਿਰਕਾ, ਪੰਜਾਬ ਮੇਲ (ਯੂ. ਐਸ. ਏ.), ਪੰਜਾਬੀ ਇੰਨ ਹਾਲੈਂਡ, ਪੰਜਾਬੀ ਸਕਰੀਨ, ਹਰਫ਼ਨਾਮਾ, ਪੰਜਾਬ ਗਾਰਡੀਅਨ, ਦਾ ਇੰਡੋ ਅਮੈਰਕਿਨ ਟਾਈਮਜ (ਯੂ. ਐਸ. ਏ.), ਦਾ ਹਮਦਰਦ, ਅਜੀਤ ਵੀਕਲੀ, ਪੰਜਾਬੀ ਇੰਨ ਨਿਊਜ਼ੀਲੈਂਡ, ਸਕਾਈ ਹਾਕ ਟਾਈਮਜ, ਲਿਸ਼ਕਾਰਾ ਟਾਈਮਜ, ਵਰਲਡ ਪੰਜਾਬੀ ਟਾਈਮਜ ਵੈਨਕੂਵਰ, ਦਾ ਕੈਨੇਡੀਅਨ ਪੰਜਾਬ ਟਾਈਮਜ, ਦਾ ਰਾਵੀ, ਜੁਝਾਰ ਟਾਈਮਜ, ਸੁਖਨ ਸਾਂਝ ਹਰਿਆਣਾ ਤੇ ਮੁਕਦਸ ਮਰਕਜ (ਪਾਕਿਸਤਾਨ) ਆਦਿ ਸਮੇਤ ਅਖਬਾਰਾਂ ਤੇ ਮੈਗਜ਼ੀਨਾਂ ਦੀ ਇਕ ਲੰਬੀ ਲਿਸਟ ਹੈ।

ਮਾਨ ਨੇ ਹਰ ਵਿਸ਼ੇ ਉਪਰ ਸਰਾਹੁਣ ਯੋਗ ਕਲਮ-ਅਜਮਾਈ ਕੀਤੀ ਹੈ, ਜਿਨ੍ਹਾਂ ਵਿਚ ਉਸ ਦੀ ਕਿਸਾਨ ਅੰਦੋਲਨ ਦੇ ਹੱਕ ਵਿਚ ਲਿਖੀ ਕਵੀਸ਼ਰੀ ਨੇ ਤਾਂ ਹੋਰ ਵੀ ਧੁੰਮਾਂ ਪਾ ਕੇ ਰੱਖ ਦਿੱਤੀਆਂ ਹਨ। ਲਿਖਣ ਤੋਂ ਇਲਾਵਾ ਇਸ ਮੁਟਿਆਰ ਨੂੰ ਗਿੱਧੇ -ਭੰਗੜੇ ਦਾ ਵੀ ਬਹੁਤ ਸ਼ੌਂਕ ਹੈ। ਇੱਥੇ ਹੀ ਬਸ ਨਹੀ, ਪੰਜਾਬੀ ਸੱਭਿਆਚਾਰ ਦੀ ਸੇਵਾ ਲਈ ਰੇਡੀਓ ਸਟੇਸ਼ਨ ਤੋਂ ਵੀ ਉਹ ਪੰਜਾਬੀ ਸੱਭਿਆਚਾਰ ਬਾਰੇ ਪ੍ਰੋਗਰਾਮ ਅਕਸਰ ਪੇਸ਼ ਕਰਦੀ ਹੀ ਰਹਿੰਦੀ ਹੈ। ਪੰਜਾਬੀ ਬੋਲੀ ਦੀ ਵੱਧ ਤੋਂ ਵੱਧ ਸੇਵਾ ਕਰਨ ਦਾ ਜਨੂੰਨ ਪਾਲ ਰਹੀ ਮਾਨ ਦੀਆਂ ਜਿੱਥੇ ਕਈ ਸਾਂਝੀਆਂ ਪੈਰਕ-ਾਸ਼ਨਾਵਾਂ ਵਿਚ ਰਚਨਾਵਾਂ ਛਪਣ ਵਾਲੀਆਂ ਹਨ, ਉਥੇ ਉਹ ਆਪਣਾ ਖੁਦ ਦਾ ਮੌਲਿਕ ਸੰਗ੍ਰਹਿ ਛਪਵਾਉਣ ਦੀ ਵੀ ਹੁਣ ਤਿਆਰੀ ਵਿਚ ਹੈ। ਪੈਰਿਤਿਲਿਪੀ ਐਪ ਤੇ ਵੀ ਉਸਦੀਆਂ ਰਚ-ਨਾਵਾਂ ਨੇ ਖੂਬ ਵਾਹ ਵਾਹ ਖੱਟੀ ਹੈ। ਉਸਦੀਆਂ ਕੁੱਝ ਰਚਨਾਵਾਂ .....

ਸੁੱਚਾ ਅਹਿਸਾਸ

ਸੁੱਚਾ ਅਹਿਸਾਸ ਮੁਹੱਬਤ ਦਾ,
ਮੇਰੀ ਰੂਹ ਨੂੰ ਛੋਹ ਕੇ ਗੁਜ਼ਰ ਗਿਆ।

ਰੇਸ਼ਮ ਜਿਹਾ ਸੋਹਲ ਬਦਨ ਮੇਰਾ,
ਪੱਤੀਆਂ ਦੇ ਵਾਂਗੂ ਬਿਖਰ ਗਿਆ।

ਇਹ ਚੰਨ ਦੀਆਂ ਚਾਨਣੀਆਂ ਰਿਸ਼ਮਾਂ,
ਕਿਤੇ ਮਹਿਕ ਇਤਰ ਦੀ ਘੁਲ ਜਾਂਦੀ।

ਤੇਰੇ ਬਾਰੇ ਜਦ ਵੀ ਸੋਚ ਲਵਾਂ,
ਰੂਹ ਮੇਰੀ ਮਹਿਕਣ ਲੱਗ ਜਾਂਦੀ।

ਤੂੰ ਮੇਰੇ ਕਰਕੇ ਨਾ ਆਇਆ,
ਇਹ ਦਰਦ ਜਿਹਾ ਦਿਲ ਨੂੰ ਡੱਸ ਦਾ।

ਜਦ ਵੀ ਕਿਧਰੇ ਅੱਖ ਲੱਗ ਜਾਂਦੀ,
ਮੁੱਖ ਸੋਹਣਾ ਸੁਪਨੇ ਵਿਚ ਹਸਦਾ।

ਤੇਰੀ ਮਹਿਕ

ਇਹਨਾਂ ਵਗਦੀਆਂ ਸ਼ੋਖ ਹਵਾਵਾਂ ਵਿਚ,
ਤੇਰੀ ਮਹਿਕ ਜਿਹੀ ਵੀ ਆਉਂਦੀ ਏ।

ਝੱਟ ਬਾਹਾਂ ਖੂਬ ਖਿਲਾਰ ਮਿਲੇ,
ਲੱਗੇ ਸੀਨੇ ਦੇ ਨਾਲ ਲਾਉਂਦੀ ਏ।

ਜਦ ਵੀ ਛਤ ਉੱਤੇ ਚੜਦੀ ਹਾਂ,
ਕੋਈ ਸ਼ੋਖ ਜਿਹਾ ਬੁੱਲੈਹਾ ਆਵੇ।

ਮੈਨੂੰ ਜਾਪੇ ਓਹ ਪੈਗਾਮ ਤੇਰਾ,
ਮੇਰੇ ਕੰਨਾਂ ਤੱਕ ਪਹੁੰਚਾ ਜਾਵੇ।

ਭਿੰਨੀ ਭਿੰਨੀ ਜਿਹੀ ਖੁਸ਼ਬੂ ਆਵੇ,
ਮਨ ਮੰਦਿਰ ਨੂੰ ਮਹਿਕਾਉਂਦੀ ਏ।

ਅਕਸਰ ਜਦ ਪੌਣ ਰੁਮਕਦੀ ਏ,
ਤੇਰੀ ਮਹਿਕ ਜਿਹੀ ਵੀ ਆਉਂਦੀ ਏ।

ਰਾਜਨਦੀਪ ਦੀ ਪ੍ਰਤਿਭਾ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਭਾਂਪ ਕੇ ਉਨੈਹਾਂ ਦੇ ਦਿਲਾਂ ਦੀ ਹੂਕ ਬਣਕੇ ਸ਼ਬਦਾਂ ਦਾ ਅਜਿਹਾ ਮੀਂਹ ਵਰਸਾਉਂਦੀ ਹੈ ਕਿ ਇਸਤਰੀਆਂ ਰੋਣਹਾਕੀਆਂ ਹੋ ਜਾਂਦੀਆਂ ਹਨ ਕਿ ਕੋਈ ਤਾਂ ਉਨੈਹਾਂ ਦੇ ਦਰਦ ਨੂੰ ਸਮਝਣ ਦੀ ਸਮਰੱਥਾ ਰੱਖਦਾ ਹੈ। ਉਹ ਇਸਤਰੀਆਂ ਦੀਆਂ ਭਾਵਨਾਵਾਂ ਅਤੇ ਦਰਦ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਲੋਕਾਈ ਦਾ ਦਰਦ ਬਣਾਉਣ ਵਿਚ ਸਫਲ ਹੋਣ ਕਰਕੇ ਸਮਾਜਿਕ ਸਰੋਕ-ਾਰਾਂ ਦੀ ਕਵਿਤਰੀ ਬਣ ਗਈ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਜੇਕਰ ਇਨਸਾਨ ਦਾ ਇਰਾਦਾ ਦੈਰਿੜੈਹ, ਲਗਨ ਮਿਹਨਤ, ਦਿਆਨਤਦਾਰੀ ਅਤੇ ਆਪਣੇ ਨਿਸ਼ਾਨੇ ਪੈਰਤੀ ਵਚਨਬੱਧਤਾ ਹੋਵੇ ਤਾਂ ਸਫ਼ਲਤਾ ਪੈਰਾਪਤ ਕਰਨ ਦੇ ਰਾਹ ਵਿਚ ਕੋਈ ਰੋੜਾ ਅਟਕ ਨਹੀਂ ਸਕਦਾ ।ਰਾਜਨਦੀਪ ਕੌਰ ਮਾਨ ਦਾ ਪੈਂਡਾ ਮੁਸ਼ਕਲ ਉੱਬੜ ਖੁੱਬੜ ਅਤੇ ਕੰਡਿਆਲਾ ਸੀ ਪਰੰਤੂ ਉਸ ਦੀ ਪੈਰਤੀਬੱਧਤਾ ਨੇ ਸਫਲਤਾ ਪੈਰਾਪਤ ਕਰਨ ਵਿੱਚ ਯੋਗਦਾਨ ਪਾਇਆ ਹੈ ਆਸ ਕਰਦੇ ਹਾਂ ਕਿ ਕਲਮੀ ਖੇਤਰ ਵਿਚ ਤੇਜ਼ੀ ਨਾਲ ਉੱਭਰਦੀ ਇਹ ਕਵਿੱਤਰੀ ਸਾਹਿਤ ਖੇਤਰ ਵਿੱਚ ਹੋਰ ਬੁਲੰਦੀਆਂ ਤੇ ਪਹੁੰਚੇਗਾ ।

(6 ਫ਼ਰਵਰੀ ਜਨਮ ਦਿਵਸ 'ਤੇ)

ਗੁਰੂ ਨਾਨਕ ਦਰਬਾਰ ਵਿਚ ਕੀਰਤਨ ਦਾ ਮੁੱਢ ਬੰਨ੍ਹਣ ਵਾਲੇ ਭਾਈ ਮਰਦਾਨਾ ਜੀ

ਸਿੱਖ ਇਤਿਹਾਸ ਵਿਚ ਜਿਥੇ ਸ੍ਰੀ ਗੁਰੁ ਨਾਨਕ ਦੇਵ ਜੀ ਦਾ ਨਾਮ ਬੜੀ ਹੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਨਾਲ ਲਿਆ ਜਾਂਦਾ ਹੈ ਉਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਹੀ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਕਈ ਮੀਲ ਬਿਖਰਿਆਂ ਪੈਂਡਿਆਂ ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਵਿਚ ਬਾਬੇ ਦਾ ਡੱਟਵਾਂ ਸਾਥ ਦੇਣ ਵਾਲਿਆਂ ਵਿੱਚ ਭਾਈ ਮਰਦਾਨਾ ਜੀ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾਂਦਾ ਹੈ।

ਭਾਈ ਮਰਦਾਨਾ ਜੀ ਜਿਨ੍ਹਾਂ ਦਾ ਪਹਿਲਾ ਨਾਮ ਭਾਈ 'ਦਾਨਾ' ਸੀ, ਦਾ ਜਨਮ ੬ ਫਰਵਰੀ ੧੪੫੯ ਈ.ਨੂੰ ਪਿੰਡ ਤਲਵੰਡੀ(ਰਾਏ ਭੋਏ ਦੀ) ਦੇ ਵਸਨੀਕ ਚੌਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲੱਗਭਗ ਸਵਾ ੧੦ ਸਾਲ ਵੱਡੇ ਸਨ।ਮਿਰਾਸੀਆਂ ਦੇ ਘਰ ਦੀ ਪੈਦਾਇਸ਼ ਹੋਣ ਕਰਕੇ ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੁ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿੱਚ ਪੈ ਗਈ ਸੀ ਜੋ ਗੁਰੁ ਸਾਹਿਬ ਵੱਲੋਂ ਮਿਲੇ ਰੱਜਵੇਂ ਪਿਆਰ ਅਤੇ ਸਤਿਕਾਰ ਕਾਰਣ ਆਖ਼ਰੀ ਦਮ ਤੱਕ ਨਿਭਦੀ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ'ਵਰਗੀ ਭਰਾਤਰੀਭਾਵ ਵਾਲੀ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ,ਉਥੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਸਾਹਿਬ ਜਿਥੇ ਇੱਕ ਉੱਚਕੋਟੀ ਦੇ ਸੰਗੀਤਕਾਰ ਸਨ ਉਥੇ ਗੁਰੁ ਸਾਹਿਬ ਦੇ ਸੱਚੇ ਤੇ ਪੱਕੇ ਮਿੱਤਰ ਵੀ ਸਨ।

ਸੁੱਖ-ਦੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਵੱਲੋਂ ਕੁੱਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ।ਇਨ੍ਹਾਂ ਅਧਿਕਾਰਾਂ ਦੀ ਵਰਤੋਂ ਉਹ ਗੁਰੁ ਨਾਨਕ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਰਦੇ ਸਨ। ਭਾਈ ਸਾਹਿਬ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ ਜਿਨ੍ਹਾਂ ਵਿੱਚ ਭਾਈ ਨੀਰੂ ਦਾ ਨਾਮ ਵਰਨਣਯੋਗ ਹੈ।

ਭਾਈ ਮਰਦਾਨਾ ਜੀ ਦਾ ਇਹ ਵੀ ਇੱਕ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੁ ਨਾਨਕ ਸਾਹਿਬ ਦਾ ਵਡੇਰਾ ਅਤੇ ਲੰਮੇਰਾ (ਲੱਗਭਗ ਛੇ ਦਹਾਕੇ) ਸਾਥ

ਪ੍ਰਾਪਤ ਹੋਇਆ ਹੈ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ ਦਾ ਲੱਗਭਗ 40000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ "ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ"। ਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ। ਜਿਥੇ ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ ੧੯ ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ ਹਾਸਲ ਹੈ ਉਥੇ ਨਾਲ ਹੀ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਵੀ ਮਿਲਦਾ ਹੈ। ਇਹ ਮਾਣ-ਸਤਿਕਾਰ ਭਾਈ ਮਰਦਾਨਾ ਜੀ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤੱਕ ਬਣਿਆ ਆ ਰਿਹਾ ਹੈ।

ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਸ੍ਰੀ ਗੁਰੁ ਅਰਜਨ ਦੇਵ ਜੀ) ਅਤੇ ਛੇਵੀਂ (ਸ੍ਰੀ ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਹੀ ਖਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸ ਹੀ ਘਰਾਣੇ ਨਾਲ ਜੁੜਿਆ ਹੋਇਆ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਸ੍ਰੀ ਗੁਰੁ ਨਾਨਕ ਦੇਵ ਜੀ (ਆਪਣੀ ਚੌਥੀ ਉਦਾਸੀ ਸਮੇਂ) ਅਫਗਾਨਿਸਤਾਨ ਦੇ ਨਗਰ ਖੁਰਮ ਵਿਖੇ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਆਪਣੇ ਸੱਚੇ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਸਾਹਿਬ ਨੂੰ ਗਲ ਨਾਲ ਲਿਆ ਅਤੇ ਬਚਨ ਕੀਤਾ ਕਿ, "ਮਰਦਾਨਿਆਂ ਜੇ ਤੇਰਾ ਚਿਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂ ਪਾਣੀ ਵਿਚ ਸੁਟ ਦਿਆਂ,ਖੱਤਰੀ

ਰਮੇਸ਼ ਬੱਗਾ ਚੋਹਲਾ
91-94631-32719

ਵਾਂਗੂੰ ਸਾੜ ਦਿਆਂ,ਵੈਸ਼ ਵਾਗੂੰ ਹਵਾ ਵਿਚ ਉਡਾ ਦਿਆਂ ਜਾਂ ਫਿਰ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰ ਦਿਆਂ"।ਬਾਬੇ ਦੇ ਬਚਨਾਂ ਦਾ ਜਵਾਬ ਦਿੰਦਿਆ ਭਾਈ ਮਰਦਾਨੇ ਨੇ ਕਿਹਾ, "ਵਾਹ, ਬਾਬਾ ਵਾਹ ਅਜੇ ਵੀ ਸਰੀਰਾਂ ਦੇ ਚਕਰਾਂ ਵਿਚ ਹੀ ਪਾਈ ਜਾਨਾ"। ਬਾਬਾ ਫਿਰ ਬੋਲਿਆ, "ਭਾਈ ਮਰਦਾਨਿਆਂ ਜੇ ਤੂੰ ਕਹੇ ਤਾਂ ਤੇਰੀ ਸਮਾਧ ਬਣਾ ਦੇਈਏ"।

ਉਸ ਵਕਤ ਭਾਈ ਸਾਹਿਬ ਨੇ ਜੋ ਉੱਤਰ ਦਿੱਤਾ ਉਹ ਬਹੁਤ ਹੀ ਭਾਵਪੂਰਤ ਸੀ, " ਬਾਬਾ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਦੀ ਰੂਪੀ ਸਮਾਧ ਵਿਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ ਵਿਚ ਪਾਉਣਾ ਚਾਹੁੰਨਾ"।

ਆਪਣੇ ਸੱਚੇ ਅਤੇ ਪੱਕੇ ਸਾਥੀ ਸ੍ਰੀ ਗੁਰੁ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 27 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੋਤਿਕ ਸੰਸਾਰ ਤੋਂ ਰੁਖ਼ਸਾਤ ਪਾ ਗਏ। ਆਪਣੇ ਸੁੱਖ-ਦੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ੍ਰੀ ਗੁਰੁ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

ਗਾਇਕਾ ਗਿੰਨੀ ਮਾਹੀ ਦਾ ਧਾਰਮਿਕ ਗੀਤ, ਸਤਿਗੁਰਾਂ ਦੀ ਮਹਿੰਦੀ ਰਿਲੀਜ ਲਈ ਤਿਆਰ

ਲਸਾੜਾ/ਉੜਾਪੜ, ਬੱਗਾ ਸੇਲਕੀਆਣਾ- ਅਨੇਕਾਂ ਹਿੱਟ ਮਿਸ਼ਨਰੀ ਗੀਤਾਂ ਦੀ ਸੁਰੀਲੀ ਗਾਇਕਾ ਗਿੰਨੀ ਮਾਹੀ ਨੇ ਹੁਣ ਤੱਕ ਕਲਚਰ, ਧਾਰਮਿਕ, ਮਿਸ਼ਨਰੀ ਗੀਤ ਮਾਰਕੀਟ ਚ ਭੇਜੇ ਸਰੋਤਿਆ ਵਲੋ ਬਹੁਤ ਪਸੰਦ ਕੀਤੇ ਗਏ ਤੇ ਬੜਾ ਭਰਵਾ ਹੁੰਗਾਰਾ ਦਿਤਾ ਤੇ ਆਉਣ ਵਾਲੇ ਦਿਨਾਂ ਸਤਿਗੁਰੁ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਿੰਗਲ ਧਾਰਮਿਕ ਟਰੈਕ, ਸਤਿਗੁਰਾਂ ਦੀ ਮਹਿੰਦੀ, ਜੋ ਬਿਲਕੁਲ ਤਿਆਰ ਚੁੱਕੀ ਹੈ ਇਸ ਟਰੈਕ ਨੂੰ ਸਤਿਗੁਰ ਜੀ ਦੇ ਪ੍ਰਕਾਸ਼ ਦਿਵਸ ਤੇ ਸ਼ੋਸਲ ਮੀਡੀਆ ਉਪਰ ਬਹੁਤ ਵੱਡੇ ਪੱਧਰ ਤੇ ਸੰਗਤਾਂ ਦੇ ਸਨਮੁੱਖ ਕੀਤਾ ਰਿਹਾ ਹੈ ਇਸ ਟਰੈਕ ਸਬੰਧੀ ਜਾਣਕਾਰੀ ਦਿੰਦੇ ਹੋਏ ਗਾਇਕਾ ਗਿੰਨੀ ਮਾਹੀ ਨੇ ਦੱਸਿਆ ਕਿ ਇਸ ਗੀਤ ਨੂੰ ਸੰਦੀਪ ਗਰਚਾ ਨੇ ਕਲਮਬੱਧ ਕੀਤਾ ਤੇ ਇਸ ਦਾ ਮਿਊਜਿਕ ਅਮਰ ਦਾ ਮਿਊਜਿਕ ਮਿਰਰ ਵਲੋਂ ਤਿਆਰ ਕੀਤਾ ਗਿਆ ਤੇ ਇਸ ਦਾ ਵੀਡੀਓ ਬਾਬਾ ਕਮਲ ਨੇ ਤਿਆਰ ਕੀਤਾ ਤੇ ਇਸ ਪ੍ਰੋਜੈਕਟ ਨੂੰ ਧਨਪੱਤ ਰਾਏ ਯੂਐਸਏ ਤੇ ਨਾਮਵਰ ਕੰਪਨੀ ਡੀਐਸ ਮਿਊਜਿਕ ਦੇ ਲੇਬਲ ਤਹਿਤ ਨਾਮਵਰ ਮਿਸ਼ਨਰੀ ਸ਼ਖਸ਼ੀਅਤਾਂ ਵਲੋਂ ਰਿਲੀਜ ਕੀਤਾ ਜਾਵੇਗਾ ਇਸ ਪ੍ਰਜੈਕਟ ਨੂੰ ਤਿਆਰ ਕਰਨ ਲਈ ਰਕਪਾਮ, ਜਤਿਨ ਚੋਪੜਾ, ਡਾ ਮਿੰਟੂ ਭਾਟੀਆ, ਬੀਐਸ ਸਟੂਡੀਓ ਤੇ ਹੋਰਾਂ ਦਾ ਬਹੁਤ ਸਹਿਜੋਗ ਰਿਹਾ ਤੇ ਆਸ ਕਰਦੇ ਹਾਂ ਕਿ ਮੇਰੇ ਇਸ ਧਾਰਮਿਕ ਟਰੈਕ ਨੂੰ ਸੰਗਤਾਂ ਭਰਵਾਂ ਹੁੰਗਾਰਾ ਦੇਣਗੀਆਂ ਬਹੁਤ ਧੰਨਵਾਦ ਕਰਦੀ ਹਾਂ ਸਾਰੇ ਸਰੋਤਿਆਂ ਦਾ ਜੋ ਮੇਰੇ ਗੀਤਾਂ ਨੂੰ ਪਸੰਦ ਕਰ ਰਹੇ ਹਨ।

ਕਿਸਾਨੀ ਅੰਦੋਲਨ-ਸਰਕਾਰ ਦੀਆਂ ਸਾਜ਼ਿਸ਼ਾਂ ਰਹੀਆਂ ਨਾਕਾਮ

ਕਹਿੰਦੇ ਨੇ ਕਿ ਕਠਿਨ ਦੌਰ ਕੌਮਾਂ ਲਈ ਪ੍ਰੀਖਿਆ ਵਾਂਗ ਹੁੰਦੇ ਨੇ, 26 ਜਨਵਰੀ ਨੂੰ ਦਿੱਲੀ ਦੇ ਲਾਲ ਕਿਲੇ ਵਿੱਚ ਜੋ ਘਟਨਾ ਵਾਪਰੀ ਉਸ ਪ੍ਰਤੀ ਲੋਕਾਂ ਦੇ ਵੱਖਰੇ ਵੱਖਰੇ ਵਿਚਾਰ ਸਾਹਮਣੇ ਆ ਰਹੇ ਹਨ। ਕੋਈ ਇਸ ਕਦਮ ਦੀ ਸ਼ਲਾਘਾ ਕਰ ਰਿਹਾ ਹੈ, ਕੋਈ ਇਸ ਨੂੰ ਸਰਕਾਰ ਦੀ ਮਿਲੀ ਭੁਗਤ ਨਾਲ ਖੇਡੀ ਗਈ ਸਾਜ਼ਿਸ਼ ਮੰਨ ਰਿਹਾ ਕਿਸੇ ਦਾ ਮੰਨਣਾ ਹੈ ਕਿ ਦੀਪ ਸਿੰਧੂ ਨੇ ਸੰਘਰਸ਼ ਵਿੱਚ ਸ਼ਾਮਿਲ ਨਾ ਕਰਨ ਦਾ ਰੋਸ ਪ੍ਰਗਟ ਕੀਤਾ ਹੈ। ਮੁੱਕਦੀ ਗੱਲ ਜਿੰਨੇ ਮੂੰਹ ਓਨੀਆਂ ਗੱਲਾਂ। ਜੋ ਵੀ ਹੋਇਆ ਕਿਤੇ ਨਾ ਕਿਤੇ ਉਸਨੇ ਅੰਦੋਲਨ ਦੀਆਂ ਜੜਾਂ ਨੂੰ ਇੱਕ ਵਾਰ ਹਿਲਾ ਦਿੱਤਾ ਸੀ। ਜਦੋਂ ਕਿਸੇ ਰੁੱਖ ਦੀਆਂ ਜੜਾਂ ਹਿਲ ਜਾਵਣ ਤਾਂ ਉਸਨੂੰ ਪੁੱਟਣਾ ਅਸਾਨ ਹੋ ਜਾਂਦਾ। ਇਸ ਘਟਨਾ ਉਪਰੰਤ ਕੇਂਦਰ ਸਰਕਾਰ ਨੂੰ ਵੀ ਕੁਝ ਅਜਿਹਾ ਹੀ ਮਹਿਸੂਸ ਹੋਇਆ ਕਿ ਕਿਸਾਨਾਂ ਦੇ ਉੱਪਰ ਦੀ ਲੱਤ ਰੱਖਣ ਦਾ ਮੌਕਾ ਸਾਨੂੰ ਮਿਲ ਗਿਆ, ਕੇਂਦਰ ਦੇ ਮੰਤਰੀਆਂ ਦੀ ਵੀ ਇੱਕ ਆਸ ਦੀ ਕਿਰਨ ਜਾਗੀ ਕਿ ਖੋਰੇ ਹੁਣ ਕਿਸਾਨੀ ਅੰਦੋਲਨ ਨੂੰ ਆਪਣੀਆਂ ਕੋਝੀਆਂ ਚਾਲਾ ਖੇਡ ਕੇ ਆਪਣੇ ਨਿਯੰਤਰਣ ਹੇਠ ਕਰ ਲੈਣਗੇ। ਸਾਡੇ ਦੇਸ਼ ਦੀ ਸਰਕਾਰ ਨੇ ਇੱਕ ਛੋਟੀ ਜਿਹੀ ਘਟਨਾ ਪਿੱਛੇ ਇੱਕ ਵਾਰ ਫ਼ੇਰ ਆਪਣਾ ਤਾਨਾਸ਼ਾਹੀ ਰੂਪ ਪੇਸ਼ ਕਰਦਿਆਂ ਮਾਸੂਮ ਲੋਕਾਂ ਉੱਤੇ ਅੱਥਰੂ ਗੈਸ ਦੇ ਗੋਲੇ ਵਰਾਏ। ਡਾਂਗਾਂ ਨਾਲ ਜਵਾਨਾਂ ਦੇ ਸਿਰ ਦੋ ਫਾੜ ਕੀਤੇ, ਇੱਕ ਜਵਾਨ ਨੂੰ ਗੋਲੀ ਲੱਗੀ ਅਤੇ ਉਹ ਸ਼ਹੀਦੀ ਪ੍ਰਾਪਤ ਕਰ ਗਿਆ। ਹਾਲਾਤ ਅਜਿਹੇ ਬਣੇ ਕਿ ਇੱਕ ਵਾਰ ਤਾਂ ਸਾਰਿਆਂ ਨੇ ਦਿਲ ਛੱਡ ਦਿੱਤਾ। ਹਰ ਕਿਸਾਨ ਦੀ ਅੱਖ ਵਿੱਚ ਅੱਥਰੂ ਤੇ ਦੁੱਖ ਦੇ ਬੱਦਲ ਛਾਏ ਹੋਏ ਸਨ।

ਰਹਿੰਦੀ ਖੂੰਹਦੀ ਕਸਰ ਗੋਦੀ ਮੀਡੀਆ ਦੁਆਰਾ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਵਿਖਾਉਣ ਨੇ ਕਰ ਦਿੱਤੀ। ਇਸ ਸਾਰੀ ਸਾਜ਼ਿਸ਼ ਨੇ ਕਿਤੇ ਨਾ ਕਿਤੇ ਡਟੇ ਸੂਰਮਿਆਂ ਦੇ ਹੌਸਲੇ ਨੂੰ ਡਗਮਗਾਉਣ ਦੀ ਕੋਸ਼ਿਸ਼ ਕੀਤੀ। ਪਰ ਰਾਕੇਸ਼ ਟਾਕੈਤ ਦੇ ਦਰਦ ਭਰੇ ਬੋਲਾਂ ਅਤੇ ਆਸ ਦੇ ਬੁਝਦੇ ਦੀਵੇ ਵਿੱਚ ਤੇਲ ਦੀ ਜਗਾ ਆਪਣੇ ਹੰਝੂ ਪਾ ਅੰਦੋਲਨ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਇਸ ਦੀਵੇ ਦੀ ਲੋਅ ਨੇ ਐਸਾ ਚਾਨਣ ਕੀਤਾ ਕਿ ਕੇਂਦਰ ਸਰਕਾਰ ਦੀਆਂ ਕੋਝੀਆਂ, ਘਟੀਆ ਚਾਲਾਂ ਨੂੰ ਹਨੇਰੇ ਵਿੱਚ ਗਾਇਬ ਕਰ ਦਿੱਤਾ। ਰਾਕੇਸ਼ ਟਾਕੈਤ ਦੇ ਇਸ ਸਾਥ ਨੇ ਆਪਣੇ ਵੱਡੇ ਵੀਰ ਦੇ ਡਗਮਗਾ ਰਹੇ ਹੌਸਲੇ ਨੂੰ ਸੰਭਾਲਦਿਆਂ ਸਕੇ ਭਰਾ ਵਾਲਾ ਫਰਜ਼ ਨਿਭਾਇਆ। ਇਹ ਕਿਸਾਨ ਅੰਦੋਲਨ ਦਾ ਇੱਕ ਸੰਖੇਪ ਸਾਰ ਸੀ। ਪਰ ਇੱਥੇ ਇਹ ਵਿਚਾਰਨਾ ਵੀ ਬਹੁਤ ਜਰੂਰੀ ਹੈ ਕਿ ਅੱਜ ਦੇ ਮਾਹੌਲ ਵਿੱਚ ਆਪਣੇ ਆਪ ਨੂੰ ਕਿਸਾਨ ਅਖਵਾਉਣ ਵਾਲੇ ਹਰੇਕ ਸ਼ਖਸ ਦੇ ਸਿਰ ਉੱਪਰ ਬਹੁਤ ਵੱਡੀ ਜਿੰਮੇਵਾਰੀ ਹੈ। ਹਾਲਾਤ ਏਦਾਂ ਦੇ ਹਨ ਕਿ ਜੇਕਰ ਕਿਸੇ ਇੱਕ ਵੀ ਵਿਅਕਤੀ ਦੁਆਰਾ ਲਾਪਰਵਾਹੀ, ਬੇਸਮਝੀ ਜਾਂ ਹੁੱਲੜਬਾਜ਼ੀ ਵਿੱਚ ਕੰਮ ਕੀਤਾ ਗਿਆ ਤਾਂ ਸਾਡੇ ਪੂਰੇ ਕਿਸਾਨੀ ਅੰਦੋਲਨ ਨੂੰ ਢਾਹ ਲਾ ਸਕਦਾ ਹੈ । ਇਹ ਵੇਲਾ ਇੱਕ ਦੂਸਰੇ ਦੀਆਂ ਖਾਮੀਆਂ ਲੱਭਣ ਦਾ ਨਹੀਂ ਬਲਕਿ ਇੱਕ ਦੂਸਰੇ ਦੀ ਢਾਲ ਬਣਨ ਦਾ ਹੈ। ਜਿਵੇਂ ਮੈਂ ਪਹਿਲਾਂ ਕਿਹਾ ਕਿ ਜਿਸ ਰੁੱਖ ਦੀਆਂ ਜੜਾਂ ਹਿਲੀਆਂ ਹੋਣ ਉਸ ਰੁੱਖ ਨੂੰ ਪੁੱਟਣਾ ਕੋਈ ਔਖਾ ਕੰਮ ਨਹੀਂ ਹੁੰਦਾ। ਸੋ ਇਸ ਸਮੇਂ ਸਾਨੂੰ ਇੱਕ ਦੂਸਰੇ ਦੇ ਨਾਲ ਮਿਲ ਕੇ ਆਪਣੀਆਂ ਜੜਾਂ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਤਾਨਾਸ਼ਾਹੀ ਸਰਕਾਰ ਦੀਆਂ ਕੋਝੀਆਂ ਸਾਜ਼ਿਸ਼ਾਂ ਦੇ ਕਿੰਨੇ ਵੀ ਝੱਖੜ ਕਿਉਂ ਨਾ ਆਉਣ, ਓਹ ਸਾਨੂੰ ਕਦੇ ਹਿਲਾ ਨਹੀਂ ਸਕਣਗੇ। ਪਰ ਜਿਵੇਂ ਰੁੱਖ ਨੂੰ ਵੱਢਣ ਲੱਗਿਆ ਜਿਸ ਕੁਹਾੜੇ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਵਿੱਚ ਦਸਤਾ ਲੱਕੜ ਦਾ ਹੀ ਹੁੰਦਾ, ਇਸੇ ਤਰਾਂ ਕੁਝ ਆਪਣੇ ਵਿਚੋਂ ਹੀ ਗੱਦਾਰ ਲੋਕ ਸਰਕਾਰ ਦੀਆਂ ਚਾਲਾਂ ਨੂੰ ਸਿਰੇ ਲਾਉਣ ਵਿੱਚ ਉਸਦੀ ਮਦਦ ਕਰ ਰਹੇ ਹਨ। ਇਹ ਵੇਲਾ ਜੋਸ਼ ਤੋਂ ਨਹੀਂ ਬਲਕਿ ਹੋਸ਼ ਤੋਂ ਕੰਮ ਲੈਣ ਦਾ ਹੈ।

ਹਿੱਕ ਠੋਕ ਕੇ ਡਟੇ ਰਹਿਣ ਦੀ ਸਮਾਂ ਹੈ , ਗੁਰੂ ਪਾਤਸ਼ਾਹ ਦੀ ਇਲਾਹੀ ਬਾਣੀ ਦਾ ਓਟ ਆਸਰਾ ਲੈ, ਹੌਸਲੇ ਬੁਲੰਦ ਰੱਖ ਅਸੀਂ ਸਾਰਿਆਂ ਆਪਣੇ ਇਸ ਕਿਸਾਨੀ ਅੰਦੋਲਨ ਨੂੰ ਇਸਦੇ ਸਕਾਰਾਤਮਕ ਅੰਜਾਮ ਤੱਕ ਪੁਹੰਚਾਉਣਾ ਹੈ । ਜੇਕਰ ਇਕੱਠੇ ਰਹਾਂਗੇ ਤਾਂ ਕੋਈ ਸਾਜ਼ਿਸ਼ ਸਾਨੂੰ ਹਰਾ ਨਹੀਂ ਸਕਦੀ ਜੇ ਬਿਖਰ ਗਏ ਤਾਂ ਭਰਾ -ਭਰਾ ਦਾ ਵੈਰੀ ਬਨਣ ਲੱਗਿਆ ਕੋਈ ਜਿਆਦਾ ਸਮਾਂ ਨਹੀਂ ਲੱਗੇਗਾ।



ਹਰਕੀਰਤ ਕੌਰ ਸਭਰਾ
9779118066

ਧਾਰਮਿਕ ਜੱਥੇਬੰਦੀਆਂ ਦੀ ਮਹਤੱਤਾ ਬਨਾਮ ਸਿੱਖ ਜਥੇਬੰਦੀਆਂ

ਜਸਵੰਤ ਸਿੰਘ 'ਅਜੀਤ'
91 9 827-19890

ਕਿਸੇ ਸਮੇਂ, ਗਿਆਨੀ ਗੁਰਦਿਤ ਸਿੰਘ ਸੰਪਾਦਤ ਪੁਸਤਕ 'ਸਿੱਖ ਜਥੇਬੰਦੀ' ਪੜ੍ਹਨ ਦਾ ਮੌਕਾ ਮਿਲਿਆ। ਉਸ ਵਿੱਚਲੇ ਇਕ ਮਜ਼ਮੂਨ, 'ਜੱਥੇਬੰਦੀ ਅਤੇ ਸਿੱਖ ਜੱਥੇਬੰਦੀ' ਵਿੱਚ ਗਿਆਨੀ ਗੁਰਦਿਤ ਸਿੰਘ ਨੇ ਜੱਥੇਬੰਦੀ ਦੀ ਮਹਤੱਤਾ ਦਾ ਜ਼ਿਕਰ ਕਰਦਿਆਂ, ਸਭ ਤੋਂ ਪਹਿਲਾਂ ਬੁੱਧਮਤ ਵਿੱਚ ਜੱਥੇਬੰਦੀ ਦੀ ਮਹਤੱਤਾ ਦਾ ਉਦਾਹਰਣ ਦਿੰਦਿਆਂ ਦਸਿਆ ਕਿ ਮਹਾਤਮਾ ਬੁੱਧ ਇਕ ਵਾਰ ਵੈਸ਼ਾਲੀ ਦੇ ਮੁਕਾਮ ਤੇ ਠਹਿਰੇ ਹੋਏ ਸਨ। ਉਥੋਂ ਦੇ ਰਾਜਿਆਂ ਅਤੇ ਰਾਜਕੁਮਾਰਾਂ ਦੀ ਅਗਵਾਈ ਵਿੱਚ ਕੰਮ ਕਰ ਰਹੇ ਸੰਗਠਨ ਦੀ ਸੁੰਦਰ ਵਿਵਸਥਾ ਅਤੇ ਚੰਗੇ ਪ੍ਰਬੰਧ ਨੂੰ ਵੇਖ ਕੇ ਉਹ ਬਹੁਤ ਹੀ ਪ੍ਰਭਾਵਤ ਹੋਏ। ਉਨ੍ਹਾਂ ਦੇ ਦਿੱਲ ਵਿੱਚ ਇਹ ਸੋਚ ਉਭਰੀ ਕਿ ਕਿਉਂ ਨਾ ਇਸੇ ਵਿਵਸਥਾ ਦੇ ਆਧਾਰ ਤੇ ਬੁਧ-ਭਿਖਸ਼ੂਆਂ ਦੇ ਸੰਗਠਨ ਨੂੰ ਵੀ ਜਥੇਬੰਦ ਕੀਤਾ ਜਾਏ। ਇਹ ਸੋਚ ਆਉਣ ਤੇ ਉਨ੍ਹਾਂ ਆਪਣੇ ਸਕੱਤ੍ਰ ਅਨੰਦ, ਜੋ ਉਨ੍ਹਾਂ ਦਾ ਭਤੀਜਾ ਸੀ, ਨੂੰ ਕਿਹਾ ਕਿ ਵੈਸ਼ਾਲੀ ਦੇ ਰਾਜਿਆਂ ਦਾ ਰਾਜ-ਪ੍ਰਬੰਧ ਬਹੁਤ ਹੀ ਉਤਮ ਅਤੇ ਮਰਿਆਦਾ-ਪੂਰਣ ਤਰੀਕੇ ਨਾਲ ਚਲ ਰਿਹਾ ਹੈ। ਕੋਈ ਕਿਸੇ ਨਾਲ ਝਗੜਾ ਨਹੀਂ ਕਰਦਾ, ਸਾਰੇ ਹੀ ਆਪੋ-ਆਪਣੀ ਥਾਂ ਨੀਯਤ ਮਰਿਆਦਾ ਅਨੁਸਾਰ ਕਾਰਜਾਂ ਦੀਆਂ ਜ਼ਿਮੇਂਦਾਰੀਆਂ ਨਿਭਾਉਂਦੇ ਹਨ। ਨੀਯਤ ਸਮੇਂ ਤੇ ਪ੍ਰਬੰਧ ਬਦਲਣ ਵਿੱਚ ਕੋਈ ਹਿਚਕਿਚਾਹਟ ਨਹੀਂ ਵਿਖਾਈ ਜਾਂਦੀ। ਜੋ ਕਿਸੇ ਸਮੇਂ ਧੂਮ-ਧੜਾਕੇ ਨਾਲ ਅਹੁਦਾ ਸੰਭਾਲਦੇ ਹਨ, ਉਹ ਸਮਾਂ ਆਉਣ ਤੇ ਬਹੁਤ ਹੀ ਸਰਲਤਾ ਨਾਲ ਅਹੁਦਾ ਤਿਆਗ ਦਿੰਦੇ ਹਨ। ਉਨ੍ਹਾਂ ਅਨੰਦ ਨੂੰ ਸਲਾਹ ਦਿਤੀ ਕਿ ਉਹ ਆਪ ਵੈਸ਼ਾਲੀ-ਸੰਘ ਦੇ ਰਾਜ ਪ੍ਰਬੰਧਕਾਂ ਪਾਸ ਜਾ ਕੇ ਪਤਾ ਕਰੇ ਕਿ ਉਨ੍ਹਾਂ ਦੀ ਰਾਜ-ਪ੍ਰਬੰਧ ਸਬੰਧੀ ਨਿਯਮਾਵਲੀ ਕੀ ਹੈ ਅਤੇ ਉਸ ਅਨੁਸਾਰ ਉਹ ਕਿਵੇਂ ਆਚਰਣ ਦਾ ਪਾਲਣ ਕਰਦੇ ਹਨ, ਤਾਂ ਜੋ ਬੌਧੀ ਸੰਘ ਲਈ ਵੀ ਉਹੋ ਜਿਹੇ ਹੀ ਅਸੂਲ ਸਥਾਪਤ ਕਰ ਉਸਦਾ ਇਕ ਧਰਮ-ਸੰਗਠਨ ਬਣਾਇਆ ਜਾਏ।

ਇਸ ਤੋਂ ਬਾਅਦ ਉਨ੍ਹਾਂ ਈਸਾਈ ਜਥੇਬੰਦੀ ਦੀ ਚਰਚਾ ਕਰਦਿਆਂ ਲਿਖਿਆ ਕਿ ਈਸਾਈ ਧਰਮ ਦੇ ਮਿਸ਼ਨਰੀ, ਆਪਣੀ ਸੇਵਾ-ਸਾਧਨਾ ਨੂੰ ਰੱਜ ਕੇ ਵਰਤਣ ਦੀ ਇੱਛਾ ਦੇ ਅਧੀਨ, ਆਪਣੇ ਸੁਸਿਖਿਅਤ ਹੋਣ ਦਾ ਲਾਭ ਉਠਾਉਂਦਿਆਂ, ਨਿਸ਼ਠਾ ਨਾਲ ਦਿਨ-ਰਾਤ ਜੁਟੇ ਹੋਏ ਹਨ, ਜਿਸ ਕਾਰਣ ਉਨ੍ਹਾਂ ਦੇ ਧਰਮ ਨੇ ਬਹੁਤ ਉਨੱਤੀ ਕੀਤੀ ਹੈ। ਜਿੱਥੇ ਗ਼ਰੀਬੀ ਤੇ ਦਰਿਦਰਤਾ ਹੈ, ਲੋਕਾਂ ਵਿੱਚ ਭੁਖ ਹੈ, ਈਸਾਈ ਮਿਸ਼ਨਰੀ ਉਥੇ ਰੱਬੀ ਸੱਦਾ ਸਮਝ ਕੇ, ਬਿਨਾ ਕੋਈ ਦੇਰੀ ਕੀਤਿਆਂ ਜੱਥੇ ਬਣਾ ਕੇ ਸੇਵਾ ਲਈ ਪੁਜ ਜਾਂਦੇ ਹਨ। ੩ਇਨ੍ਹਾਂ ਦੇ ਵਿਦਿਅਕ ਪ੍ਰਬੰਧ ਅਤੇ ਹਸਪਤਾਲਾਂ ਦੀ ਪ੍ਰਬੀਨਤਾ ਇਤਨੀ ਉਤਮ ਹੈ ਕਿ ਹਰ ਵਿਅਕਤੀ ਦੀ ਸਭ ਤੋਂ ਪਹਿਲੀ ਇਹੀ ਇੱਛਾ ਹੁੰਦੀ ਹੈ ਕਿ ਜੇ ਉਹ ਆਪਣਾ ਬੱਚਾ ਪੜ੍ਹਾਏ ਤਾਂ ਈਸਾਈਆਂ ਦੇ ਸਕੂਲ ਵਿੱਚ ਹੀ ਅਤੇ ਜੇ ਬੀਮਾਰੀ ਦਾ ਇਲਾਜ ਕਰਾਏ ਤਾਂ ਉਨ੍ਹਾਂ ਦੇ ਹੀ ਹਸਪਤਾਲ ਵਿੱਚ।

ਉਨ੍ਹਾਂ ਇਸਲਾਮ ਦੀ ਗਲ ਕਰਦਿਆਂ ਲਿਖਿਆ ਕਿ ਇਸਲਾਮ ਵਿੱਚ ਜਮਾਤ ਨੂੰ ਹੀ ਕਰਾਮਾਤ ਮੰਨਿਆ ਜਾਂਦਾ ਹੈ। ਇਕੋ ਤਰ੍ਹਾਂ ਦੀ ਜੀਵਨ-ਸ਼ੈਲੀ ਨੂੰ ਅਪਨਾਣ ਤੇ ਜ਼ੋਰ ਦਿੱਤਾ ਜਾਂਦਾ ਹੈ। ਹਜ਼ਾਰਾਂ, ਸਗੋਂ ਲੱਖਾਂ ਦਾ ਇਕੱਠ ਇਕ ਸਮੇਂ ਨਿਯਮ ਦਾ ਪਾਲਣ ਕਰਦਿਆਂ ਨਮਾਜ਼ ਪੜ੍ਹਨ ਸਮੇਂ ਇੱਕ ਕਤਾਰ ਵਿੱਚ ਇਕੋ ਤਰੀਕੇ ਨਾਲ ਸਾਰੀ ਰਸਮ ਨੂੰ ਪੂਰਿਆਂ ਕਰਦਾ ਹੈ, ਜੋ ਕਿ ਜਮਾਤ ਦੀ ਜ਼ਾਹਿਰਾ ਕਰਾਮਾਤ ਹੈ। ਇਸਦੇ ਨਾਲ ਹੀ ਉਹ ਲਿਖਦੇ ਹਨ ਕਿ ਇਸਲਾਮ ਦੀ ਤੰਗ-ਨਜ਼ਰੀ ਤੇ ਜਨੂੰਨ ਉਸਦੇ ਵਰਤਮਾਨ ਸੰਸਾਰ ਵਿੱਚ ਵਧਣ-ਫੁਲਣ ਵਿੱਚ ਰੁਕਾਵਟ ਹੈ, ਜਿਸਨੂੰ ਉਸਦੇ ਪੈਰੋਕਾਰ ਜਨੂੰਨੀ 'ਧੱਕੇ' ਨਾਲ ਪੂਰਿਆਂ ਕਰ ਲੈਂਦੇ ਹਨ।

ਉਹ ਸਵੀਕਾਰਦੇ ਹਨ ਕਿ ਇਨ੍ਹਾਂ ਮਜ਼ਹਬਾਂ ਦੀ ਉਨਤੀ ਅਤੇ ਇਨ੍ਹਾਂ ਦੇ ਵੱਧਣ-ਫੁਲਣ ਪਿੱਛੇ, ਉਨ੍ਹਾਂ ਦੇ ਪੈਰੋਕਾਰਾਂ ਦੀ ਨਿਸ਼ਠਾ, ਉਨ੍ਹਾਂ ਦੇ ਆਪਸੀ ਸਨੇਹ, ਉਨ੍ਹਾਂ ਵਿੱਚਲੀ ਆਪਣੇ ਮਜ਼ਹਬ ਲਈ ਕੁਝ ਕਰਨ ਦੀ ਤੰਮਨਾ ਅਤੇ ਜਥੇਬੰਦੀ ਰਾਹੀਂ ਕੁਝ ਕਰ ਵਿਖਾਉਣ ਦਾ ਜਜ਼ਬਾ ਕੰਮ ਕਰ ਰਿਹਾ ਹੈ।

ਗਿਆਨੀ ਗੁਰਦਿਤ ਸਿੰਘ ਅਨੁਸਾਰ, ਸਿੱਖ ਪੰਥ ਦੇ ਵਧੱਣ-ਫੁਲਣ ਦੇ ਪਿੱਛੇ, ਜੋ ਵਰਨਣਯੋਗ ਕਾਰਣ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਡਾ ਕਾਰਣ ਸੰਗਤਾਂ ਦੀ ਸਥਾਪਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਜਾਂਦੇ ਸਨ, ਉਥੇ ਹੀ ਸੰਗਤ ਕਾਇਮ ਕਰਦੇ ਸਨ। ਇਸਤਰ੍ਹਾਂ ਉਨ੍ਹਾਂ ਸੰਗਤਾਂ ਦਾ ਜਾਲ ਵਿੱਛਾ ਦਿੱਤਾ। ਸੰਗਤਾਂ ਕਾਇਮ ਹੋਣ ਦੇ ਨਾਲ ਹੀ ਉਨ੍ਹਾਂ ਦੇ ਮਿਲ ਬੈਠਣ ਲਈ ਧਰਮਸ਼ਾਲਾਵਾਂ ਸਥਾਪਤ ਕੀਤੀਆਂ ਗਈਆਂ।

ਪ੍ਰਿੰਸੀਪਲ ਹਰਿਭਜਨ ਸਿੰਘ ਨੇ ਸੰਗਤ ਅਤੇ ਧਰਮਸਾਲ ਦੀ ਪਰਿਭਾਸ਼ਾ ਦਾ ਵਰਨਣ ਕਰਦਿਆਂ ਲਿਖਿਆ ਹੈ, '(ਜਦੋਂ) ਸਤਿਗੁਰ ਨਾਨਕ ਦੇਵ ਜੀ ਪ੍ਰਭੂ ਨਾਲ ਇਕ-ਸੁਰ ਹੋਏ ਤਾਂ ਉਨ੍ਹਾਂ ਮਨੁੱਖ-ਮਾਤ੍ਰ ਦੀ ਸੁੱਖ-ਸ਼ਾਂਤੀ ਤੇ ਉਸਦੇ ਕਲਿਆਣ ਲਈ 'ਸਗਲੀ ਚਿੰਤਾ' ਮਿਟਾ ਦੇਣ ਵਾਲੀ 'ਧੁਰ ਕੀ ਬਾਣੀ' ਰਚੀ। ਇਸ ਬਾਣੀ ਦੇ ਪਠਨ-ਪਾਠ ਅਤੇ ਵਿਚਾਰ ਲਈ ਸੰਗਤਾਂ ਕਾਇਮ ਕੀਤੀਆਂ ਗਈਆਂ। ਇਨ੍ਹਾਂ ਸੰਗਤਾਂ ਦੇ ਮਿਲ-ਬੈਠਣ ਲਈ ਕਿਸੇ ਸਾਂਝੇ ਅਸਥਾਨ ਦੀ ਸਥਾਪਨਾ ਕਰਨ ਦੀ ਲੋੜ ਪਈ, ਅਜਿਹੇ ਅਸਥਾਨਾਂ ਨੂੰ ਧਰਮਸਾਲ, ਅਰਥਾਤ ਗੁਰਦੁਆਰੇ, ਦੀ ਸੰਗਿਆ ਦਿੱਤੀ ਗਈ।੩ਸੋ ਇਸਤਰ੍ਹਾਂ ਗੁਰਬਾਣੀ, ਸੰਗਤ ਤੇ ਧਰਮਸਾਲ ਆਪੋ ਵਿੱਚ ਅਨਿੱਖੜ ਵਸਤਾਂ ਬਣ ਗਈਆਂ ਅਤੇ ਇਨ੍ਹਾਂ ਤਿੰਨਾਂ ਦੀ ਸਹੀ ਵਰਤੋਂ-ਵਿਹਾਰ ਵਿੱਚ ਹੀ ਸਿੱਖ ਅਥਵਾ ਪ੍ਰਾਣੀ ਮਾਤਰ ਦੇ ਕਲਿਆਣ ਦਾ ਭੇਦ ਭਰ ਦਿੱਤਾ ਗਿਆ'।

ਉਨ੍ਹਾਂ ਵਲੋਂ ਸੰਗਤ ਅਤੇ ਧਰਮਸਾਲ ਕੀਤੀ ਗਈ ਇਹ ਪਰਿਭਾਸ਼ਾ, ਇਸ ਗਲ ਦੀ ਪ੍ਰਤੀਕ ਹੈ ਕਿ 'ਧਰਮਸਾਲ', ਜਿਸਨੂੰ ਬਾਅਦ ਵਿੱਚ 'ਗੁਰਦੁਆਰੇ' ਦਾ ਨਾਂ ਦਿਤਾ ਗਿਆ, ਦੀ ਸਥਾਪਨਾ ਇਸ ਉਦੇਸ਼ ਨਾਲ ਕੀਤੀ ਗਈ ਸੀ ਕਿ ਇਥੇ ਸੰਗਤਾਂ ਇੱਕਤਰ ਹੋ, 'ਧੁਰ ਕੀ ਬਾਣੀ' ਦਾ ਗਾਇਨ ਅਤੇ ਸ੍ਰਵਣ ਕਰਨਗੀਆਂ ਅਤੇ ਉਸ 'ਤੇ ਵਿਚਾਰ ਕਰ ਆਪਣਾ ਜੀਵਨ ਸਫਲਾ ਕਰ ਲੈਣਗੀਆਂ।

ਇਨ੍ਹਾਂ ਧਰਮਸ਼ਾਲਾਵਾਂ ਵਿੱਚ ਸੰਗਤਾਂ ਆਪੋ ਵਿੱਚ ਜੁੜ ਬੈਠਦੀਆਂ, ਆਪਸੀ ਭਾਵਨਾਵਾਂ ਨੂੰ ਸਾਂਝਿਆਂ ਕਰਦੀਆਂ ਅਤੇ ਗੁਰੂ ਸਾਹਿਬ ਵਲੋਂ ਮਨੁੱਖ-ਮਾਤ੍ਰ ਦੀ ਭਲਾਈ ਤੇ ਸਰਬ-ਸਾਂਝੀਵਾਲਤਾ ਦੇ ਵਿਖਾਏ ਮਾਰਗ ਤੇ ਚਲਦਿਆਂ ਸਿੱਖੀ ਦਾ ਪ੍ਰਚਾਰ ਕਰਦੀਆਂ। ਇਸੇ ਮਾਰਗ ਤੇ ਚਲਦਿਆਂ ਹੋਇਆਂ ਹੀ ਸਿੱਖਾਂ ਵਿੱਚ ਪਰਉਪਕਾਰ ਅਤੇ ਲੋਕ-ਭਲਾਈ ਦੀ ਭਾਵਨਾ ਪ੍ਰਜਵਲਿਤ ਹੋਈ ਅਤੇ ਗੁਰੂ ਸਾਹਿਬ ਦੇ ਆਦਰਸ਼ਾਂ ਪੁਰ ਪਹਿਰਾ ਦੇਣ ਵਾਲੇ ਜਾਤ-ਪਾਤ ਰਹਿਤ ਅਤੇ ਤ੍ਰਿਸ਼ਨਾ-ਹੀਨ ਮਨੁਖ ਦੀ ਸਿਰਜਨਾ ਹੋਈ।

...'ਤੇ ਸਿੱਖ ਸੰਸਥਾ ਟੁੱਟਣ ਲਗੀ: ਗੁਰੂ ਸਾਹਿਬਾਨ ਦੇ ਸਮੇਂ ਅਤੇ ਉਸ ਤੋਂ ਬਾਅਦ ਸਿੱਖੀ ਪੁਰ ਛੋਟੇ-ਵੱਡੇ ਅਨੇਕਾਂ ਸੰਕਟ ਆਏ। ਗੁਰੂ ਸਾਹਿਬਾਨ ਵਲੋਂ ਸਥਾਪਤ ਤ੍ਰਿਸ਼ਨਾ, ਕਾਮਨਾ ਅਤੇ ਲਾਲਸਾ-ਹੀਨ ਜਥੇਬੰਦੀ ਨੇ ਉਨ੍ਹਾਂ ਦਾ ਡੱਟ ਕੇ ਸਾਹਮਣਾ ਕੀਤਾ। ਪ੍ਰੰਤੂ ਜਦੋਂ ਸੱਤਾ-ਲਾਲਸਾ ਸਿੱਖ ਮੁਖੀਆਂ ਦੇ ਦਿਲਾਂ ਵਿੱਚ ਘਰ ਕਰਨ ਲਗੀ ਤਾਂ ਇਸ ਜਥੇਬੰਧਕ ਸ਼ਕਤੀ ਵਿੱਚ ਤਰੇੜਾਂ ਉਭਰਨ ਲਗੀਆਂ। ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਇਨਸਾਫ-ਭਰਪੂਰ ਤੇ ਸਰਬ-ਸਾਂਝੀਵਾਲਤਾ ਦਾ ਵਾਤਾਵਰਣ ਕਾਇਮ ਰਿਹਾ. ਪ੍ਰੰਤੂ ਸੱਤਾ-ਸੁਖ ਮਾਣਦਿਆਂ ਸਿੱਖੀ ਦੀਆਂ ਮਾਨਤਾਵਾਂ, ਮਰਿਆਦਾਵਾਂ ਅਤੇ ਪਰੰਪਰਾਵਾਂ ਨੂੰ ਅਣਗੋਲਿਆਂ ਕੀਤਾ ਜਾਣ ਲਗਾ।

ਰਾਜ-ਸੱਤਾ ਘਰੋਗੀ ਅਤੇ ਖਾਨਦਾਨੀ ਬਣ ਜਾਣ ਕਾਰਣ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿੱਚ ਅਜਿਹੀ ਭਿਆਨਕ ਖਾਨਾਜੰਗੀ ਮੱਚੀ ਕਿ ਅਨੇਕਾਂ ਘਾਲਣਾਵਾਂ ਰਾਹੀਂ ਉਨ੍ਹਾਂ ਵਲੋਂ ਕਾਇਮ ਕੀਤੇ ਰਾਜ ਸਮੇਤ, ਉਨ੍ਹਾਂ ਦਾ ਸਮੁਚਾ ਖਾਨਦਾਨ ਹੀ ਟੋਟੇ-ਟੋਟੇ ਹੋ ਗਿਆ। ਸਿੱਖਾਂ ਦੀ ਗਿਣਤੀ ਸਵਾ ਕਰੋੜ ਤੋਂ ਘਟ ਕੇ 25 ਲੱਖ ਦੇ ਕਰੀਬ ਰਹਿ ਗਈ।

ਸਮਾਂ ਬਦਲਿਆ: ਸਮੇਂ ਦੇ ਬੀਤਣ ਨਾਲ ਸਿੱਖ ਜਥੇਬੰਦੀ ਦਾ ਸਰੂਪ ਵੀ ਬਦਲਦਾ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਗੁਰਧਾਮਾਂ ਪੁਰ ਕਾਬਜ਼ ਹੋਏ ਮਹੰਤਾਂ ਨੇ ਗੁਰਧਾਮਾਂ ਦੀਆਂ ਸਥਾਪਤ ਮਰਿਆਦਾਵਾਂ ਨੂੰ ਬਦਲਣਾ ਅਤੇ ਉਨ੍ਹਾਂ ਦੀ ਪਵਿਤ੍ਰਤਾ ਨੂੰ ਭੰਗ ਕਰਨਾ ਸ਼ੁਰੂ ਕਰ ਦਿਤਾ। ਮਹੰਤਾਂ ਦੇ ਚੰਗੁਲ ਵਿਚੋਂ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਵਿਢਿਆ ਗਿਆ। ਅਨੇਕਾਂ ਕੁਰਬਾਨੀਆਂ ਤੋਂ ਬਾਅਦ ਗੁਰਧਾਮ ਆਜ਼ਾਦ ਹੋਏ। ਜਿਨ੍ਹਾਂ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਅਤੇ ਉਸਨੂੰ ਇਸ ਕੰਮ ਵਿੱਚ ਸਹਿਯੋਗ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ। ਕੁਝ ਹੋਰ ਸਮਾਂ ਬੀਤਿਆ! ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨ ਅਤੇ ਸਥਾਪਤ ਮਰਿਆਦਾਵਾਂ ਨੂੰ ਬਹਾਲ ਕਰੀ ਰਖਣ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਕਰਨ ਦੀ ਬਜਾਏ, ਉਸ ਪੁਰ ਜੂਲਾ ਪਾ ਕੇ, ਉਸਨੂੰ ਆਪਣੀ ਸੱਤਾ ਲਾਲਸਾ ਨੂੰ ਪੂਰਿਆਂ ਕਰਨ ਲਈ ਪੌੜੀ ਵਜੋਂ ਵਰਤਣਾ ਸ਼ੁਰੂ ਕਰ ਦਿਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਪੁਰ ਕਬਜ਼ਾ ਕਰ ਉਸਨੂੰ ਆਪਣੇ ਰਾਜਨੈਤਿਕ ਸੁਆਰਥ ਲਈ ਵਰਤਣ ਦੀ ਲਾਲਸਾ ਨੇ ਅਕਾਲੀ ਦਲ ਦੇ ਨਾਂ ਤੇ ਕਈ ਦੁਕਾਨਾਂ ਖੁਲਵਾ ਦਿੱਤੀਆਂ।

ਇਸਦੇ ਨਾਲ ਹੀ ਅਸਲੀ ਅਕਾਲੀ ਦਲ ਅਤੇ ਪੰਥਕ ਜਥੇਬੰਦੀ ਹੋਣ ਦੀ ਪ੍ਰੀਭਾਸ਼ਾ ਵੀ ਬਦਲ ਕੇ ਇਹ ਮੰਨੀ ਜਾਣ ਲਗੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਪੁਰ ਜਿਸਦਾ ਕਬਜ਼ਾ ਹੈ, ਉਹੀ ਅਸਲੀ ਅਕਾਲੀ ਦਲ ਅਤੇ ਪੰਥਕ ਜਥੇਬੰਦੀ ਹੈ।

ਬਾਕੀ ਸਭ ਜਾਪਾਨੀ ਅਤੇ ਪੰਥ-ਵਿਰੋਧੀ ਹਨ। ਇਸੇ ਪ੍ਰੀਭਾਸ਼ਾ ਦੇ ਆਧਾਰ ਤੇ ਹੀ ਇਹ ਵੀ ਕਿਹਾ ਜਾਣ ਲਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਰ ਜਿਸ ਅਕਾਲੀ ਦਲ ਦਾ ਕਬਜ਼ਾ ਹੈ, ਉਹੀ ਅਸਲੀ ਸ਼੍ਰੋਮਣੀ ਅਕਾਲੀ ਦਲ ਤੇ ਪੰਥਕ ਜਥੇਬੰਦੀ ਹੈ ਅਤੇ ਉਸ ਸ਼੍ਰੋਮਣੀ ਅਕਾਲੀ ਦਲ ਪੁਰ ਜਿਸਦਾ ਕਬਜ਼ਾ ਹੈ, ਉਹੀ 'ਤੇ ਉਸਦੇ ਪੈਰੋਕਾਰ ਹੀ ਸਿੱਖ ਹਨ, ਬਾਕੀ ਸਾਰੇ ਕਾਂਗ੍ਰਸੀ ਅਤੇ ਸਿੱਖੀ ਦੇ ਦੁਸ਼ਮਣ।

ਅਤੇ ਅੰਤ ਵਿੱਚ: ਮੰਨਿਆ ਜਾਂਦਾ ਹੈ ਕਿ 37-ਕੁ ਵਰ੍ਹੇ ਪਹਿਲਾਂ ਵਾਪਰੇ ਨੀਲਾਤਾਰਾ ਸਾਕੇ ਦੌਰਾਨ ਭਾਰਤੀ ਫੌਜ ਨੇ ਤਾਂ ਸ੍ਰੀ ਅਕਾਲ ਤਖਤ ਦੀ ਇਮਾਰਤ ਨੂੰ ਹੀ ਢਾਹਿਆ ਸੀ, ਪਰ ਇਸ ਸਮੇਂ ਦੌਰਾਨ ਸ੍ਰੀ ਅਕਾਲ ਤਖਤ ਦੀ ਮਰਿਆਦਾ ਨੂੰ ਤਾਂ ਸਾਡੇ ਆਪਣਿਆਂ ਨੇ ਹੀ ਆਪਣੀ ਸੱਤਾ-ਲਾਲਸਾ ਨੂੰ ਪੂਰਿਆਂ ਕਰਨ ਲਈ ਢਾਹ ਢੇਰੀ ਕਰ ਦਿੱਤਾ ਹੈ।

ਪੁਰਾਤਨ ਵਸਤਾਂ ਸਾਂਭੀ ਬੈਠਾ "ਹਰਮੀਤ ਸਿੰਘ ਧਾਲੀਵਾਲ"

ਤਸਵਿੰਦਰ ਸਿੰਘ ਬੜੈਚ
91-98763-22677

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ। ਇਹ ਗੱਲ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਦੂਹੇਵਾਲ ਦੇ ਵਸਨੀਕ ਨੋਜਵਾਨ ਹਰਮੀਤ ਸਿੰਘ 'ਤੇ ਪੂਰੀ ਢੁਕਦੀ ਹੈ। ਸਰਦਾਰ ਕੌਰ ਸਿੰਘ ਧਾਲੀਵਾਲ ਤੇ ਸ੍ਰੀਮਤੀ ਰਣਜੀਤ ਕੌਰ ਧਾਲੀਵਾਲ ਦੇ ਲਾਡਲੇ ਹਰਮੀਤ ਸਿੰਘ ਨੇ ਸੈਂਕੜੇ ਸਾਲ ਪੁਰਾਣੀਆਂ ਤੇ ਦੁਰਲੱਭ ਵਸਤਾਂ, ਜੋ ਅਲੋਪ ਹੋ ਰਹੀਆਂ ਹਨ, ਨੂੰ ਸੰਭਾਲ ਕੇ ਆਪਣੇ ਸ਼ੌਂਕ ਨੂੰ ਪੋਲਣ ਦਾ ਸਬੂਤ ਦਿੱਤਾ ਹੈ। ਹਰਮੀਤ ਸਿੰਘ ਇਸ ਪੁਰਾਤਨ ਪੰਜਾਬੀ ਵਿਰਸੇ ਨੂੰ ਸੰਭਾਲਣ ਲਈ ਗੰਭੀਰ ਹੈ। ਉਸ ਕੋਲ ਖੇਤੀਬਾੜੀ ਦੇ ਸੰਦ ਹਲ, ਪੰਜਾਲੀ, ਸਲੰਘ, ਤੰਗਲੀ, ਜਿੰਦਰਾ, ਕਹੀ, ਖੁਰਪਾ, ਸੁਹਾਗੀ, ਉਲਟਾਵਾਂ ਹਲ, ਮਕਸੂਦ, ਝਰਨੀ, ਚੰਭੂ, ਤਰਪਾਲੀ, ਸਰੋਂ, ਜੌਂ, ਕਣਕ, ਛੋਲੇ, ਮੂੰਗੀ-ਮਸਰੀ ਬੀਜਣ ਵਾਲੀ ਮਸ਼ੀਨ, ਘਾਹ ਰੋਲਣ ਵਾਲਾ ਜਾਲ, ਨਾੜੇ, ਛਿਕਲੇ, ਗਿੱਦੜੀ, ਹੈਰੋਂ, ਬਘਿਆੜ, ਢੀਂਗਾ, ਟੋਕੀ, ਗੰਡਾਸਾ, ਢਾਗੀ, ਹਲੀਰੀ, ਗੰਦਾਲੀ, ਕਸੋਲੀ, ਅਰਲੀਆਂ, ਗੋਪੀਆਂ, ਨਿਉਲ, ਰੱਸੇ ਵੱਟਣ ਵਾਲਾ ਤਾੜਾ, ਕਣਕ ਵੱਢਣ ਵਾਲਾ ਫਲਾ, ਖਰਖਰੇ, ਊਠ ਦੀ ਕਾਠੀ, ਪੁਰਾਣਾ ਖੂਹ ਦਾ ਸਮਾਨ, ਤੋਤਾ ਹਲ, ਘੰਡ ਆਦਿ ਸਾਂਭੇ ਹੋਏ ਹਨ। ਉਸ ਨੇ ਇਕ ਬਹੁਤ ਪੁਰਾਣਾ ਬਲਦ ਗੱਡਾ ਵੀ ਸਾਂਭਿਆ ਹੋਇਆ ਹੈ, ਜਿਸ ਨੂੰ ਪੁਰਣੇ ਸਮਿਆਂ 'ਚ ਵਿਆਹ--ਸ਼ਾਦੀਆਂ ਲਈ ਤੇ ਫਸਲਾਂ ਦੀ ਢੋਆ-ਢੁਆਈ ਲਈ ਵਰਤਿਆ ਜਾਂਦਾ ਸੀ। ਹਰਮੀਤ ਸਿੰਘ ਇਸ ਪੁਰਾਤਨ ਗੱਡੇ ਦੀ ਅੱਜ ਵੀ ਵਰਤੋਂ ਕਰਦਾ ਹੈ। ਪਰ ਉਹ ਇਸ ਗੱਡੇ ਵਰਤੋਂ ਫਸਲਾਂ ਦੀ ਢੋਆ ਢੁਆਈ ਲਈ ਨਹੀਂ ਬਲਕਿ ਵਿਆਹਾਂ-ਸ਼ਾਦੀਆਂ 'ਚ ਨਾਨਕਾ ਮੇਲ ਲੈ ਕੇ ਜਾਣ ਲਈ ਕਰਦਾ ਹੈ। ਉਹ ਇਸ ਪੁਰਾਤਨ ਗੱਡੇ ਨੂੰ ਰੀਝਾਂ ਨਾਲ ਹਾਰ-ਸ਼ਿੰਗਾਰ ਕੇ ਰੱਖਦਾ ਹੈ।

ਇਨ੍ਹਾਂ ਖੇਤੀਬਾੜੀ ਸੰਦਾ ਤੋਂ ਇਲਾਵਾ ਉਸ ਕੋਲ ਸੰਦੂਕ, ਵੱਡਾ ਟਾਪਾ, ਰੂੰ ਪਿੰਜਣ ਵਾਲਾ ਹੱਥ

ਜਲਗਾਹਾਂ ਨੂੰ ਪ੍ਰਦੂਸ਼ਣ ਅਤੇ ਸਬੰਧਿਤ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਪੈਦਾ ਹੋ ਰਿਹਾ ਹੈ ਖਤਰਾ

ਕੁਲਦੀਪ ਚੰਦ
91-9417563054

ਜਲਗਾਹਾਂ ਜਮੀਨ ਅਤੇ ਜਲ-ਪ੍ਰਣਾਲੀਆਂ ਵਿਚਕਾਰ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ ਜਿੱਥੇ ਪਾਣੀ ਦਾ ਪੱਧਰ ਧਰਤੀ ਦੀ ਸਤ੍ਹਾ ਦੇ ਨੇੜ੍ਹੇ ਹੁੰਦਾ ਹੈ ਜਾਂ ਪਾਣੀ ਘੱਟ ਡੂੰਘਾ ਹੁੰਦਾ ਹੈ। ਧਰਤੀ ਤੇ ਜਮੀਨੀ ਪੁੰਜ ਦਾ ਲੱਗਭੱਗ 6 ਫਿਸਦੀ ਹਿੱਸਾ ਜਲਗਾਹਾਂ ਅਧੀਨ ਹੈ। ਸਾਲ 1997 ਤੋਂ ਲੈਕੇ ਹਰ ਸਾਲ 2 ਫਰਵਰੀ ਨੂੰ ਵਿਸ਼ਵ ਜਲਗਾਹ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਜਲਗਾਹਾਂ ਦੀ ਸਥਿਤੀ ਸਬੰਧੀ ਵੱਡੇ ਵੱਡੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਜਲਗਾਹਾਂ ਦੀ ਮਹੱਤਤਾ ਅਤੇ ਜਲਗਾਹਾਂ ਲਈ ਬਣੇ ਖਤਰਿਆਂ ਅਤੇ ਇਨ੍ਹਾਂ ਨੂੰ ਬਚਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਜੇਕਰ ਇਸ ਦਿਨ ਦਾ ਪਿਛੋਕੜ੍ਹ ਵੇਖੀਏ ਤਾਂ ਦਰਿਆਵਾਂ, ਝੀਲਾਂ, ਟੋਭਿਆਂ ਖਰਾਬ ਹੋ ਰਹੀ ਹਾਲਤ ਨੂੰ ਵੇਖਦੇ ਹੋਏ ਸਾਲ 1971 ਵਿੱਚ 2 ਫਰਵਰੀ ਨੂੰ ਇਰਾਨ ਦੇ ਰਾਮਸਰ ਵਿੱਚ ਅੰਤਰਰਾਸਟਰੀ ਜਲਗਾਹ ਕਨਵੈਨਸਨ ਨੂੰ ਅਪਣਾਇਆ ਗਿਆ ਸੀ। ਭਾਰਤ ਸਮੇਤ 157 ਦੇਸ਼ ਇਸਦੇ ਮੈਂਬਰ ਹਨ। ਅੰਤਰ-ਰਾਸ਼ਟਰੀ ਮਹੱਤਤਾ ਵਾਲੀਆਂ 1708 ਜਲਗਾਹਾਂ ਰਾਮਸਰ ਸੂਚੀ ਵਿੱਚ ਸ਼ਾਮਿਲ ਹਨ। ਸਾਲ 2021 ਲਈ ਵਿਸ਼ਵ ਜਲਗਾਹ ਦਿਵਸ ਦਾ ਮੁੱਖ ਵਿਸ਼ਾ ਜਲਗਾਹਾਂ ਅਤੇ ਪਾਣੀ ਰੱਖਿਆ ਗਿਆ ਹੈ। ਜਲਗਾਹ, ਜੰਗਲ ਅਤੇ ਸਮੁੰਦਰ ਧਰਤੀ ਦੀ ਜਲਵਾਯੂ ਦੇ 3 ਮਹੱਤਵਪੂਰਨ ਸੋਮੇ ਹਨ। ਜਲਗਾਹਾਂ ਦੁਆਰਾ ਜਲ ਜੀਵਾਂ ਲਈ ਨਿਵੇਕਲਾ ਸਹਿਜਵਾਸ, ਭੂਮੀ ਹੇਠਲੇ ਜਲ-ਭੰਡਾਰ ਦੀ ਮਾਤਰਾ ਅਤੇ ਵੰਨਗੀ, ਹੋਰਨਾਂ ਕੁਦਰਤੀ ਜੀਵਾਂ ਲਈ ਟਿਕਾਣਾ, ਪ੍ਰਵਾਸੀ ਪੰਛੀਆਂ ਦੀ ਰਿਹਾਇਸ਼ਗਾਹ ਅਤੇ ਹੜ੍ਹਾਂ ਨੂੰ ਰੋਕਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਜਾਂਦਾ ਹੈ। ਭਾਰਤ ਵਿੱਚ ਜਲਗਾਹਾਂ ਲੱਗਭੱਗ 4,053,537 ਹੈਕਟੇਅਰ ਰਕਬੇ ਚ ਫੈਲੀਆਂ ਹੋਈਆਂ ਹਨ ਅਤੇ ਪੰਜਾਬ ਵਿੱਚ ਜਲਗਾਹਾਂ ਦੇ ਹਿੱਸੇ ਕੇਵਲ ਲੱਗਭੱਗ 22, 976 ਹੈਕਟੇਅਰ ਖੇਤਰਫਲ ਆਉਂਦਾ ਹੈ। ਭਾਰਤ ਵਿੱਚ 94 ਜਲਗਾਹਾਂ ਹਨ ਜਿਨ੍ਹਾਂ ਵਿੱਚੋਂ 25 ਜਲਗਾਹਾਂ ਰਾਮਸਰ ਸੂਚੀ ਵਿੱਚ ਸ਼ਾਮਿਲ ਹਨ। ਕਸ਼ਮੀਰ ਦੀ ਵਲਾਰ ਝੀਲ ਏਸ਼ੀਆ ਦੀ ਸਭ ਤੋਂ ਵੱਡੀ ਜਲਗਾਹ ਹੈ। ਪੰਜਾਬ ਵਿੱਚ ਜਲਗਾਹਾਂ ਵਿੱਚੋਂ 03 ਇਸ ਹੱਦ ਤੱਕ ਮਹੱਤਵਪੂਰਨ ਹਨ ਕਿ ਇਹ ਰਾਮਸਰ ਸੂਚੀ ਚ ਸ਼ਾਮਲ ਕਰ ਲਈਆਂ ਗਈਆਂ ਹਨ। ਪੰਜਾਬ ਦੇ ਕੁੱਲ ਰਕਬੇ ਦਾ 01 ਫੀਸਦੀ ਰਕਬੇ ਵਿੱਚ ਜਲਗਾਹਾਂ ਹਨ। ਪੰਜਾਬ ਵਿੱਚ ਇਸ ਵੇਲੇ ਕਈ ਜਲਗਾਹਾਂ ਹਨ। ਪੰਜਾਬ ਵਿੱਚ ਅੰਤਰਰਾਸ਼ਟਰੀ ਮਹੱਤਵ ਦੀਆਂ ਹਰੀਕੇ, ਕਾਂਜਲੀ ਅਤੇ ਰੋਪੜ ਜਲਗਾਹਾਂ ਹਨ। 02 ਜਲਗਾਹਾਂ ਰਣਜੀਤ ਸਾਗਰ ਅਤੇ ਨੰਗਲ ਨੂੰ ਰਾਸ਼ਟਰੀ ਜਲਗਾਹਾਂ ਘੋਸ਼ਿਤ ਕੀਤਾ ਗਿਆ ਹੈ। ਰਣਜੀਤ ਸਾਗਰ ਜਲਗਾਹ ਅੰਤਰਰਾਜੀ ਜਲਗਾਹ ਹੈ ਕਿਉਂਕਿ ਇਹ ਤਿੰਨ ਰਾਜਾਂ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਪੈਂਦੀ ਹੈ। ਇਸਤੋਂ ਇਲਾਵਾ ਪੰਜ ਛੋਟੀਆਂ ਜਲਗਾਹਾਂ ਕੇਸ਼ੋਪੁਰ-ਮਿਆਨੀ ਝੀਲ, ਕਾਹਨੂਵਾਨ ਛੰਬ, ਜਸਤਰਵਾਲ ਝੀਲ, ਮੰਡ ਬਰਬਲਾ ਅਤੇ ਢੋਲਬਾਹਾ ਰਿਜ਼ਰਵੀਅਰ ਹਨ ਜੋ ਕਿ ਸਥਾਨਕ ਪੱਧਰ ਦੀਆਂ ਜਲਗਾਹਾਂ ਹਨ ਜੋ ਕਿ ਜੈਵ ਵਿਭਿੰਨਤਾ ਦਾ ਭੰਡਾਰ ਹਨ ਅਤੇ ਇਨ੍ਹਾਂ ਥਾਵਾਂ ਤੇ ਬਣੀਆਂ ਕੁਦਰਤੀ ਜਲਗਾਹਾਂ ਕਾਰਨ ਹੈਡਡਿਗਿਜ਼, ਰੈਡ ਕ੍ਰੈਸਟਿਡ ਪੋਚਹਰਡ, ਕ੍ਰਟਸ, ਗੇਡਵਾਲ, ਕਾਮਨ ਪੋਚਹਾਰਡ, ਨਾਰਦਰਨ ਸਿਵਲੇਰ, ਵੀਜਨ, ਮੈਲਾਰਡ, ਰੂਡੀ ਸ਼ੈਲਡਕ, ਅਨਾਸ ਸੇਰਕਾ, ਕਾਮਨ ਟੀਲ ਟਿਲ, ਅਨਾਸ ਫੇਰੁਜੀਨੀਆ, ਰੁਡੀ ਸ਼ੈਲਡਕ, ਅਨਾਸ ਕੁਐਰਕੁਏਡੁਲਾ, ਬਲੂ ਵਿੰਗਡ ਟੀਲ ਨੀਲੀ ਟਿਲ, ਅਨਾਸ ਅਕੁਟਾ, ਪਿੰਨਟੇਲ ਸਿੰਕਹਪਾਰ, ਅਨਾਸ ਪੋਸੀਲੋਰੀਆਚਾ, ਸਪੋਟਬਿਲ ਡੱਕ, ਅਨਾਸ ਸਟਰੀਪੇਰਾ, ਗਾਡਵਾਲ ਗੇਡਵਾਲ, ਅਨਾਸ ਸਲਾਈਪੀਟਾ ਸੋਵੇਲਰ ਬਾਲਚੀ ਨਾਰਦਰਨ ਸੋਵੇਲਰ, ਅਨਾਸ ਪਲੈਟੀਰਾਈਨਕੋਸ, ਮਾਲਾਰਡ ਨਿਲਸਿਰ, ਵਾਇਲਡ ਡੱਕ, ਅਨਾਸ ਪੈਨੇਲੋਪ, ਵਿੰਨਗਿਓਨਵਿਜਾਨ ਯੁਰੇਸ਼ੀਨ ਵਾਈਗੋਨ, ਅਨਸਾਰ ਇੰਡੀਕੁਸ, ਬਾਰਹੈਡਡ ਗੁਸ ਸਾਵਾ ਮਗ, ਅਨਸਾਰ ਅਨਸੇਰ, ਇਸਟਰਨ ਗੈਰੀਲੈਗ ਗੁਸ ਭੂਰਾ ਮਗ, ਆਇਬਾ ਫੇਰੀਨਾ, ਕਾਮਨ ਪੋਚਾਰਡ, ਆਇਬਾ ਫੁਲੀਗੁਲਾ , ਟਫਟੇਟਿਡ ਡਕ ਬੋਦਲ ਮੁਰਗਾਬੀ, ਆਈਬਾ ਨਾਈਰੋਰਾ, ਫੇਰੁਗੀਨੋਸ ਪੋਚਾਰਡ, ਸਰਕਸ ਏਰੁਗੀਨੋਸੁਸ ਮਾਰਸ਼ ਹੈਰੀਅਰ ਚਾਨਬੀ ਕਿਰਲਾ ਮਾਰ, ਡੈਨਡਰੋਸਾਈਗਨਾ ਜਾਵਾਨਿਕਾ, ਟ੍ਰੀ ਡੱਕ ਬਿਰਚੀ ਟਿਲ, ਫੁਲਿਕਾ ਅਤਰਾ ਕੂਟ ਬਲੈਕ ਕੂਟ, ਹਿਮਾਨਟੋਪਸ ਹਿਮਾਨਟੋਪਸ, ਇੰਡੀਅਨ ਬਲੈਕ ਵਿੰਨਗਡ ਸਟਿਲਟ ਲਮਲਾਟਾ, ਲਾਰਸ ਆਰਮੀਨੀਸੁਸ, ਅਰਮੀਨੀਅਨ ਗੁਲ ਹੀਰਿੰਗ ਗੁਲ ਆਦਿ ਪ੍ਰਵਾਸੀ ਪੰਛੀਆਂ ਦੀ ਆਮਦ ਰਹਿੰਦੀ ਹੈ। ਸਾਰੇ ਪੰਜਾਬ ਵਿੱਚ 12 ਕੁਦਰਤੀ ਅਤੇ 9 ਮਾਨਵ ਨਿਰਮਿਤ ਜਲਗਾਹਾਂ ਹਨ। ਕੁਦਰਤ ਅੰਦਰਲੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਜਲਗਾਹਾਂ ਦੀ ਜਿਹੜੀ ਭੂਮਿਕਾ ਹੈ ਆਮ ਵਿਅਕਤੀ ਨੂੰ ਉਸ ਬਾਰੇ ਬਹੁਤਾ ਅਨੁਭਵ ਨਹੀਂ ਹੈ। ਇਸ ਲਈ ਇਨ੍ਹਾਂ ਦਾ ਅੱਜ ਬਹੁਤ ਸ਼ੋਸ਼ਣ ਹੋ ਰਿਹਾ ਹੈ ਅਤੇ ਇੱਕ ਤਿਹਾਈ ਜਲਗਾਹਾਂ ਤਾਂ ਅਲੋਪ ਵੀ ਹੋ ਗਈਆਂ ਹਨ ਅਤੇ ਜਿਹੜੀਆਂ ਬਚੀਆਂ ਹਨ, ਉਨ੍ਹਾਂ ਅੰਦਰ ਵੀ ਗਾਦ ਸਿਮਟੀ ਹੋਈ ਹੈ ਅਤੇ ਇਨ੍ਹਾਂ ਦੀ ਡੂੰਘਾਣ ਨੂੰ ਘਟਾਈ ਜਾਂਦੀ ਹੈ। ਬਹੁਤੀਆਂ ਥਾਵਾਂ ਤੇ ਹਰ ਪ੍ਰਕਾਰ ਦੇ ਨਿਕਾਸ ਲਈ ਇਨ੍ਹਾਂ ਜਲਗਾਹਾਂ ਨੂੰ ਕੂੜੇਦਾਨ ਵਜੋਂ ਵਰਤਿਆਂ ਜਾ ਰਿਹਾ ਹੈ। ਪੰਜਾਬ ਸ਼ਬਦ ਹੀ ਇਸ ਦਾ ਪ੍ਰਤੀਕ ਹੈ ਕਿ ਜਿਸ ਖੇਤਰ ਦਾ ਇਹ ਨਾਮ ਪਿਆ ਉਹ ਜ਼ਰੂਰ ਹੀ ਜਲ ਸੋਮਿਆਂ ਨਾਲ ਭਰਪੂਰ ਹੋਵੇਗਾ। ਪਰ ਅੱਜ ਪੰਜਾਬ ਕਹੇ ਜਾਣ ਵਾਲੇ ਖੇਤਰ ਦੀ ਇਹ ਸਥਿਤੀ ਨਹੀਂ। ਲੱਗਭੱਗ 50362 ਵਰਗ ਕਿਲੋਮੀਟਰ ਵਿੱਚ ਫੈਲੇ ਹੋਏ ਪੰਜਾਬ ਦਾ ਹੁਣ ਕੇਵਲ ਇੱਕ ਤੋਂ ਡੇਢ ਪ੍ਰਤੀਸ਼ਤ ਖੇਤਰ ਹੀ ਜਲ ਅਧੀਨ ਬਚਿਆ ਰਹਿ ਗਿਆ ਹੈ। ਪੰਜਾਬ ਵਿੱਚ ਗਰਮੀ ਰੁੱਤ ਦੌਰਾਨ ਤਾਪਮਾਨ 40 ਡਿਗਰੀ ਸੈਂਟੀਗਰੇਡ ਤੱਕ ਵੱਧ ਜਾਂਦਾ ਹੈ, ਅਤੇ ਉਧਰ ਸਿਆਲ ਵਿੱਚ ਇਹ 0 ਡਿਗਰੀ ਸੈਂਟੀਗਰੇਡ ਤੱਕ ਥੱਲੇ ਡਿਗ ਪੈਂਦਾ ਹੈ। ਵਿਗੜਦੇ ਵਾਤਾਵਰਣ ਅਤੇ ਤਾਪਮਾਨ ਦੀ ਸਥਿਤੀ ਕਾਰਨ ਜਲਗਾਹਾਂ ਅਧੀਨ ਖੇਤਰ ਸੁੰਗੜਦਾ ਜਾ ਰਿਹਾ ਹੈ। ਇਹ ਸਥਿਤੀ ਮਨੁੱਖ ਦੀ ਵਧਦੀ ਵਸੋਂ ਦੀਆਂ ਲੋੜਾਂ ਪੂਰੀਆਂ ਕਰਨ ਕਾਰਨ ਹੋਰ ਵੀ ਵਿਗੜਦੀ ਜਾ ਰਹੀ ਹੈ। ਢਾਈ ਕਰੋੜ ਦੇ ਲਗਭੱਗ ਵਸੋਂ ਲਈ ਜੋ ਵੀ ਭੂਮੀ ਉਪਲਬੱਧ ਹੈ ਉਸ ਨੂੰ ਕਾਸ਼ਤ ਲਈ ਵਰਤਿਆ ਜਾ ਰਿਹਾ ਹੈ ਅਤੇ ਕਈ ਥਾਈਂ ਤਾਂ ਜਲਗਾਹਾਂ ਭਰ ਕੇ ਵੀ ਕਾਸ਼ਤ ਲਈ ਭੂਮੀ ਨੂੰ ਉਪਲਬੱਧ ਕਰਵਾਇਆ ਜਾ ਰਿਹਾ ਹੈ। 1940 ਵਿੱਚ ਪੰਜਾਬ ਨੂੰ 32 ਕੁਦਰਤੀ ਜਲਗਾਹਾਂ ਦਾ ਮਾਣ ਪ੍ਰਾਪਤ ਸੀ ਪਰ ਹੁਣ ਕਈ ਖਤਮ ਹੀ ਹੋ ਗਈਆਂ ਹਨ। ਵਧਦੇ ਸ਼ਹਿਰੀਕਰਣ, ਉਦਯੋਗੀਕਰਣ, ਹਰੀ ਕ੍ਰਾਂਤੀ ਕਾਰਨ ਇਨ੍ਹਾਂ ਵਿੱਚੋਂ ਬਹੁਤੀਆਂ ਤਾਂ ਸਿਰਿਓ ਅਲੋਪ ਹੀ ਹੋ ਗਈਆਂ ਅਤੇ ਬਾਕੀ ਦੀਆਂ ਸੁੰਗੜ ਕੇ ਟੋਭੇ-ਛੱਪੜ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਨਾਮ ਹਨ ਭੁਪਿੰਦਰ ਸਾਗਰ, ਗਾਉਂਸਪੁਰ ਛੰਬ ਅਤੇ ਰਾਹੋਂ ਦੇ ਛੰਬ, ਜਿਨ੍ਹਾਂ ਦਾ ਪਾਣੀ ਕੱਢ ਕੇ ਤੇ ਜਿਨ੍ਹਾਂ ਨੂੰ ਪੱਧਰਾਂ ਕਰਕੇ ਕਾਸ਼ਤ ਲਈ ਵਰਤਿਆ ਜਾ ਰਿਹਾ ਹੈ। ਹਰੀਕੇ ਜਲਗਾਹ ਜਦੋਂ 1952 ਵਿੱਚ ਹੋਂਦ ਵਿੱਚ ਆਈ ਸੀ ਤਾਂ ਇਸ ਦਾ 41 ਵਰਗ ਕਿਲੋਮੀਟਰ ਦਾ ਖੇਤਰਫਲ ਸੀ ਅਤੇ ਜਿਹੜਾ ਸੁੰਗੜ ਕੇ 28 ਕਿਲੋਮੀਟਰ ਰਹਿ ਗਿਆ ਹੈ ਅਤੇ ਇਸਦੇ ਹੋਰ ਸੁੰਗੜ ਜਾਣ ਦੀ ਵੀ ਪ੍ਰਤੱਖ ਸੰਭਾਵਨਾ ਹੈ। ਇਸ ਵਿੱਚ 2010 ਵਿੱਚ ਲੱਗਭੱਗ 79500 ਪ੍ਰਵਾਸੀ ਪੰਛੀਆਂ ਦੀ ਆਮਦ ਹੋਈ ਸੀ ਜੋਕਿ 2011 ਵਿੱਚ ਵੱਧਕੇ ਲੱਗਭੱਗ 100124 ਤੱਕ ਪਹੁੰਚ ਗਈ। ਇੱਥੇ ਦੁਰਲੱਭ ਚਿੜ੍ਹੀ ਜੋਰਤਨ ਬੈਬਲਰ ਦੇਖੀ ਗਈ ਹੈ ਅਤੇ ਡੌਲਫਨ ਮੱਛੀਆਂ ਅਤੇ ਦੁਰਲੱਭ ਜਾਤੀ ਦਾ ਕੱਛੂਕੁੰਮਾ ਵੀ ਵੇਖਿਆ ਗਿਆ ਹੈ। ਕਾਂਜਲੀ ਜਲਗਾਹ ਕਪੂਰਥਲਾ ਤੋਂ 4 ਕਿਲੋਮੀਟਰ ਦੂਰੀ ਤੇ ਕਾਲੀ ਵੇਂਈ ਨਦੀ ਤੇ ਬਣਾਏ ਗਏ ਬੰਨ ਕਾਰਨ ਹੋਂਦ ਵਿੱਚ ਆਈ ਸੀ। ਰੋਪੜ੍ਹ ਜਲਗਾਹ ਸੱਤਲੁਜ ਦਰਿਆ ਤੇ ਬਣੀ ਹੋਈ ਹੈ। ਜਲਗਾਹਾਂ ਦੀ ਭੈੜੀ ਦਸ਼ਾ ਦੇ ਕਈ ਕਾਰਨ ਹਨ। ਜਲਗਾਹਾਂ ਦੇ ਚੁਫੇਰੇ ਅੱਜ ਬਹੁਤ ਭੈੜੀ ਦਸ਼ਾ ਵਿੱਚ ਹਨ। ਇਸ ਖੇਤਰ ਅੰਦਰ ਨਾ ਵਣ ਰਹੇ ਹਨ ਤੇ ਨਾ ਹੀ ਝਾੜੀਆਂ ਜਾਂ ਘਾਹ-ਬੂਟੀਆਂ ਅਤੇ ਜਿਸ ਦੇ ਫਲਸਰੂਪ ਵਰਖਾ ਦੇ ਪਾਣੀ ਨਾਲ ਮਿੱਟੀ ਖੁਰ-ਖੁਰ ਜਲਗਾਹਾਂ ਨੂੰ ਲਗਾਤਾਰ ਭਰਦੀ ਹੋਈ, ਇਨ੍ਹਾਂ ਦਾ ਖੇਤਰ ਘਟਾਉਂਦੀ ਹੈ। ਇਨ੍ਹਾਂ ਜਲਗਾਹਾਂ ਨੂੰ ਸਮੇਂ-ਸਮੇਂ ਤੇ ਪ੍ਰਦੂਸ਼ਣ ਕਾਰਨ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਹੋ ਰਹੀ ਜੰਗਲਾਂ ਦੀ ਕਟਾਈ ਕਾਰਨ ਖਤਰਾ ਪੈਦਾ ਹੋ ਗਿਆ ਹੈ। ਇਨ੍ਹਾਂ ਇਲਾਕਿਆਂ ਵਿੱਚ ਵੱਧਦੇ ਉਦਯੋਗੀਕਰਣ ਅਤੇ ਸ਼ਹਿਰੀਕਰਣ ਨੇ ਵੀ ਜਲਗਾਹਾਂ ਨੂੰ ਤਬਾਹ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਇਨ੍ਹਾਂ ਜਲਗਾਹਾਂ ਨੂੰ ਸੰਭਾਲਣ ਅਤੇ ਖਤਰਿਆਂ ਤੋਂ ਬਚਾਉਣ ਲਈ ਸਮੇਂ-ਸਮੇਂ ਤੇ ਮਾਣਯੋਗ ਅਦਾਲਤਾਂ ਅਤੇ ਸਰਕਾਰ ਵਲੋਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਹਦਾਇਤਾਂ ਦਾ ਅਸਰ ਘੱਟ ਹੀ ਵੇਖਣ ਨੂੰ ਮਿਲਦਾ ਹੈ ਅਤੇ ਸਰਕਾਰਾਂ ਦੀ ਮਿਲੀਭੁੱਗਤ ਅਤੇ ਲਾਪਰਵਾਹੀ ਕਾਰਨ ਜਲਗਾਹਾਂ ਬਰਬਾਦ ਹੋ ਰਹੀਆਂ ਹਨ। ਬਹੁਤੀਆਂ ਜਲਗਾਹਾਂ ਵਿੱਚ ਪ੍ਰਵਾਸੀ ਪੰਛੀਆਂ ਦੀ ਆਮਦ ਘੱਟਦੀ ਜਾ ਰਹੀ ਹੈ ਅਤੇ ਇਨ੍ਹਾਂ ਜਲਗਾਹਾਂ ਦੀ ਮਹੱਤਤਾ ਵੀ ਘੱਟਦੀ ਜਾ ਰਹੀ ਹੈ। ਇਨ੍ਹਾਂ ਜਲਗਾਹਾਂ ਨੂੰ ਬਚਾਉਣ ਲਈ ਸਰਕਾਰਾਂ ਨੂੰ ਸੱਖਤੀ ਕਰਨੀ ਪਵੇਗੀ ਅਤੇ ਵਾਤਾਵਰਣ ਨੂੰ ਬਚਾਉਣ ਲਈ ਕੰਮ ਕਰਨ ਵਾਲੇ ਸਮਾਜਿਕ ਸੰਗਠਨਾਂ ਅਤੇ ਆਮ ਲੋਕਾਂ ਨੂੰ ਅੱਗੇ ਵੱਧਕੇ ਕੰਮ ਕਰਨਾ ਪਵੇਗਾ ਨਹੀਂ ਤਾਂ ਆਣ ਵਾਲੇ ਸਮੇਂ ਵਿੱਚ ਬਾਕੀ ਬਚੀਆਂ ਇਨ੍ਹਾਂ ਜਲਗਾਹਾਂ ਦਾ ਨਾਮੋ ਨਿਸ਼ਾਨ ਵੀ ਮਿਟ ਜਾਵੇਗਾ ਅਤੇ ਇਸ ਸਬੰਧੀ ਅੱਜ ਦੇ ਦਿਨ ਹੋਣ ਵਾਲੇ ਸਰਕਾਰੀ ਅਤੇ ਗੈਰ ਸਰਕਾਰੀ ਸਮਾਗਮ ਸਿਰਫ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਣਗੇ।

ਭਾਈ ਹਰਦੀਪ ਸਿੰਘ ਮੋਹਾਲੀ ਦਾ ਸੈਨਹੋਜ਼ੇ ਵਿਖੇ ਭਰਪੂਰ ਸਵਾਗਤ- ਭਾਈ ਹੋਠੀ ਨੇ ਕੀਤਾ ਸਨਮਾਨਿਤ!



ਗੁਰਬਾਜ ਗਿੱਲ
91-98723-62507

ਡੂੰਘੀਆਂ ਝੀਲ ਵਰਗੀਆਂ ਅੱਖਾਂ, ਖੂਬਸੂਰਤ ਅੰਦਾਜ਼, ਸਲੀਕਾ ਤੇ ਤਹਿਜ਼ੀਬ ਨਾਲ ਭਰੀ ਅਦਾਕਾਰਾ ਗਗਨ ਰੰਧਾਵਾ ਪਰਦੇ ਦੇ ਨਾਲ ਨਾਲ ਅਸਲ ਜ਼ਿੰਦਗੀ ਦੀ ਵੀ ਨਾਇਕ ਤੇ ਪ੍ਰਭਾਵਸ਼ਾਲੀ ਸਖਸ਼ੀਅਤ ਦੀ ਮਾਲਕ ਹੈ। ਪੰਜਾਬੀ ਸਿਨੇਮਾ ਜਗਤ ਦੇ ਨਾਲ ਨਾਲ ਡਿਜ਼ੀਟਲ ਸਿਨੇਮਾ ਵਿੱਚ ਵੀ ਤੇਜ਼ੀ ਨਾਲ ਆਪਣੀ ਪਹਿਚਾਣ ਬਣਾਉਂਦੀ ਜਾ ਰਹੀ ਇਹ ਪੰਜਾਬੀ ਮੁਟਿਆਰ ਲੰਮੇ ਸਫ਼ਰ ਦੀ ਰਾਹੀਂ ਹੈ। ਬੇਸ਼ੱਕ ਉਸ ਨੂੰ ਮਨੋਰੰਜਨ ਜਗਤ ਦਾ ਹਿੱਸਾ ਬਣਿਆ ਭਾਵੇਂ ਥੋੜਾ ਸਮਾਂ ਹੀ ਹੋਇਆ ਹੈ ਪਰ ਉਹ ਘੱਟ ਸਮੇਂ 'ਚ ਵੀ ਚੌਂਖੀ ਪਹਿਚਾਣ ਬਣਾਉਣ 'ਚ ਕਾਮਯਾਬ ਰਹੀ ਹੈ। ਅੱਜ ਕੱਲ੍ਹ ਉਹ ਆਪਣੀ ਨਵੀਂ ਵੈਬ ਸੀਰੀਜ 'ਜੀਤ ਕੀ ਜ਼ਿੱਦ' ਨਾਲ ਹਰ ਪਾਸੇ ਛਾਈ ਹੋਈ ਹੈ। ਦੇਸ਼ ਦੇ ਸਭ ਤੋਂ ਵੱਡੇ ਡਿਜ਼ੀਟਲ ਪਲੇਟਫ਼ਾਰਮ 'ਜ਼ੀ ਫ਼ਾਈਵ' ਵੱਲੋਂ ਹਾਲਹਿ ਵਿੱਚ ਰਿਲੀਜ਼ ਕੀਤੀ ਗਈ ਇਸ ਵੈਬ ਸੀਰੀਜ ਨੇ ਗਗਨ ਨੂੰ ਸੁਰਖੀਆਂ 'ਚ ਲੈ ਆਂਦਾ ਹੈ। ਹਰ ਕੋਈ ਇਸ ਦਿਲਕਸ਼ ਅਦਾਵਾਂ ਵਾਲੀ ਕੁੜੀ ਦੀਆਂ ਹੀ ਗੱਲਾਂ ਕਰ ਰਿਹਾ ਹੈ। ਕਰੋੜਾਂ ਰੁਪਏ ਦੀ ਲਾਗਤ ਨਾਲ ਵੱਡੇ ਪੱਧਰ 'ਤੇ ਬਣੀ ਇਸ ਵੈਬ ਸੀਰੀਜ ਨੂੰ ਹਰ ਪਾਸਿਓਂ ਮਿਲ ਰਹੇ ਸ਼ਾਨਦਾਰ ਹੁੰਗਾਰੇ ਤੋਂ ਗਗਨ ਬਾਗੋਬਾਗ ਹੈ। ਇਹ ਵੈਬ ਸੀਰੀਜ ਉਸ ਲਈ ਕਈ ਨਵੇਂ ਰਾਹ ਖੋਲ੍ਹੇਗੀ। ਜਲੰਧਰ ਦੇ ਪਿੰਡ ਚੱਕ ਸ਼ਕੂਰ ਦੀ ਜੰਮਪਲ ਅਤੇ ਨਿਊਜੀਲੈਂਡ ਦੀ ਪੜ੍ਹੀ ਲਿਖੀ ਗਗਨ ਨੂੰ ਕਿਸਮਤ ਦੀਆਂ ਲਕੀਰਾਂ ਵਿਦੇਸ਼ੀ ਧਰਤੀ ਤੋਂ ਵਾਪਸ ਪੰਜਾਬ ਲੈ ਆਈਆਂ। ਅੱਜ ਕੱਲ੍ਹ ਰਾਜਧਾਨੀ ਚੰਡੀਗੜ੍ਹ ਰਹਿ ਰਹੀ ਅਤੇ ਪੰਜਾਬੀ ਫਿਲਮ ਇੰਡਸਟਰੀ ਵਿੱਚ ਸਰਗਰਮ ਗਗਨ ਦੱਸਦੀ ਹੈ ਕਿ ਅਦਾਕਾਰੀ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਸਕੂਲ ਪੜ੍ਹਦਿਆਂ ਉਹ ਹਰ ਤਰ੍ਹਾਂ ਦੀਆਂ ਸੱਭਿਆਚਾਰ ਗਤੀਵਿਧੀਆਂ ਦਾ ਹਿੱਸਾ ਹੁੰਦੀ ਸੀ। ਪਲੱਸ ਟੂ ਕਰਨ ਤੋਂ ਬਾਅਦ ਅੱਗੇ ਦੀ ਪੜ੍ਹਾਈ ਲਈ ਉਹ ਨਿਊਜੀਲੈਂਡ ਚਲੀ ਗਈ ਜਿਥੇ ਉਸਨੇ ਪੰਜ ਸਾਲ ਮੈਨੇਜਮੈਂਟ ਦੀ ਪੜ੍ਹਾਈ ਕੀਤੀ। ਇਸ ਦੌਰਾਨ ਹੀ ਉਸਨੇ ਸੱਭਿਆਚਾਰ ਗਤੀਵਿਧੀਆਂ 'ਚ ਵੀ ਹਿੱਸਾ ਲੈਣਾ ਸ਼ੁਰੂ ਕੀਤਾ। ਮਿਸ ਵਰਲਡ ਪੰਜਾਬਣ ਸਮੇਤ ਕਈ ਸੁੰਦਰਤਾ ਮੁਕਾਬਲਿਆਂ 'ਚ ਹਿੱਸਾ ਲੈ ਕੇ ਅਤੇ ਜੇਤੂ ਰਹੀ ਗਗਨ ਨੇ ਫ਼ਿਲਮ ਜਗਤ 'ਚ ਆਉਣ ਤੋਂ ਪਹਿਲਾਂ ਥੋੜਾ ਸਮਾਂ ਰੰਗਮੰਚ ਵੀ ਕੀਤਾ। ਰੰਗਮੰਚ ਤੋਂ ਅਦਾਕਾਰੀ ਦੀਆਂ ਬਰੀਕੀਆਂ ਸਿੱਖਣ ਤੋਂ ਬਾਅਦ ਹੀ ਇਹ ਫਿਲਮ ਖੇਤਰ ਵਿੱਚ ਆਈ। ਗਗਨ ਦੀ ਪਹਿਲੀ ਪੰਜਾਬੀ ਫਿਲਮ 'ਜ਼ਖ਼ਮੀ' ਸ

ਬੋਰਡ ਦੇ ਇਮਤਿਹਾਨ -2021 ਵਿਚ ਵਧੀਆ ਜਵਾਬ ਕਿਵੇਂ ਲਿਖਣਾ ਹੈ

ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਭਾਵੇਂ ਤੁਸੀਂ ਪ੍ਰੀਖਿਆ ਦੀ ਕਿੰਨੀ ਚੰਗੀ ਤਿਆਰੀ ਕਰੋ, ਪਰ ਜੇ ਤੁਸੀਂ ਆਪਣੀ ਸਾਰੀ ਜਾਣਕਾਰੀ ਆਪਣੀ ਉੱਤਰ ਸੀਟ ਤੇ ਸਹੀ ਅੰਗ ਨਾਲ ਲਗਾਉਣ ਦੇ ਯੋਗ ਨਹੀਂ ਹੋ ਤਾਂ ਤੁਹਾਡੀ ਸਾਰੀ ਮਿਹਨਤ ਵਿਅਰਥ ਚਲੀ ਜਾਂਦੀ ਹੈ. ਦਰਅਸਲ, ਇਹ ਇਕ ਚੰਗੀ ਤਰਾਂ ਵੇਖਿਆ ਗਿਆ ਤੱਥ ਹੈ ਕਿ ਵਿਦਿਆਰਥੀ ਅਕਸਰ ਪ੍ਰੀਖਿਆ ਹਾਲ ਵਿਚ ਬੈਠ ਕੇ ਘਬਰਾਉਂਦੇ ਅਤੇ ਚਿੰਤਤ ਹੋ ਜਾਂਦੇ ਹਨ. ਦਬਾਅ ਇੰਨਾ ਜਿਆਦਾ ਹੈ ਕਿ ਉਹ ਭੁੱਲ ਜਾਂਦੇ ਹਨ ਜੋ ਉਹਨਾਂ ਨੇ ਪ੍ਰੀਖਿਆ ਦੀਆਂ ਤਿਆਰੀਆਂ ਦੌਰਾਨ ਸਿੱਖਿਆ ਸੀ. ਹਾਲਾਂਕਿ ਇਹ ਸਾਰਿਆਂ ਵਿਚ ਕੁਦਰਤੀ ਹੈ ਪਰ ਇਮਤਿਹਾਨ ਹਾਲ ਵਿਚ ਬੈਠ ਕੇ ਅਤੇ ਆਪਣਾ ਪੇਪਰ ਲਿਖਣ ਵੇਲੇ ਕੁਝ ਲਾਭਦਾਇਕ ਸੁਝਾਵਾਂ ਦੀ ਪਾਲਣਾ ਕਰਕੇ ਸਥਿਤੀ ਨੂੰ ਸੌਖਾ ਬਣਾਇਆ ਜਾ ਸਕਦਾ ਹੈ।

ਇੱਥੇ ਅਸੀਂ ਕੁਝ ਸੁਝਾਵਾਂ ਅਤੇ ਰਣ ਨੀਤੀਆਂ 'ਤੇ ਨਜ਼ਰ ਮਾਰਾਂਗੇ ਜੋ ਤੁਹਾਡੀ ਪ੍ਰੀਖਿਆ ਨੂੰ ਵਧੀਆ ਤਰੀਕੇ ਨਾਲ ਤਿਆਰ ਕਰਨ ਅਤੇ ਕੋਸ਼ਸ਼ ਕਰਨ ਵਿਚ ਤੁਹਾਡੀ ਮਦਦ ਕਰਨਗੇ।

1. ਵਾਧੂ 15 ਮਿੰਟ ਦੀ ਸਹੀ ਵਰਤੋਂ ਕਰੋ

ਲਗਭਗ ਸਾਰੇ ਸਕੂਲ ਬੋਰਡਾਂ ਨੇ ਵਿਦਿਆਰਥੀਆਂ ਦੀਆਂ ਪਰੀਖਿਆਵਾਂ ਲਿਖਣ ਤੋਂ ਪਹਿਲਾਂ ਬੋਰਡ ਪਰੀਖਿਆਵਾਂ ਲਈ 15 ਮਿੰਟ ਦਾ ਵਾਧੂ ਸਮਾਂ ਦੀ ਧਾਰਣਾ ਪੇਸ਼ ਕੀਤੀ ਹੈ। ਇਹ ਵਾਧੂ ਸਮਾਂ ਵਿਦਿਆਰਥੀਆਂ ਨੂੰ ਪ੍ਰਸ਼ਨਾਂ ਨੂੰ ਸਹੀ ਢੰਗ ਨਾਲ ਪੜਨ ਅਤੇ ਉਹਨਾਂ ਦੇ ਦਿਮਾਗ ਵਿਚ ਇਕ ਯੋਜਨਾ ਦਾ ਖਰੜਾ ਤਿਆਰ ਕਰਨ ਲਈ ਪ੍ਰਦਾਨ ਕੀਤਾ ਜਾਂਦਾ ਹੈ ਕਿ ਉਹ ਘਬਰਾਏ ਬਿਨਾਂ ਕਾਗ਼ਜ਼ ਨੂੰ ਸਹੀ ਤਰਾਂ ਕਿਵੇਂ ਹੱਲ ਕਰਨਗੇ. ਇਸ ਲਈ, ਵਿਦਿਆਰਥੀਆਂ ਨੂੰ ਆਪਣੀ ਪ੍ਰੀਖਿਆ ਨੂੰ ਸੁਚਾਰੂ ਅਤੇ ਸਹੀ ਢੰਗ ਨਾਲ ਲਿਖਣ ਦੀ ਰਣਨੀਤੀ ਬਣਾਉਣ ਲਈ ਇਹਨਾਂ 15 ਮਿੰਟ ਦੀ ਬਹੁਤ ਧਿਆਨ ਨਾਲ ਵਰਤੋਂ ਕਰਨੀ ਚਾਹੀਦੀ ਹੈ।

2. ਤਰਜੀਹ ਨਿਰਧਾਰਤ ਕਰੋ

ਉਹਨਾਂ ਪ੍ਰਸ਼ਨਾਂ ਦੀ ਸੂਚੀ ਬਣਾਓ ਜਿਹਨਾਂ ਬਾਰੇ ਤੁਸੀਂ ਵਧੇਰੇ ਭਰੋਸਾ ਰੱਖਦੇ ਹੋ. ਪ੍ਰਸ਼ਨ ਪੱਤਰ ਵਿੱਚ ਉੱਤਰਾਂ ਨੂੰ ਉਸੇ ਤਰਤੀਬ ਵਿੱਚ ਲਿਖਣ ਦੀ ਜ਼ਰੂਰਤ ਨਹੀਂ ਹੈ। ਪਹਿਲਾਂ, ਉਹ ਉੱਤਰ ਲਿਖੋ ਜੋ ਤੁਸੀਂ ਸਹੀ ਤਰਾਂ ਜਾਣਦੇ ਹੋ। ਇਹ ਤੁਹਾਨੂੰ ਵਿਸ਼ਵਾਸ ਹਾਸਲ ਕਰਨ ਵਿੱਚ ਸਹਾਇਤਾ ਕਰੇਗੀ ਅਤੇ ਹੋਰ ਪ੍ਰਸ਼ਨਾਂ ਦੇ ਜਵਾਬਾਂ ਬਾਰੇ ਸੋਚਣ ਵਿੱਚ ਤੁਹਾਡੇ ਲਈ ਕਾਫ਼ੀ ਸਮਾਂ ਕੱਢਣ ਵਿੱਚ ਸਹਾਇਤਾ ਕਰੇਗੀ ਜੋ ਤੁਹਾਡੇ ਦਿਮਾਗ ਵਿੱਚ ਥੋੜਾ ਧੁੰਦਲਾ ਹੈ।

3. ਬਿੰਦੂ ਜਵਾਬਾਂ ਲਈ ਇੱਕ ਸੰਖੇਪ ਲਿਖੋ

ਇੱਕ ਪ੍ਰਸ਼ਨ ਧਿਆਨ ਨਾਲ ਪੜੋ ਅਤੇ ਪ੍ਰਸ਼ਨ ਦੀ ਸਮਝ ਨੂੰ ਸਮਝੋ. ਆਪਣੇ ਜਵਾਬ ਨੂੰ ਲੋੜ ਤੱਕ ਸੀਮਤ ਕਰਨ ਦੀ ਕੋਸ਼ਸ਼ ਕਰੋ ਅਤੇ ਕੁਝ ਬਾਰੇ ਦੱਸਦੇ ਹੋਏ ਵੱਡੇ ਪੈਰਾ ਲਿਖਣ ਤੋਂ ਬਚੋ ਜਿਸ ਨੂੰ ਜਾਂ ਤਾਂ ਸਮਝਾਉਣ ਦੀ ਜ਼ਰੂਰਤ ਨਹੀਂ ਹੈ, ਜਾਂ ਇਸ ਬਾਰੇ ਪੁੱਛਿਆ ਵੀ ਨਹੀਂ ਗਿਆ ਹੈ। ਆਪਣੇ ਜਵਾਬਾਂ ਨੂੰ ਸਹੀ ਰੱਖੋ।

ਉਦਾਹਰਣ ਦੇ ਲਈ: ਜੇ ਤੁਹਾਨੂੰ ਕੋਈ ਪ੍ਰਸ਼ਨ ਪੁੱਛਿਆ ਜਾਂਦਾ ਹੈ "ਮਿੱਟੀ ਦੇ ਕੱਟਣ ਦੀ ਪਰਿਭਾਸ਼ਾ ਕਰੋ", ਤਾਂ ਤੁਹਾਨੂੰ ਮਿੱਟੀ ਦੀ ਪਰਿਭਾਸ਼ਾ ਲਿਖਣ ਲਈ ਕਿਹਾ ਜਾਂਦਾ ਹੈ ਨਾ ਕਿ ਇਸ ਦੇ ਕਾਰਨ ਜਾਂ ਪ੍ਰਭਾਵ ਜੋ ਜ਼ਿਆਦਾਤਰ ਵਿਦਿਆਰਥੀ ਆਪਣੇ ਜਵਾਬ ਨੂੰ ਲੰਬਾ ਬਣਾਉਣ ਲਈ ਲਿਖਦੇ ਹਨ ਕਿਉਂਕਿ ਉਹ ਵਿਸ਼ਵਾਸ ਕਰਦੇ ਹਨ," ਜਵਾਬ ਜਿੰਨਾ ਜਿਆਦਾ ਇਹ ਸਕੋਰ ਕਰੇਗਾ. ਪਰ ਇਹ ਬਿਲਕੁਲ ਬੇਤੁਕਾ ਹੈ ਕਿਉਂਕਿ ਜਾਂਚ ਕਰਨ ਵਾਲਾ ਸਿਰਫ ਸਹੀ ਵਿਆਖਿਆਵਾਂ ਦੀ ਭਾਲ ਕਰਦਾ ਹੈ, ਪਰ ਕਹਾਣੀਆਂ ਨਹੀਂ।

4. ਸਮਝਦਾਰੀ ਨਾਲ ਪ੍ਰਸ਼ਨਾਂ ਦੀ ਚੋਣ ਕਰੋ

ਆਮ ਤੌਰ 'ਤੇ, ਪੇਪਰ ਵਿਚ ਕੁਝ ਪ੍ਰਸ਼ਨ ਅੰਦਰੂਨੀ ਚੋਣਾਂ ਦੇ ਨਾਲ ਪ੍ਰਦਾਨ ਕੀਤੇ ਜਾਂਦੇ ਹਨ। ਵਿਦਿਆਰਥੀ ਨੂੰ ਇਹਨਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਪੈਂਦੀ ਹੈ। ਪਰ ਇਹਨਾਂ ਵਿਕਲਪਾਂ ਵਾਲੀ ਮੁਸ਼ਕਲ ਗੱਲ ਇਹ ਹੈ ਕਿ ਵਿਦਿਆਰਥੀ ਅਕਸਰ ਆਪਣੀ ਪ੍ਰਵਿਰਤੀ ਤੇ ਫੈਸਲਾ ਲੈਂਦੇ ਹਨ ਕਿ ਕਿਸ ਪ੍ਰਸ਼ਨ ਦੀ ਕੋਸ਼ਸ਼ ਕਰਨੀ ਹੈ ਅਤੇ ਬਾਅਦ ਵਿੱਚ ਉਹ ਦੂਸਰੇ ਪ੍ਰਸ਼ਨ ਨੂੰ ਨਾ ਚੁਣਨ ਤੇ ਪਛਤਾਉਂਦੇ ਹਨ ਜਿਸ ਨੂੰ ਉਹ ਬਿਹਤਰ ਜਾਣਦੇ ਸਨ। ਇਹ ਜਲਦਬਾਜ਼ੀ ਕਰਕੇ ਹੁੰਦਾ ਹੈ। ਜਦੋਂ ਤੁਹਾਡੇ ਲਈ ਉਹ ਪ੍ਰਸ਼ਨ ਚੁਣਨ ਦੀ ਗੱਲ ਆਉਂਦੀ ਹੈ ਜਿਸ ਦੀ ਤੁਸੀਂ ਕੋਸ਼ਸ਼ ਕਰਨੀ ਚਾਹੁੰਦੇ ਹੋ, ਤਾਂ ਹਰ ਪ੍ਰਸ਼ਨ ਨੂੰ ਘੱਟੋ ਘੱਟ ਦੋ ਵਾਰ ਧਿਆਨ ਨਾਲ ਪੜ੍ਹੋ ਅਤੇ ਫਿਰ ਇੱਕ ਮਾਨਸਿਕ ਤਸਵੀਰ ਬਣਾਓ ਕਿ ਤੁਹਾਨੂੰ ਹਰੇਕ ਕੇਸ ਵਿੱਚ ਕੀ ਲਿਖਣਾ ਹੈ. ਇਸ ਤਰੀਕੇ ਨਾਲ ਤੁਸੀਂ ਖਾਸ ਪ੍ਰਸ਼ਨ ਬਾਰੇ ਆਪਣੇ ਗਿਆਨ ਦਾ ਮੁਲਾਂਕਣ ਕਰਨ ਦੇ ਯੋਗ ਹੋਵੋਗੇ ਅਤੇ ਕਿਸੇ ਸ਼ੰਕੇ ਦੂਰ ਕਰਨ ਵਿਚ ਤੁਹਾਡੀ ਮਦਦ ਕਰੋਗੇ।

5. ਸਾਰੇ ਪ੍ਰਸ਼ਨਾਂ ਦੀ ਕੋਸ਼ਸ਼ ਕਰੋ

ਅਸੀਂ ਜਾਣਦੇ ਹਾਂ ਕਿ ਬੋਰਡ ਪਰੀਖਿਆਵਾਂ ਵਿੱਚ ਗਲਤ ਜਵਾਬਾਂ ਲਈ ਕੋਈ ਨਕਾਰਾਤਮਕ ਮਾਰਕਿੰਗ ਨਹੀਂ ਹੈ। ਇਸ ਲਈ ਉਹਨਾਂ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਨਾ ਡਰੋ ਜਿਸ ਬਾਰੇ ਤੁਸੀਂ ਉਲਝਣ ਵਿੱਚ ਹੋ, ਕਿਉਂਕਿ ਤੁਹਾਡੇ ਕੋਲ ਗੁਆਉਣ ਲਈ ਕੁਝ ਨਹੀਂ ਹੈ। ਪ੍ਰਸ਼ਨ ਨੂੰ ਬਹੁਤ ਧਿਆਨ ਨਾਲ ਪੜ੍ਹੋ। ਪ੍ਰਸ਼ਨ ਦੁਬਾਰਾ ਪੜ੍ਹੋ। ਪ੍ਰਸ਼ਨ ਦੀ ਸ਼ੈਲੀ ਨੂੰ ਸਮਝਣ ਦੀ ਕੋਸ਼ਸ਼ ਕਰੋ ਅਤੇ ਇਹ ਕੀ ਮੰਗਦਾ ਹੈ। ਜੇ ਤੁਹਾਨੂੰ ਜਵਾਬ ਪਤਾ ਹੈ, ਤਾਂ ਇਸ ਨੂੰ ਲਿਖੋ। ਜੇ ਤੁਸੀਂ ਨਹੀਂ ਕਰਦੇ, ਤਾਂ ਆਪਣੇ ਦਿਮਾਗ ਦੀ ਵਰਤੋਂ ਕਰੋ ਅਤੇ ਇਕ ਸਮਾਰਟ ਅੰਦਾਜ਼ਾ ਲਗਾਓ, ਪ੍ਰੀਖਿਅਕ ਹਮੇਸ਼ਾਂ ਤਕਨੀਕੀ ਸ਼ਬਦਾਂ ਜਾਂ ਢੁਕਵੇਂ ਕੀਵਰਡਾਂ ਦੀ ਭਾਲ ਕਰਦੇ ਰਹਿੰਦੇ ਹਨ ਜਿੱਥੇ ਉਹ ਤੁਹਾਨੂੰ ਅੰਕ ਦੇ ਸਕਦੇ ਹਨ।

6. ਉੱਤਰ ਸੀਟ ਨੂੰ ਸਜਾਓ ਨਾ ਸਿਰਲੇਖ ਕਾਲੇ ਕਰੋ

ਬਹੁਤ ਸਾਰੇ ਵਿਦਿਆਰਥੀਆਂ ਵਿੱਚ ਇਹ ਚੰਗੀ ਤਰਾਂ ਵੇਖਿਆ ਜਾਂਦਾ ਹੈ ਕਿ ਉਹਨਾਂ ਨੂੰ ਨੀਲੇ, ਹਰੇ ਅਤੇ ਕਾਲੇ ਰੰਗ ਦੇ ਪੁਆਇੰਟਰ ਜਾਂ ਮਾਰਕਰਾਂ ਨੂੰ ਸਿਰਲੇਖਾਂ ਲਈ ਅਤੇ ਉਹਨਾਂ ਵਿੱਚੋਂ ਹਰੇਕ ਨੂੰ ਰੇਖਾ ਲਗਾ ਕੇ ਰੰਗੀਨ ਢੰਗ ਨਾਲ ਆਪਣੇ ਪ੍ਰਸ਼ਨ ਪੱਤਰ ਦੀ ਕੋਸ਼ਸ਼ ਕਰਨ ਦੀ ਆਦਤ ਹੈ।

ਇਹ ਸਜਾਵਟੀ ਕੰਮ ਕਰਨਾ ਕਿਤੇ ਵੀ ਤੁਹਾਨੂੰ ਕੋਈ ਵਾਧੂ ਅੰਕ ਪ੍ਰਾਪਤ ਕਰਨ ਵਾਲਾ ਨਹੀਂ ਹੈ, ਪਰ ਇਹ ਉਹ ਅਨਮੋਲ ਸਮਾਂ ਜ਼ਰੂਰ ਕੱਢ ਲਵੇਗਾ ਜੋ ਤੁਸੀਂ ਸੋਚਣ ਅਤੇ ਉਹਨਾਂ ਪ੍ਰਸ਼ਨਾਂ ਦੇ ਉੱਤਰ ਲਿਖਣ ਵਿਚ ਇਸਤੇਮਾਲ ਕਰ ਸਕਦੇ ਹੋ ਜੋ ਤੁਸੀਂ ਅੰਤ ਲਈ ਛੱਡ ਗਏ ਸੀ. ਸਿਰਫ ਦੋ ਕਲਮਾਂ ਦੀ ਵਰਤੋਂ ਕਰੋਸ ਟੈਕਸਟ ਲਿਖਣ ਲਈ ਨੀਲੀ ਕਲਮ ਅਤੇ ਸਿਰਲੇਖਾਂ ਲਈ ਇੱਕ ਕਾਲਾ. ਚਿੱਤਰ ਬਣਾਉਣ ਵੇਲੇ, ਤੁਹਾਨੂੰ ਹਮੇਸ਼ਾਂ ਪੈਨਸਿਲ ਦੀ ਵਰਤੋਂ ਕਰਨੀ ਚਾਹੀਦੀ ਹੈ. ਇਹ ਤੁਹਾਡੀ ਉੱਤਰ ਸੀਟ ਨੂੰ ਸਾਦਾ ਰੱਖੇਗੀ ਅਤੇ ਤੁਹਾਨੂੰ ਹੋਰ ਲਿਖਣ ਲਈ ਵੀ ਸਮਾਂ ਦੇਵੇਗੀ।

7. ਹਰੇਕ ਸ਼ਬਦ ਨੂੰ ਬਾਹਰ ਤੋ ਸਪੇਸ ਛੱਡਣ

ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਸ਼ਬਦਾਂ ਨੂੰ ਸਹੀ ਤਰਾਂ ਖਤਮ ਕਰ ਦਿੱਤਾ ਗਿਆ ਹੈ। ਇਕੋ ਲਾਈਨ ਵਿਚ ਦਸ ਸ਼ਬਦਾਂ ਵਿਚ ਨਿਚੋੜ ਨਾ ਕਰੋ. ਪ੍ਰੀਖਿਅਕ ਨੂੰ ਅਜਿਹੇ ਓਵਰਲੈਪਡ ਸ਼ਬਦਾਂ ਨੂੰ ਪੜ੍ਹਨਾ ਮੁਸ਼ਕਲ ਹੋਏਗਾ. ਇਹ ਤੁਹਾਡੇ ਗਰੇਡ ਵਿੱਚ ਗਿਰਾਵਟ ਦਾ ਕਾਰਨ ਹੋ ਸਕਦਾ ਹੈ. ਤੁਹਾਡਾ ਕਾਗ਼ਜ਼ ਸਾਫ਼-ਸੁਥਰਾ ਦਿਖਣਾ ਚਾਹੀਦਾ ਹੈ. ਜਵਾਬ ਬਿੰਦੂਆਂ ਵਿਚ ਲਿਖਣ ਦੀ ਕੋਸ਼ਸ਼ ਕਰੋ. ਸਾਰੇ ਵਾਕ ਇਕੱਠੇ ਕਰਨ ਤੋਂ ਪਰਹੇਜ਼ ਕਰੋ. ਹਰੇਕ ਪ੍ਰਸ਼ਨ ਤੋਂ ਪਹਿਲਾਂ ਅਤੇ ਬਾਅਦ ਵਿਚ ਘੱਟੋ ਘੱਟ ਦੋ ਲਾਈਨਾਂ ਛੱਡੋ. ਅਜਿਹਾ ਕਰਨ ਨਾਲ ਤੁਹਾਨੂੰ ਬਾਅਦ ਵਿਚ ਵੀ ਮਦਦ ਮਿਲੇਗੀ ਜਦੋਂ ਤੁਸੀਂ ਮਹਿਸੂਸ ਕਰੋਗੇ ਕਿ ਤੁਸੀਂ ਆਪਣੇ ਜਵਾਬ ਵਿਚ ਕੁਝ ਸ਼ਾਮਲ ਕਰਨਾ ਚਾਹੁੰਦੇ ਹੋ. ਇਹ ਤੁਹਾਨੂੰ ਤੁਹਾਡੀ ਜਵਾਬ ਸਕ੍ਰਿਪਟ ਨੂੰ ਗੜਬੜਾਉਣ ਤੋਂ ਬਚਾਏਗਾ।

ਬੋਰਡ ਇਮਤਿਹਾਨ ਵਿਚ ਉਚਿਤ ਜਵਾਬ ਲਿਖਣ ਲਈ ਮਹੱਤਵਪੂਰਣ ਸੁਝਾਵਾਂ 'ਤੇ ਇਕ ਝਾਤ ਮਾਰੋ।

ਕਿਸੇ ਖਾਸ ਪ੍ਰਸ਼ਨ ਨੂੰ ਨਿਰਧਾਰਤ ਕੀਤੇ ਗਏ ਨਿਸ਼ਾਨਾਂ ਅਨੁਸਾਰ ਸ਼ਬਦਾਂ ਦੀ ਵਰਤੋਂ ਕਰੋ।

ਸਿਰਫ ਆਪਣੇ ਜਵਾਬਾਂ ਦੀ ਲੰਬਾਈ ਵਧਾਉਣ ਲਈ ਨਾ ਲਿਖੋ। ਇਸ ਦੀ ਬਜਾਏ, ਸਹੀ ਕੀਵਰਡਸ ਦੀ ਵਰਤੋਂ ਕਰਕੇ ਆਪਣੇ ਜਵਾਬ ਲਿਖੋ।

ਆਪਣੇ ਉੱਤਰ ਦੀ ਗੁਣਵੱਤਾ ਨੂੰ ਵਧਾਉਣ ਲਈ ਸੰਖੇਪ ਸ਼ਬਦਾਂ ਦੀ ਵਰਤੋਂ ਕਰਨ ਦੀ ਕੋਸ਼ਸ਼ ਕਰੋ।

ਸ਼ਬਦਾਂ ਦੇ ਛੋਟੇ ਰੂਪਾਂ ਦੀ ਵਰਤੋਂ ਨਾ ਕਰੋ ਜਿਵੇਂ ਨਾ ਕਰੋ, ਨਾ ਕਰ ਸਕਦੇ ਹੋ, ਨਹੀਂ ਕਰ ਸਕਦੇ, ਆਦਿ ਨਹੀਂ।

ਆਪਣੇ ਜਵਾਬ ਦੀ ਵਿਆਖਿਆ ਕਰਨ ਲਈ ਆਮ ਅਤੇ ਸਰਲ ਸ਼ਬਦਾਂ ਦੀ ਵਰਤੋਂ ਕਰੋ।

ਆਪਣੇ ਜਵਾਬ ਨੂੰ ਸਜਾਓ ਨਾ. ਬੱਸ ਇਸ ਤਰੀਕੇ ਨਾਲ ਲਿਖੋ ਕਿ ਇਹ ਅਸਾਨੀ ਨਾਲ ਪੜਨਯੋਗ ਹੈ. ਆਪਣੇ ਸ਼ਬਦਾਂ ਨੂੰ ਸਹੀ ਢੰਗ ਨਾਲ ਬਾਹਰ ਕੱਢੋ ਅਤੇ ਉੱਤੇ ਲਿਖਣ ਤੋਂ ਪਰਹੇਜ਼ ਕਰੋ।

ਚਿੱਤਰਾਂ ਨੂੰ ਵਧੇਰੇ ਆਕਰਸ਼ਕ ਅਤੇ ਅਰਥਪੂਰਨ ਬਣਾਉਣ ਲਈ ਆਪਣੇ ਜਵਾਬਾਂ ਵਿਚ ਚਿੱਤਰ ਦੀ ਵਰਤੋਂ ਕਰੋ।

8. ਘਬਰਾਓ ਨਾ
ਧਿਆਨ ਕੇਂਦਰਿਤ ਰਹੋ

ਤੁਹਾਡੇ ਲਈ ਸਭ ਕੁਝ ਜਾਣਨਾ ਹਮੇਸ਼ਾਂ ਸਪਸ਼ਟ ਨਹੀਂ ਹੁੰਦਾ. ਕੁਝ ਪ੍ਰਸ਼ਨ ਹੋ ਸਕਦੇ ਹਨ ਜੋ ਤੁਹਾਨੂੰ ਤੁਹਾਡੀ ਜਾਣਕਾਰੀ ਤੋਂ ਪਰੇ ਮਿਲਦੇ ਹਨ. ਅਜਿਹੇ ਸਮੇਂ, ਘਬਰਾਓ ਜਾਂ ਡਰੋ ਨਾ ਕਿਉਂਕਿ ਇਹ ਤੁਹਾਡੇ ਦਿਮਾਗ ਨੂੰ ਇਸ ਨੂੰ ਖਾਲੀ ਬਣਾਉਣ 'ਤੇ ਬੁਰੀ ਤਰਾਂ ਪ੍ਰਭਾਵਿਤ ਕਰ ਸਕਦਾ ਹੈ। ਇਸ ਤਰੀਕੇ ਨਾਲ ਤੁਸੀਂ ਉਹਨਾਂ ਪ੍ਰਸ਼ਨਾਂ ਦੇ ਜਵਾਬ ਦੇਣ ਦੇ ਯੋਗ ਵੀ ਨਹੀਂ ਹੋਵੋਗੇ ਜੋ ਤੁਸੀਂ ਮੁਢਲੇ ਤੌਰ ਤੇ ਜਾਣਦੇ ਸੀ. ਸਮਝਦਾਰੀ ਨਾਲ ਸੋਚੋ, ਸ਼ਾਂਤ ਅਤੇ ਕੇਂਦਰਿਤ ਰਹੋ।

ਤੁਹਾਡੇ ਕੋਲ ਸਾਰੇ ਪ੍ਰਸ਼ਨਾਂ ਦੇ ਜਵਾਬ ਸੋਚਣ ਅਤੇ ਫਰੇਮ ਕਰਨ ਲਈ ਕਾਫ਼ੀ ਸਮਾਂ ਹੋਵੇਗਾ. ਆਪਣੇ ਆਪ ਨੂੰ ਪੂਰੇ ਵਿਸ਼ਵਾਸ ਨਾਲ ਉਤਸ਼ਾਹਿਤ ਕਰਨ ਲਈ ਤੁਹਾਨੂੰ ਸਮਝਦਾਰੀ ਨਾਲ ਕੰਮ ਕਰਨ ਦੀ ਲੋੜ ਹੈ।

9. ਆਪਣੀ ਉੱਤਰ ਸੀਟ ਦੀ ਜਾਂਚ ਕਰੋ

ਤੁਹਾਡੇ ਦੁਆਰਾ ਪੇਪਰ ਪੂਰਾ ਕਰਨ ਤੋਂ ਬਾਅਦ ਆਪਣੀ ਉੱਤਰ ਸੀਟ ਦੀ ਜਾਂਚ ਕਰਨਾ ਨਾ ਭੁੱਲੋ ਅਤੇ ਇਹ ਵੀ ਘੱਟੋ ਘੱਟ ਦੋ ਵਾਰ ਜਾਂਚ ਕਰੋ ਕਿ ਤੁਸੀਂ ਕੀ ਲਿਖਿਆ ਹੈ. ਜਵਾਬਾਂ ਦਾ ਸੰਖੇਪ ਦੱਸਦੇ ਸਮੇਂ, ਅਸੀਂ ਬੇਵਕੂਫ਼ੀਆਂ ਗ਼ਲਤੀਆਂ ਵੇਖ ਲੈਂਦੇ ਹਾਂ ਜਿਹੜੀਆਂ ਬਿਨਾਂ ਜਾਂਚ ਕੀਤੇ ਛੱਡੀਆਂ ਜਾਂਦੀਆਂ ਜੇ ਜਾਂਚ ਨਾ ਕੀਤੀਆਂ ਜਾਂਦੀਆਂ. ਜਾਂਚ ਕਰੋ ਕਿ ਕੀ ਤੁਸੀਂ ਕੋਈ ਪ੍ਰਸ਼ਨ ਨਹੀਂ ਛੱਡਿਆ. ਇਹ ਵੀ ਧਿਆਨ ਰੱਖੋ ਕਿ ਤੁਸੀਂ ਪ੍ਰੀਖਿਆ ਕਰਤਾ ਨੂੰ ਸੀਟ ਸੌਂਪਣ ਤੋਂ ਪਹਿਲਾਂ ਆਪਣੇ ਰੋਲ ਨੰਬਰ ਨੂੰ ਚੰਗੀ ਤਰਾਂ ਅਤੇ ਸਹੀ ਤਰੀਕੇ ਨਾਲ ਲਿਖਿਆ ਹੈ।

ਇਹ ਮਹੱਤਵਪੂਰਣ ਤਕਨੀਕਾਂ, ਜੇ ਤੁਹਾਡੇ ਜਵਾਬਾਂ ਨੂੰ ਤਿਆਰ ਕਰਦੇ ਸਮੇਂ ਸਹੀ ਢੰਗ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ, ਇਹ ਯਕੀਨੀ ਤੌਰ 'ਤੇ ਤੁਹਾਡੀ ਬੋਰਡ ਪ੍ਰੀਖਿਆ 2021 ਵਿਚ ਸਰਬੋਤਮ ਅੰਕ ਸੁਰੱਖਿਅਤ ਕਰਨ ਵਿਚ ਤੁਹਾਡੀ ਮਦਦ ਕਰਨਗੀਆਂ। ਇਹ ਤਕਨੀਕਾਂ ਤੁਹਾਨੂੰ ਸਮੇਂ ਦੇ ਸੀਮਾਵਾਂ ਵਿਚ ਤੁਹਾਡੇ ਕਾਗ਼ਜ਼ ਨੂੰ ਪੂਰਾ ਕਰਨ ਵਿਚ ਸਹਾਇਤਾ ਵੀ ਕਰਨਗੀਆਂ। ਨਤੀਜੇ ਬਾਰੇ ਚਿੰਤਤ ਹੋਏ ਬਿਨਾਂ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰੋ।

ਨੌਜਵਾਨਾਂ 'ਤੇ ਸੋਸ਼ਲ ਮੀਡੀਆ ਦਾ ਪ੍ਰਭਾਵ

ਸੋਸ਼ਲ ਮੀਡੀਆ ਉਹਨਾਂ ਸਾਰੀਆਂ ਐਪਲੀਕੇਸ਼ਨਾਂ ਅਤੇ ਵੈਬਸਾਈਟਾਂ ਜਾਂ ਬਲੌਗਾਂ ਦਾ ਹਵਾਲਾ ਦਿੰਦਾ ਹੈ ਜੋ ਦੁਨੀਆ ਭਰ ਦੇ ਲੋਕਾਂ ਨੂੰ ਇੰਟਰਨੈਟ ਨਾਲ ਜੁੜਨ, ਗੱਲਬਾਤ ਕਰਨ, ਅਤੇ ਸਮੱਗਰੀ ਨੂੰ ਸਾਂਝਾ ਕਰਨ, ਵੀਡੀਓ ਕਾਲਾਂ ਨੂੰ ਇਸ ਦੀਆਂ ਉਪਭੋਗਤਾਵਾਂ ਨੂੰ ਪੇਸ਼ ਕਰਨ ਵਾਲੀਆਂ ਕਈ ਹੋਰ ਕਾਰਜ ਕੁਸ਼ਲਤਾਵਾਂ ਵਿੱਚ ਯੋਗ ਕਰਦੇ ਹਨ. ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸੋਸ਼ਲ ਮੀਡੀਆ ਦਾ ਮੈਂਬਰ ਬਣਨ ਲਈ, ਉਸ ਨੂੰ ਪਹਿਲਾਂ ਸਾਇਨਅਪ ਕਰਨਾ ਪੈਂਦਾ ਹੈ ਅਤੇ ਫਿਰ ਸਮੱਗਰੀ ਨੂੰ ਐਕਸੈਸ ਕਰਨ ਲਈ ਸਾਈਨ ਇਨ ਕਰਨਾ ਪੈਂਦਾ ਹੈ ਅਤੇ ਉਸ ਸੋਸ਼ਲ ਮੀਡੀਆ ਪਲੇਟਫਾਰਮ ਦੇ ਦੂਜੇ ਉਪਭੋਗਤਾਵਾਂ ਨਾਲ ਸਾਂਝਾ ਕਰਨ ਅਤੇ ਗੱਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ. ਕੁਝ ਆਮ ਅਤੇ ਵਿਆਪਕ ਤੌਰ ਤੇ ਵਰਤੇ ਜਾਂਦੇ ਸੋਸ਼ਲ ਮੀਡੀਆ ਪਲੇਟਫਾਰਮਾਂ ਵਿੱਚ ਫੇਸਬੁੱਕ, ਟਵਿੱਟਰ, ਵਟਸਐਪ, ਸਨੈਪਚੈਟ ਕਈਆਂ ਵਿੱਚ ਸ਼ਾਮਲ ਹਨ।

ਪਿਛਲੇ ਦੋ ਦਹਾਕਿਆਂ ਤੋਂ, ਸੋਸ਼ਲ ਮੀਡੀਆ ਨੇ ਇਸ ਹੱਦ ਤਕ ਵਿਸ਼ਵ ਭਰ ਵਿਚ ਇੰਨੀ ਜਿਆਦਾ ਵਾਧਾ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਕਿ ਬਹੁਤ ਸਾਰੇ ਖੋਜਕਰਤਾ ਹੁਣ ਇਹਨਾਂ ਸਮਾਜਿਕ ਪਲੇਟਫਾਰਮਾਂ ਅਤੇ ਕਮਿਊਨਿਟੀ ਤੇ ਉਹਨਾਂ ਦੇ ਪ੍ਰਭਾਵਾਂ ਬਾਰੇ ਵਧੇਰੇ ਸਿੱਖਣ ਵਿਚ ਦਿਲਚਸਪੀ ਰੱਖਦੇ ਹਨ. ਇਸ ਤੱਥ ਦੇ ਬਾਵਜੂਦ ਕਿ ਕਮਿਊਨਿਟੀ ਵਿੱਚ ਲਗਭਗ ਹਰ ਕੋਈ ਘੱਟੋ ਘੱਟ ਇੱਕ ਸੋਸ਼ਲ ਮੀਡੀਆ ਪਲੇਟਫਾਰਮ ਨਾਲ ਜੁੜਿਆ ਹੋਇਆ ਹ

ਲਾਲ ਕਿਲ੍ਹੇ ਤੇ ਵਾਪਰੀਆਂ ਘਟਨਾਵਾਂ ਦੀ ਜਿੰਮੇਵਾਰ ਕੇਂਦਰ ਸਰਕਾਰ!

ਜੰਗ ਸਿੰਘ
91-94170-95965

ਜਿਸ ਗੱਲ ਦਾ ਡਰ ਸੀ ਕਿ ਕਿਸਾਨ ਜਥੇਬੰਦੀਆਂ ਵਲੋਂ 26 ਜਨਵਰੀ ਨੂੰ ਲੱਖਾਂ ਟਰੈਕਟਰਾਂ ਨਾਲ ਦਿੱਲੀ ਵਿਖੇ ਕੀਤੀ ਜਾਣ ਵਾਲੀ'ਕਿਸਾਨ ਪਰੇਡ'ਨੂੰ ਪੂਰੇ ਜ਼ਾਬਤੇ ਨਾਲ ਕੱਢ ਕਰ ਸਕੇਗੀ? ਉਸ ਬਾਰੇ ਨਿਰਪੱਖ ਮੀਡੀਏ ਵਲੋਂ ਦਿੱਤੀ ਜਾ ਰਹੀ ਜਾਣਕਾਰੀ ਮੁਤਾਬਿਕ ਉਹ 95% ਤੋਂ ਵਧੇਰੇ ਕਾਮਯਾਬ ਹੋਈਆਂ ਹਨ। ਪਰ ਮੋਦੀ, ਸ਼ਾਹ ਦੇ ਹੱਥ-ਠੋਕੇ ਜਿਨ੍ਹਾਂ ਦੇ ਨਾਂ ਜੱਗ ਜ਼ਾਹਰ ਹੋ ਚੁੱਕੇ ਹਨ। ਉਨ੍ਹਾਂ ਨੇ ਇਸ ਨੂੰ ਖਰਾਬ ਕਰਨ ਦਾ ਯਤਨ ਕੀਤਾ ਹੈ। ਪਰ ਇਸ ਨਾਲ ਸੰਘਰਸ਼ ਕਰ ਰਹੇ ਕਿਸਾਨਾਂ ਦਾ ਤਾਂ ਕੁਝ ਖਾਸ ਨਹੀਂ ਗਿਆ।ਪਰ ਸਰਕਾਰ ਦਾ ਸੰਸਾਰ ਭਰ ਵਿੱਚ ਕੁਝ ਬਾਕੀ ਬਚਿਆ ਨਹੀਂ!ਉਸ ਦਾ ਅਕਸ ਹੀ ਖਰਾਬ ਹੋਇਆ ਹੈ। ਸਰਕਾਰ ਨੇ ਕੁਝ ਸਬਕ ਸਿੱਖਣ ਦੀ ਬਜਾਏ ਬਦਲਾ ਲਊ ਭਾਵਨਾ ਤਹਿਤ ਕਿਸਾਨ ਆਗੂਆਂ ਤੇ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਪਰੇਸ਼ਾਨ ਕਰਨ ਲਈ ਜਿਹੜੇ ਹੱਥ ਕੰਢੇ ਵਰਤ ਰਹੀ ਹੈ। ਜੇ ਕਰ ਉਸ ਨੇ ਅਜਿਹੀ ਕੋਈ ਕਾਰਵਾਈ ਕੀਤੀ ਤਾਂ ਇਸ ਨਾਲ ਦੇਸ਼ ਦਾ ਮਾਹੌਲ ਹੋਰ ਖਰਾਬ ਹੋਣ ਦੇ ਅਸਾਰ ਜਰੂਰ ਬਣ ਜਾਣਗੇ । ਜੇ ਕਰ ਕਿਸਾਨ ਅੰਦੋਲਨ ਤੇ ਪੜਚੋਲਵੀਂ ਝਾਤ ਮਾਰੀਏ ਤਾਂ ਵਿਸ਼ਵ ਦਾ ਹਰ ਉਹ ਇਨਸਾਨ ਜਿਹੜਾ ਪੂਰਨ ਰੂਪ ਵਿੱਚ ਨਿਰਪੱਖ ਸੋਚ ਰਖਦਾ ਹੈ।ਉਹ ਇਸ ਸਾਰੇ ਘਟਨਾ ਕਰਮ ਦਾ ਜਿੰਮੇਵਾਰ ਕੇਂਦਰ ਦੀ ਸਰਕਾਰ ਨੂੰ ਹੀ ਠਹਿਰਾਏਗਾ।ਕਿਸਾਨਾਂ ਦਾ ਇਹ ਅੰਦੋਲਨ ਜਿਹੜਾ ਪੰਜਾਬ ਵਿੱਚ ਸਤੰਬਰ 2020 ਵਿੱਚ ਸ਼ੁਰੂ ਹੋਇਆ ਸੀ।ਉਥੇ ਉਹ ਲਗਾਤਾਰ ਇਸ ਸੰਘਰਸ਼ ਨੂੰ ਸ਼ੁਰੂ ਕਰਨ ਤੋਂ ਵੀ ਕਾਫੀ ਸਮਾਂ ਪਹਿਲਾਂ ਵੱਖ ਵੱਖ ਢੰਗਾਂ ਨਾਲ ਸਰਕਾਰਾਂ ਨੂੰ ਇਹ ਬੇਨਤੀਆਂ ਕਰਦੇ ਆ ਰਹੇ ਸਨ ਕਿ ਜਿਹੜੇ ਸਰਕਾਰ ਨੇ ਗੈਰ ਵਿਧਾਨਿਕ ਢੰਗ ਨਾਲ ਕਿਸਾਨੀ ਕਾਨੂੰਨ ਬਣਾਏ ਹਨ। ਉਹ ਬਿਨਾ ਕਿਸੇ ਪ੍ਰਕਿਰਿਆ ਨੂੰ ਅਪਣਾਏ, ਤਾਨਾਸ਼ਾਹੀ ਤਰੀਕੇ ਨਾਲ ਕਿਸਾਨਾਂ ਤੇ ਮੜ੍ਹੇ ਗਏ ਹਨ।ਜਿਨ੍ਹਾਂ ਦੀ ਉਨ੍ਹਾਂ ਨੇ ਕਦੇ ਮੰਗ ਹੀ ਨਹੀਂ ਸੀ ਕੀਤੀ।ਜਦੋਂ ਉਨ੍ਹਾਂ ਦੀ ਕੋਈ ਗੱਲ ਸੁਣੀ ਹੀ ਨਹੀਂ ਗਈ ਤਾਂ ਉਨ੍ਹਾਂ ਨੂੰ ਮਜਬੂਰਨ ਇਸ ਅੰਦੋਲਨ ਨੂੰ ਦੇਸ਼ ਵਿਆਪੀ ਬਣਾ ਕੇ ਦਿੱਲੀ ਆਉਣ ਲਈ ਮਜਬੂਰ ਹੋਣਾ ਪਿਆ।ਜਿਹੜੇ ਜਿਹੜੇ ਜੋਖਮ ਝੱਲ ਕੇ ਉਹ ਆਏ।ਇਸ ਬਾਰੇ ਬੜਾ ਕੁਝ ਪਹਿਲਾਂ ਹੀ ਮੀਡੀਏ ਰਾਹੀਂ ਬਿਰਤਾਂਤ ਕੀਤਾ ਜਾ ਚੁੱਕਿਆ ਹੈ। ਕਿੰਨੀ ਤਰਾਸਦੀ ਦੀ ਗੱਲ ਹੈ ਕਿ ਉਨ੍ਹਾਂ ਕੋਲੋਂ ਸੰਵਿਧਾਨਿਕ ਹੱਕ ਖੋਹ ਕੇ ਉਨ੍ਹਾਂ ਨੂੰ ਆਪਣੀ ਹੀ ਰਾਜਧਾਨੀ ਦਿੱਲੀ ਵਿਖੇ ਆਣ ਕੇ ਸਰਕਾਰ ਕੋਲ ਆਪਣਾ ਦੁੱਖ ਦਰਦ ਦੱਸਣ ਨਹੀਂ ਦਿੱਤਾ ਗਿਆ।ਉਨ੍ਹਾਂ ਨੂੰ ਦਿੱਲੀ ਤੋਂ ਬਾਹਰ ਬਾਰਡਰਾਂ ਤੇ ਧਰਨਾ ਲਗਾ ਕੇ ਬੈਠਣ ਲਈ ਮਜਬੂਰ ਕਰ ਦਿੱਤਾ। ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਅੱਜ ਦੇਸ਼ ਭਰ ਦਾ ਬਣ ਕੇ ਹੀ ਨਹੀਂ ਬਲਕਿ ਸੰਸਾਰ ਵਿੱਚ ਇਸ ਨੂੰ ਪੂਰਨ ਹਮਾਇਤ ਮਿਲ ਰਹੀ ਹੈ। ਇਥੋਂ ਤਕ ਕਿ ਵਿਸ਼ਵ ਦੀ ਸਰਬ ਉੱਚ ਸੰਸਥਾ ਯੂ .ਐਨ. ਓ. ਵਿਕਸਤ ਦੇਸ਼ ਅਮਰੀਕਾ ਤੋਂ ਬਿਨਾ ਕਨੇਡਾ, ਬਰਤਾਨੀਆ, ਨਿਊਜੀਲੈਂਡ, ਆਸਟਰੇਲੀਆ ਇਟਲੀ, ਜਰਮਨੀ ਆਦਿ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਕਿਸਾਨਾਂ ਦੇ ਹੱਕ ਵਿੱਚ ਭਾਰਤ ਦੀ ਸਰਕਾਰ ਨੂੰ ਲਿਖਣਾ ਪਿਆ ਹੈ ਕਿ ਉਹ ਦੇਸ਼ ਕਿਸਾਨਾਂ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਖਤਮ ਕਰ ਕੇ ਉਨ੍ਹਾਂ ਦੇ ਮਸਲੇ ਦਾ ਨਿਪਟਾਰਾ ਕਰੇ।ਇਹ ਵੀ ਖ਼ਬਰ ਹੈ ਕਿ ਇਸ ਕਿਸਾਨੀ ਸੰਘਰਸ਼ ਤੋਂ ਪ੍ਰਭਾਵਤ ਹੋ ਕੇ ਇਕ ਛੋਟੇ ਜਿਹੇ ਮੁਲਕ ਅਫਰੀਕਾ ਦੇ ਕਿਸਾਨਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਜੱਦੋ-ਜਹਿਦ ਸ਼ੁਰੂ ਕਰ ਦਿੱਤੀ ਹੈ। ਪਰ ਭਾਰਤ ਦੀ ਸਰਕਾਰ ਉੱਤੇ ਆਪਣੀ ਲੋਕ ਸਭਾ ਵਿੱਚ ਭਾਰੀ ਬਹੁਮਤ ਹੋਣ ਦੀ ਹਉਮੇ ਦਾ ਭੂਤ ਸਵਾਰ ਹੈ। ਉਹ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ।ਕਿਸਾਨ ਅੰਦੋਲਨ ਨੂੰ ਸ਼ੁਰੂ ਹੋਇਆਂਕਈ ਮਹੀਨੇ ਹੋ ਗਏ ਹਨ।ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਉਨਾਂ ਨੂੰ ਦਿੱਲੀ ਦੇ ਬਾਰਡਰਾਂ ਉੱਤੇ ਆਪਣਾ ਅੰਦੋਲਨ ਚਲਾਉਣਾ ਪੈ ਰਿਹਾ ਹੈ। ਇਸ ਦੌਰਾਨ ਸਰਕਾਰ ਨੇ ਕਿਸਾਨੀ ਮੰਗਾਂ ਨੂੰ ਸਵੀਕਾਰ ਕਰਨ ਦੀ ਥਾਂ ਤੇ ਉਨ੍ਹਾਂ ਨਾਲ 10-11 ਮੀਟਿੰਗਾਂ ਕਰਨ ਦੇ ਬਾਵਜੂਦ ਗੈਰ ਵਿਧਾਨਿਕ ਤੌਰ ਤੇ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਬਿੱਲ ਵਾਪਿਸ ਲੈਣ ਦੀ ਥਾਂ ਤੇ ਕਿਸਾਨਾਂ ਨੂੰ ਹਰ ਮੀਟਿੰਗ ਵਿੱਚ ਬਿੱਲਾਂ ਦੇ ਗੁਣ ਦਸੀ ਜਾਣੇ ਕਿ ਬਿੱਲ ਬੜੇ ਵਧੀਆ ਹਨ। ਉਸ ਦੀ ਇਸ ਸ਼ਾਤਰਤਾ ਤੋਂ ਪਤਾ ਲਗਦਾ ਹੈ ਕਿ ਉਸ ਨੇ ਬਿੱਲ ਵਾਪਿਸ ਤਾਂ ਕੀ ਲੈਣੇ ਹਨ? ਉਸ ਦਾ ਨਿਸ਼ਾਨਾ ਕਿਸਾਨਾਂ ਦੇ ਸੰਘਰਸ਼ ਵਿੱਚ ਆਪਣੇ ਬੰਦੇ ਵਾੜ੍ਹ ਕੇ ਇਸ ਨੂੰ ਫੇਲ੍ਹ ਕਰਨਾ ਸੀ। ਦੇਸ਼ ਦੀ ਰ ਸ ਸ ਸਰਕਾਰ ਨੇ ਬੜੀ ਗੰਦੀ ਰਾਜਨੀਤਕ ਖੇਡ ਕੇ ਬੜੀ ਸਾਜਿਸ਼ ਨਾਲ 26 ਜਨਵਰੀ ਦੇ ਇਸ ਅੰਦੋਲਨ ਨੂੰ ਫੇਲ੍ਹ ਕਰਨ ਦੇ ਨਾਲ ਬਾਜੀ ਜਿੱਤਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਭਾਜਪਾ ਸਰਕਾਰ ਦੇ ਨਾਲ ਉਸ ਦੇ ਗੋਦੀ ਮੀਡੀਏ ਦਾ ਚਿਹਰਾ ਹੋਰ ਨੰਗਾ ਹੋ ਗਿਆ ਹੈ। ਇੰਝ ਲਗ ਰਿਹਾ ਹੈ ਜਿਵੇਂਸਰਕਾਰ ਨੇ ਕਿਸਾਨ ਅੰਦੋਲਨ ਦੇ ਬਰਾਬਰ ਸਿੰਘੂ ਬਾਰਡਰ ਤੇ ਇਕ ਹੋਰ ਸੰਸਥਾ ਦੀ ਸਟੇਜ ਲਗਾਈ ਹੋਈ ਹੋਵੇ, ਜਿਸ ਨੇ ਬੁਰੱਕਾ ਤਾਂ ਕਿਸਾਨੀ ਦਾ ਪਹਿਨਿਆ ਹੋਇਆ ਹੈ।ਪਰ ਕੰਮ ਉਹ ਕਰ ਰਹੀ ਹੈ ਜੋ ਸਰਕਾਰ ਚਾਹੁੰਦੀ ਹੈ।ਇਹ ਸਭ ਕੁਝਜੱਗ ਜ਼ਾਹਰ ਹੋ ਗਿਆ ਹੈ। ਜਿਸ ਵਿੱਚ ਫਿਲਮੀ ਕਲਾਕਾਰ ਦੀਪ ਸਿੱਧੂ , ਸ੍ਰ ਸਤਨਾਮ ਸਿੰਘ ਪੰਨੂ ਪ੍ਰਧਾਨ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਲੱਖਾ ਸਿਧਾਣਾ ਆਦਿ ਕਈਆਂ ਦੇ ਨਾਂ ਵੱਜ ਰਹੇ ਹਨ। ਇਹਨਾਂ ਨੇ ਕਿਸਾਨ ਮੋਰਚੇ ਦੇ ਬਣਾਏ ਪ੍ਰੋਗਰਾਮ ਦੇ ਉਲੱਟ 26 ਜਨਵਰੀ ਨੂੰ ਰਿੰਗ ਰੋਡ ਰਾਹੀਂ ਦਿੱਲੀ ਜਾਣ ਦਾ ਪ੍ਰੋਗਰਾਮ ਬਣਾਉਣ ਲਈ ਕਿਸਾਨ ਮੋਰਚੇ ਦੀ ਸਟੇਜ ਤੇ ਦੇਰ ਰਾਤ ਉਸ ਤੇ ਜਬਰੀ ਕਬਜਾ ਕਰ ਕੇ ਗਰਮ ਗਰਮ ਭਾਸ਼ਨ ਦੇਕੇ ਨੌਜੁਆਨਾਂ ਨੂੰ ਉਕਸਾਇਆ ਤੇ ਲੋਕਾਂ ਨੂੰ ਰਿੰਗ ਰੋਡ ਰਾਹੀਂ ਦਿੱਲੀ ਜਾਣ ਦਾ ਪ੍ਰੋਗਰਾਮ ਦਿੱਤਾ। ਇਹ ਵੀ ਪਰਤੱਖ ਸਬੂਤ ਮਿਲ ਗਏ ਹਨ ਕਿ ਦੀਪ ਸਿੱਧੂ ਲਾਲ ਕਿਲ੍ਹੇ ਤੇ ਨਿਸ਼ਾਨ ਸਾਹਿਬ ਤੇ ਕਿਸਾਨੀ ਝੰਡਾ ਝੁਕਾਉਣ ਵੇਲੇ ਸ਼ਾਮਲ ਸੀ। ਇਸ ਨੇ ਹੀ ਇਕ ਸਿੱਖ ਨੌਜੁਆਨ ਲੜਕੇ ਨੂੰ ਝੰਡਾ ਚੜਾਉਣ ਲਈ ਪੋਲ ਤੇ ਚੜਾਇਆ, ਇਸ ਸਬੰਧੀ ਇਕ ਵੀ. ਡੀ. ਓ. ਸੋਸ਼ਲ ਮੀਡੀਏ ਤੇ ਜੱਗ ਜ਼ਾਹਰ ਵੀ ਹੋ ਗਈ ਹੈ। ਹੁਣ ਸੁਆਲ ਇਹ ਉੱਠਦਾ ਹੈ ਕਿ ਆਮ ਹਾਲਤਾਂ ਵਿੱਚ ਵੀ ਲਾਲ ਕਿਲ੍ਹੇ ਤੇ ਕੋਈ ਪਰਿੰਦਾ ਨਹੀਂ ਫੜ੍ਹਕ ਸਕਦਾ ।ਫਿਰ 26 ਜਨਵਰੀ ਗਣਤੰਤਰ ਦਿਵਸ ਦੇ ਮੌਕੇ ਜਦੋਂ ਸਿਰਫ ਦੋ ਘੰਟੇ ਪਹਿਲਾਂ ਦੇਸ਼ ਦੇ ਰਾਸ਼ਟਰਪਤੀ ਉਸੇ ਥਾਂ ਤੇ ਤਿਰੰਗਾ ਝੰਡਾ ਝੁਲਾ ਕੇ ਗਏ ਹੋਣ ਤਾਂ ਉਸ ਸਮੇਂ ਜਦੋਂ ਸਰਕਾਰ ਕੋਲ ਪੁਲੀਸ, ਅਰਧ ਸੈਨਿਕ ਬੱਲ, ਫੌਜ ਆਦਿ ਦੇ ਸਾਰੇ ਸਾਧਨ ਹੁੰਦਿਆਂ ਹੋਇਆਂ, ਜੇ ਕਰ ਲਾਲ ਕਿਲ੍ਹੇ ਤੇ ਹੋਰ ਝੰਡੇ ਝੁਲਾਉਣ ਵਾਲੀ ਇਤਨੀ ਵੱਡੀ ਘਟਨਾ ਹੋ ਜਾਵੇ। ਖ਼ਬਰਾਂ ਦਸ ਰਹੀਆਂ ਹਨ ਕਿ ਜਦੋਂ ਕੁਝ ਅੰਸਰਾਂ ਨੇ ਇਹ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ 26 ਜਨਵਰੀ ਨੂੰ ਲਾਲ ਕਿਲ੍ਹੇ ਤੇ ਜਾਣਗੇ ਤਾਂ ਫਿਰ ਵੱਡੇ ਪਧੱਰ ਤੇ ਪੁਲੀਸ ਫੋਰਸ ਨੂੰ ਕਿਉਂ ਨਹੀਂ ਲਗਾਇਆ ਗਿਆ?ਜਿਹੜੀਪੁਲਸ ਉੱਤੇ ਉਸ ਵੇਲੇ ਮੌਜੂਦ ਸੀ , ਉਸ ਨੇ ਲੋਕਾਂ ਨੂੰ ਪਹਿਲਾਂ ਤਾਂ ਲਾਲ ਕਿਲ੍ਹੇ ਤੇ ਇਹ ਕਾਰਵਾਈਆਂ ਕਰਨ ਲਈ ਖੁੱਦ ਜਾਣ ਦਿੱਤਾ ਤੇ ਆਪ ਕੁਰਸੀਆਂ ਤੇ ਮਜੇ ਨਾਲ ਬੈਠ ਕੇ, ਮੂਕ ਦਰਸ਼ਕ ਬਣ ਕੇ ਇਸ ਸਭ ਕੁਝ ਨੂੰ ਹੁੰਦੇ ਹੋਏ ਵੇਖਦੀ ਰਹੀ। ਜੋ ਇਹ ਸਾਬਿਤ ਕਰ ਰਿਹਾ ਹੈ ਇਹ ਸਾਰਾ ਕੁਝ ਸਰਕਾਰ ਨੇ ਉਕੱਤ ਬਿਆਨੇ ਅੰਸਰਾਂ ਰਾਹੀਂ ਮਿਲੀ ਭੁਗਤ ਕਰਕੇ ਕਰਾਇਆ ਹੈ ਤਾਂ ਕਿ ਕਿਸਾਨੀ ਅੰਦੋਲਨ ਨੂੰ ਇਹ ਕਹਿ ਕੇ ਭੰਡਿਆ ਜਾ ਸਕੇ ਕਿ ਇਹ ਕਿਸਾਨ ਨਹੀਂ, ਇਹ ਤਾਂ ਖਾਲਿਸਤਾਨੀ, ਅਤਿਵਾਦੀ, ਮਾਉਵਾਦੀ, ਪਾਕਿਸਤਾਨੀ ਵਗੈਰਾ ਵਗੈਰਾ ਹਨ। ਉਸ ਅੰਸਰ ਨੇ ਲਾਲ ਕਿਲ੍ਹੇ ਤੇ ਝੰਡਾ ਝੁਲਾ ਕੇ ਇਹ ਸਾਬਤ ਵੀ ਕਰ ਦਿੱਤਾ ਹੈ । ਇਹੋ ਕੁਝ ਸਰਕਾਰ ਪਹਿਲਾਂ ਹੀ ਪ੍ਰਚਾਰ ਕਰਦੀ ਆ ਰਹੀ ਸੀ।ਇਹਨਾਂ ਹਾਲਾਤਾਂ ਨੇ ਦੱਸ ਦਿੱਤਾ ਹੈ ਕਿ ਦੇਸ਼ ਵਿਚ ਕਾਨੂੰਨ ਨਾ ਦੀ ਕੋਈ ਵਿਵਸਥਾ ਨਹੀਂ। ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿੱਤ ਸ਼ਾਹ ਨੂੰ ਆਪਣੀ ਗੈਰ ਜਿੰਮੇਵਾਰੀ ਨਿਭਾਉਣ ਦੇ ਅਧਾਰ ਤੇ ਇਸ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ। ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸਾਨਾਂ ਦਾ ਇਹ ਸੰਘਰਸ਼ ਇਕ ਚਮਕਦੇ ਸੂਰਜ ਵਾਗੂੰ ਹੱਕ ਤੇ ਸੱਚ ਤੇ ਖੜ੍ਹਾ ਹੈ।ਇਸ ਨੂੰ ਕਾਲੇ ਬੱਦਲ ਢੱਕ ਨਹੀਂ ਸਕਦੇ! ਕਿਉਂਕਿ ਸੂਰਜ ਨੇ ਹਰ ਹਾਲਤ ਵਿੱਚ ਦੇਰ ਸਵੇਰ ਚੜ੍ਹ ਕੇ ਰਹਿਣਾ ਹੁੰਦਾ ਹੈ ਤੇ ਕਾਲੇ, ਚਿੱਟੇ ਬੱਦਲਾਂ ਨੇ ਲੋਕਾਂ ਦੀਆਂ ਤੇਜ ਹਵਾਵਾਂ ਕਾਰਨ ਉੱਡ ਪੁੱਡ ਜਾਣਾ ਹੁੰਦਾ ਹੈ। ਬਸ ਉਹੋ ਕੁਝ ਹੋਇਆ ਹੈ ਕਿ ਕਿਸਾਨਾਂ ਦੇ ਜਲੋਅ ਨੇ ਸਰਕਾਰ ਤੇ ਇਨਾਂ ਕਾਲੀਆਂ ਭੇਡਾਂ ਨੂੰ ਸੰਸਾਰ ਭਰ ਵਿੱਚ ਨਿਖੇੜ ਕੇ ਰੱਖ ਦਿੱਤਾ ਹੈ। ਜਿਸ ਕਾਰਨ ਇਹ ਲੋਕ ਸੰਸਾਰ ਦੇ ਲੋਕਾਂ ਨੂੰ ਆਪਣੇ ਕਾਲੇ ਮੂੰਹ ਦਿਖਾਉਣ ਜੋਗੇ ਵੀ ਨਹੀਂ ਰਹੇ। ਜੇ ਕਰ ਇਹ 'ਕਿਸਾਨ ਪਰੇਡ' ਸ਼ਾਤੀ ਪੂਰਵਕ ਢੰਗ ਨਾਲ ਨਿਕਲ ਜਾਂਦੀ ਤਾਂ ਇਸ ਨੇ ਸੰਸਾਰ ਦੇ ਇਤਿਹਾਸ ਦਾ ਸੁਨਿਹਰੀ ਪੰਨਾ ਬਣਨ ਦੇ ਨਾਲ ਵਿਸ਼ਵ ਦੀ ਪੜਾਈ ਦਾ ਸਲੇਬਸ ਵੀ ਬਣਨਾ ਸੀ। ਇਹ ਫਿਰ ਵੀ ਇਤਿਹਾਸਿਕ ਹੁੰਦੀ ਹੋਈ ਵਿਲੱਖਣ ਸਥਾਨ ਲੈ ਗਈ ਹੈ, ਪਰ ਇਨਾਂ 'ਭਦੱਰ ਪੁਰਸ਼ਾਂ'ਦੇ ਨਾਂ ਕਿਸਾਨੀ ਸਘੰਰਸ਼ ਵਿੱਚਉਸਿਆਹ ਅੱਖਰਾਂ''ਵਿੱਚ ਦਰਜ ਹੋਣਗੇ। ਦੇਸ਼ ਦੀ ਸਰਕਾਰ ਦੀ ਮੁੱਖ ਜਿੰਮੇਵਾਰੀ ਹੁੰਦੀ ਹੈ ਕਿ ਉਹ ਦੇਸ਼ ਦੇ ਸੰਵਿਧਾਨ ਮੁਤਾਬਿਕ ਆਪ ਵੀ ਚਲੇ ਤੇਆਪਣੀ ਅਫਸਰਸ਼ਾਹੀ ਕੋਲੋਂ ਵੀ ਉਸ ਦੀ ਪਾਲਣਾ ਕਰਾਵੇ। ਪਰ ਇਥੇ ਤਾਂ ਸਰਕਾਰ ਦਾ ਅੱਲਾ ਤਾਲਾ ਹੀ ਰਾਖਾਲਗ ਰਿਹਾ ਹੈ। ਦੇਸ਼ ਦੀ ਸਰਕਾਰ ਖੁੱਦ ਹੀ ਸੰਵਿਧਾਨ ਦੀਆਂ ਧੱਜੀਆਂ ਉੱਡਾ ਰਹੀ ਹੈ ਜਿਸ ਦੀ ਮਿਸਾਲ ਇਹ ਕਿਸਾਨੀ ਬਿੱਲ ਹਨ। ਜਿਨ੍ਹਾਂ ਨੂੰ ਰੱਦ ਕਰਾਉਣ ਲਈ ਹੁਣ ਤਕ ਡੇਢ ਸੌ ਤੋਂ ਵਧੇਰੇ ਕਿਸਾਨ ਆਪਣੀਆਂ ਕੁਰਬਾਨੀਆਂ ਦੇ ਚੁੱਕੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਿਸੇ ਵੀ ਮੰਤਰੀ ਦੇ ਮੂੰਹੋਂ ਇਸ ਜਹਾਨ ਤੋਂ ਕੂਚ ਕਰਕੇ ਗਏ ਇਨਾਂ ਕਿਸਾਨਾਂ ਦੀ ਹਮਦਰਦੀ ਵਿੱਚ ਇਕ ਸ਼ਬਦ ਵੀ ਹੁਣ ਤਕ ਮੂੰਹੋਂ ਨਹੀਂ ਫੁੱਟਿਆ ਗਿਆ! ਜਿਹੜੇ ਗੈਰ ਵਿਧਾਨਿਕ ਢੰਗ ਨਾਲ ਪਾਰਲੀਮੈਂਟ ਵਿੱਚ ਆਪਣੇ ਬਹੁ ਮੱਤ ਹੋਣ ਦੇ ਹੰਕਾਰ ਵਿੱਚ ਇਹਕਿਸਾਨ ਬਿੱਲ ਬਿਨ ਬਹਿਸ ਕਰਾਏ ਪਾਸ ਕਰਾਏ ਗਏ ਹਨ, ਉਨ੍ਹਾਂ ਨੂੰ ਪਾਰਲੀਮੈਂਟ ਕਮੇਟੀ ਵਿੱਚ ਪੇਸ਼ ਵੀ ਨਹੀਂ ਕੀਤਾ ਗਿਆ, ਰਾਜ ਸਭਾ ਵਿੱਚ ਮੈਂਬਰਾਂ ਵਲੋਂ ਵੋਟਿੰਗ ਕਰਾਉਣ ਦੀ ਮੰਗ ਦੇ ਬਾਵਜੂਦ 'ਪਾਸ ਹੈ, ਪਾਸ ਹੈ' ਦਾ ਰੌਲਾ ਪਾ ਕੇ ਵੋਟਿੰਗ ਨਾ ਕਰਾਉਣਾ ਆਦਿ ਵਰਗੀਆਂ ਸਾਰੀਆਂ ਗੈਰ ਵਿਧਾਨਿਕ ਕਾਰਵਾਈਆਂ ਕੀਤੀਆਂ ਹਨ।ਕਿਸਾਨ ਮੂੰਹੋਂ ਮੂੰਹੀਂ ਕਹਿ ਰਹੇ ਹਨ ਕਿ ਸਾਨੂੰ ਇਹ ਬਿੱਲ ਨਹੀਂ ਚਾਹੀਦੇ। ਪਰ ਮੋਦੀ ਸਰਕਾਰ ਆਪਣੇ ਅਜਾਰੇਦਾਰ ਮਿੱਤਰਾਂ ਨੂੰ ਖੁਸ਼ ਕਰਨ ਲਈ ਕਿਸਾਨਾਂ ਤੇ ਮੱਲੋ ਮੱਲੀ ਇਨਾਂ ਬਿੱਲਾਂ ਨੂੰ ਮੜ੍ਹ ਕੇ ਉਨ੍ਹਾਂ ਦੀਆਂ ਜਮੀਨਾਂ ਨੂੰ ਅੰਬਾਨੀਆਂ ਅਡਾਨੀਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਇਸ ਸਰਕਾਰ ਦਾ ਮਨਸ਼ਾ ਜੱਗ ਜ਼ਾਹਰ ਹੋ ਚੁੱਕਾ ਹੈ ਕਿ ਭਾਜਪਾ ਸਰਕਾਰ ਦੇਸ਼ ਵਿੱਚ ਤਾਨਾਸ਼ਾਹੀ ਰਾਜ ਸਥਾਪਿਤ ਕਰਨਾ ਚਾਹੁੰਦੀ ਹੈ। ਇਤਨਾ ਕੁਝ ਵਾਪਰ ਜਾਣ ਦੇ ਬਾਵਜੂਦ ਕਿਸਾਨ ਆਗੂਆਂ ਨੇ ਆਪਣੀ ਮੀਟਿੰਗ ਕਰਕੇ ਅੰਦੋਲਨ ਨੂੰ ਪੱਕੇ ਪੈਰੀਂ ਲਿਆਉਣ ਲਈ ਕੁਝ ਨਵੇਂ ਪ੍ਰੋਗਰਾਮ ਉਲੀਕੇ ਹਨ। ਕਿਸਾਨ ਮੋਰਚੇ ਵਲੋਂ ਪਹਿਲੀ ਫਰਵਰੀ ਨੂੰ ਪਾਰਲੀਮੈਂਟ ਅੱਗੇ ਕੀਤਾ ਜਾਣ ਵਾਲਾ ਪੈਦਲ ਮਾਰਚ ਮੁੱਲਤਵੀ ਕਰ ਦਿੱਤਾ ਹੈ। ਉਸ ਦੀ ਥਾਂ ਤੇ ਹੁਣ ਕਿਸਾਨ ਆਗੂ 30 ਜਨਵਰੀ ਨੂੰ ਕਿਸਾਨਾਂ ਵਿੱਚ ਜਾਗਰੂਕ ਮਹਿੰਮ ਚਲਾਉਣ ਦੇ ਨਾਲ ਭੁੱਖ ਹੜਤਾਲ ਕਰਕੇ ਇਸ ਸਭ ਕੁਝ ਦੀ ਨੈਤਿਕ ਜਿੰਮੇਵਾਰੀ ਲੈ ਕੇਪਛੁਤਾਵਾ ਕਰਨਗੇ। ਭਾਵੇਂ ਉਨ੍ਹਾਂ ਦੀ ਇਸ ਸਾਰੇ ਘਟਨਾ ਕਰਮ ਵਿੱਚ ਕੋਈ ਗਲਤੀ ਨਹੀਂ ਹੈ। ਇਸੇ ਤਰਾਂ 3 ਫਰਵਰੀ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ ਸੱਦਭਾਵਨਾ ਦਿਵੱਸ ਮਨਾਇਆ ਜਾਵੇਗਾ ਤੇ ਕਿਸਾਨ ਆਗੂ ਭੁੱਖ ਹੜਤਾਲ ਰਖਣਗੇ। ਇਹ ਵੀ ਖ਼ਬਰਾਂ ਮਿਲ ਰਹੀਆਂ ਹਨ ਕਿ ਕਿਸਾਨ ਆਗੂਆਂ ਉੱਤੇ ਪੁਲੀਸ ਵਲੋਂ ਝੂਠੇ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰਨਾ ਚਾਹੁੰਦੀ ਹੈ। ਕੀ ਸਰਕਾਰ ਉਨ੍ਹਾਂ ਪੁਲੀਸ ਕਰਮਚਾਰੀਆਂ ਤੇ ਵੀ ਕਾਰਵਾਈ ਕਰੇਗੀ। ਜਿਨ੍ਹਾਂ ਨੇ ਟਰੈਕਟਰਾਂ ਤੇ ਲਗੇ ਤਿਰੰਗੇ ਝੰਡਿਆਂ ਦੀ ਸ਼ਰੇਆਮ ਬੇਅਦਬੀ ਕੀਤੀ ਹੈ? ਕਿਸਾਨਾਂ ਦੇ ਖੜ੍

ਪੈਰੋਂ ਉਖੜਿਆ, ਮੁੜ ਟਿੱਕਿਆ ਕਿਸਾਨ ਅੰਦੋਲਨ, ਸਿਰਜੇਗਾ ਨਵੇਂ ਦਿਸਹੱਦੇ

ਗੁਰਮੀਤ ਪਲਾਹੀ
91-98158-02070

ਉੱਤਰ ਪ੍ਰਦੇਸ਼ ਦੇ ਲਾਡਲੇ ਕਿਸਾਨ ਨੇਤਾ ਰਕੇਸ਼ ਟਿਕੈਤ ਨੇ ਕਿਸਾਨ ਅੰਦੋਲਨ ਮੁੜ ਟਿਕਾ ਦਿੱਤਾ ਹੈ। ਸਰਕਾਰ ਦਾ ਤਸ਼ੱਦਦ ਅਤੇ ਦਮਨਕਾਰੀ ਨੀਤੀਆਂ ਗਾਜ਼ੀਪੁਰ ਬਾਰਡਰ 'ਤੇ ਬੈਠੇ ਕਿਸਾਨਾਂ ਦਾ ਕੁਝ ਵੀ ਵਿਗਾੜ ਨਹੀਂ ਸਕੀਆਂ। ਸਾਈਕਲ ਸਿੱਖਣ ਦੀ ਧੁੰਨ 'ਚ ਨਿਕਲੇ ਬਾਲਕ ਦੇ ਵਾਰ-ਵਾਰ ਡਿੱਗ ਕੇ, ਮੁੜ ਉੱਠ ਕੇ ਸਾਈਕਲ ਰਫ਼ਤਾਰ ਨਾਲ ਚਲਾਉਣ ਵਾਂਗਰ, ਕਿਸਾਨ ਮੋਰਚਾ ਮੁੜ ਲੀਹੇ ਪੈ ਗਿਆ ਹੈ। ਟਿਕੈਤ ਦੀ ਕੀਤੀ ਹੋਈ ਇਕ ਭਾਵੁਕ ਅਪੀਲ ਅਤੇ ਅੱਖਾਂ 'ਚੋਂ ਵਗੇ ਅੱਥਰੂ ਅਤੇ ਫਿਰ ਮਾਰੀ ਹੋਈ ਬੜਕ ਨੇ ਕਿਸਾਨਾਂ 'ਚ ਨਵੀਂ ਰੂਹ ਫੂਕ ਦਿੱਤੀ। ਟਿਕੈਤ ਦੇ ਸ਼ਬਦ ਸਮਝਣ ਵਾਲੇ ਹਨ ਕਿ ਕਿਸਾਨ ਅੱਤਵਾਦੀ ਨਹੀਂ, ਕਿਸਾਨ ਖਾਲਿਸਤਾਨੀ ਨਹੀਂ, ਕਿਸਾਨ ਵੱਖਵਾਦੀ ਨਹੀਂ, ਪੰਜਾਬੀ ਕਿਸਾਨਾਂ ਨੂੰ ਸਿਰਫ਼ ਸਿੱਖ ਗਰਦਾਨਕੇ ਅਤੇ ਖਾਲਿਸਤਾਨੀ ਹੋਣ ਦਾ ਸਰਕਾਰੀ ਖਿਤਾਬ ਦੇ ਕੇ ਸਿੱਖਾਂ ਦੀਆਂ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਉੱਤੇ ਹਾਕਮ ਮਿੱਟੀ ਨਹੀਂ ਪਾ ਸਕਦਾ।

26 ਜਨਵਰੀ 2021 ਦੀ ਕਿਸਾਨ ਪਰੇਡ ਇੱਕ ਪ੍ਰਭਾਵਸ਼ਾਲੀ ਪਰੇਡ ਸਾਬਤ ਹੋਈ। ਇਸ ਪਰੇਡ ਵਿੱਚ ਕੁਝ ਲੋਕਾਂ ਮਨ ਦੀਆਂ ਕੀਤੀਆਂ, ਇਸ ਨੂੰ ਕੁਰਾਹੇ ਪਾਉਣ ਦਾ ਯਤਨ ਕੀਤਾ, ਲੋਕਾਂ ਦੇ ਜਜ਼ਬਾਤ ਭੜਕਾ ਕੇ ਇਕ ਇਹੋ ਜਿਹਾ 'ਕਾਰਾ' ਕਰਨ ਦਾ ਯਤਨ ਹੋਇਆ, ਜਿਹੋ ਜਿਹਾ ਕਾਰਾ ਸਰਕਾਰ ਕਿਸਾਨ ਅੰਦੋਲਨ ਦੇ ਸ਼ੁਰੂਆਤੀ ਦੌਰ 'ਤੇ ਕਰਨਾ, ਕਰਵਾਉਣਾ ਚਾਹੁੰਦੀ ਸੀ। ਸਰਕਾਰ ਨੇ ਪਹਿਲਾਂ ਦਿੱਲੀ ਦੀਆਂ ਬਰੂਹਾਂ ਵੱਲ ਆਏ ਬੈਠੇ ਕਿਸਾਨਾਂ ਨੂੰ ਰੋਕਣ ਲਈ ਸਖ਼ਤੀ ਵਰਤੀ, ਅੱਥਰੂ ਗੈਸ ਦੇ ਗੋਲੇ ਛੱਡੇ। ਅੰਦੋਲਨ ਸ਼ਾਂਤਮਈ ਚਲਿਆ। ਕਿਸਾਨਾਂ ਦੇ ਪੈਰ ਰੁਕੇ ਨਾ। ਅੰਦੋਲਨ ਕਿਸਾਨ ਅੰਦੋਲਨ ਨਾ ਰਿਹਾ, ਜਨ ਅੰਦੋਲਨ ਬਣ ਗਿਆ। ਹਰ ਵਰਗ, ਹਰ ਧਰਮ, ਹਰ ਫ਼ਿਰਕੇ, ਹਰ ਸੂਬੇ ਦੇ ਲੋਕ ਕਿਸਾਨ, ਕਿਰਤੀ, ਮਜ਼ਦੂਰ, ਮੁਲਾਜ਼ਮ, ਬੁੱਧੀਜੀਵੀ, ਸਾਬਕਾ ਅਫ਼ਸਰ, ਗਾਇਕ, ਗੀਤਕਾਰ, ਲੇਖਕ, ਸਮਾਜਿਕ ਕਾਰਕੁੰਨ, ਔਰਤਾਂ, ਮਰਦ, ਨੌਜਵਾਨ, ਬੱਚੇ ਇਸ 'ਚ ਸ਼ਾਮਲ ਹੋਏ। ਸਰਕਾਰ ਨੂੰ ਹੱਥਾਂ-ਪੈਰਾਂ ਦੀ ਪਈ। ਇਸ ਅੰਦੋਲਨ ਨੂੰ ਬਦਨਾਮ ਕਰਨ ਖ਼ਾਤਰ ਸਰਕਾਰ ਨੇ 'ਗੋਦੀ ਮੀਡੀਆ' ਰਾਹੀਂ ਭਿਅੰਕਰ ਪ੍ਰਚਾਰ ਕੀਤਾ। ਦੇਸ਼ ਦੀ ਉੱਚ ਅਦਾਲਤ ਵਿੱਚ ਇਸ ਅੰਦੋਲਨ ਨੂੰ ਰੋਕਣ ਅਤੇ ਕਰੋਨਾ ਵਾਇਰਸ ਦੇ ਫੈਲਣ ਦਾ ਡਰ ਦੇ ਕੇ ਸਰਹੱਦਾਂ ਖਾਲੀ ਕਰਨ ਦੀ ਗੁਹਾਰ ਲਾਈ, ਉਵੇਂ ਹੀ ਜਿਵੇਂ 'ਨਾਗਰਿਕਤਾ ਕਾਨੂੰਨ' ਸੰਬਧੀ ਸ਼ਹੀਨ ਬਾਗ 'ਚ 92 ਸਾਲਾ ਦਾਦੀ ਬਿਲਕਸ ਬਾਨੋ ਦੀ ਅਗਵਾਈ 'ਚ ਲੜੇ ਜਾ ਰਹੇ ਮੁਸਲਿਮ ਭਾਈਚਾਰੇ ਵੱਲੋਂ ਅੰਦੋਲਨ ਨੂੰ ਖਤਮ ਕਰਨ ਲਈ ਸੁਪਰੀਮ ਕੋਰਟ 'ਚ ਰਿੱਟ ਪਾਈ ਗਈ ਸੀ। ਸੁਪਰੀਮ ਕੋਰਟ ਦੇ ਇਹ ਕਹਿਣ 'ਤੇ ਕਿ ਸ਼ਾਂਤਮਈ ਧਰਨਾ ਕਰਨਾ ਹਰ ਨਾਗਰਿਕ ਦਾ ਅਧਿਕਾਰ ਹੈ। ਸ਼ਹੀਨ ਬਾਗ ਦਾ ਮੋਰਚਾ ਵੀ ਡਟਿਆ ਰਿਹਾ ਅਤੇ ਹੁਣ ਕਿਸਾਨ ਅੰਦੋਲਨ ਵੀ ਸ਼ਾਂਤਮਈ ਢੰਗ ਨਾਲ ਖੜਾ ਰਿਹਾ।

ਜਿਵੇਂ ਸ਼ਹੀਨ ਬਾਗ ਮੋਰਚੇ ਨੂੰ ਖਤਮ ਕਰਾਉਣ ਲਈ ਵਰਗ ਵਿਸ਼ੇਸ਼ ਉੱਤੇ, ਇੱਕ ਹੋਰ ਵਰਗ ਵਿਸੇਸ਼ ਵੱਲੋਂ ਹਮਲੇ ਕਰਵਾ ਕੇ ਉਥੇ ਦੰਗੇ ਕਰਵਾਏ ਗਏ, ਦਿੱਲੀ ਪੁਲਿਸ ਮੂਕ ਦਰਸ਼ਕ ਬਣੀ ਰਹੀ। ਇਹਨਾਂ ਸ਼ਹੀਨ ਬਾਗ ਦੇ ਦੰਗਿਆਂ ਵਿੱਚ 38 ਲੋਕ ਮਾਰੇ ਗਏ ਅਤੇ ਇਹ ਅੰਦੋਲਨ ਸਰਕਾਰ ਦੇ ਤਸ਼ੱਦਦ, ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੀ ਭੇਂਟ ਚੜ ਗਿਆ। ਸ਼ਹੀਨ ਬਾਗ ਮੋਰਚਾ ਲੋਕਾਂ ਨੂੰ ਚੁੱਕਣਾ ਪਿਆ ਭਾਵੇਂ ਕਿ ਇਸ ਮੋਰਚੇ ਨੂੰ ਲੋਕਾਂ ਵੱਲੋਂ ਭਰਪੂਰ ਸਮਰਥਨ ਮਿਲ ਰਿਹਾ ਸੀ।

ਬਿਲਕੁਲ ਉਸੇ ਤਰਾਂ 26 ਜਨਵਰੀ 2021 ਨੂੰ ਕਿਸਾਨ ਮੋਰਚੇ 'ਚ ਸੇਂਧ ਲਾ ਕੇ, ਸੁਰਾਖ਼ ਪਾ ਕੇ, ਕੁਝ ਲੋਕਾਂ ਨੂੰ ਆਪਣੇ ਢੰਗ ਨਾਲ ਵਰਤ ਕੇ, ਇਕ ਵਰਗ ਵਿਸ਼ੇਸ਼ ਨੂੰ ਬਦਨਾਮ ਕਰਨ ਦੇ ਛੜਯੰਤਰ ਤੋਂ ਬਾਅਦ ਕਿਸਾਨਾਂ ਦੇ ਸੰਘਰਸ਼ ਵਾਲੇ ਬਾਰਡਰਾਂ ਉੱਤੇ ਕੁਝ ਲੋਕਾਂ ਵੱਲੋਂ ਉਸੇ ਤਰਜ਼ ਉੱਤੇ ਹਮਲੇ ਕੀਤੇ ਜਾ ਰਹੇ ਹਨ, ਪੱਥਰਬਾਜ਼ੀ ਕੀਤੀ ਜਾ ਰਹੀ ਹੈ, ਜਿਸ ਤਰਜ਼ ਦੀ ਪੱਥਰਬਾਜ਼ੀ ਅਤੇ ਹੁਲੜਬਾਜ਼ੀ ਸ਼ਹੀਨ ਬਾਗ ਵਿੱਚ ਵੇਖਣ ਨੂੰ ਮਿਲੀ ਸੀ। ਭਾਵ ਸਰਕਾਰ ਬਿਲਕੁਲ ਉਹਨਾਂ ਹਥਕੰਡਿਆਂ ਰਾਹੀਂ, ਕਿਸਾਨ ਅੰਦੋਲਨ ਖਤਮ ਕਰਨਾ ਚਾਹੁੰਦੀ ਹੈ, ਜਿਹੜੇ ਹੱਥਕੰਡੇ ਵਰਤ ਕੇ ਸ਼ਹੀਨ ਬਾਗ ਮੋਰਚੇ ਨੂੰ ਖਤਮ ਕੀਤਾ ਗਿਆ ਸੀ।

ਸਰਕਾਰ ਵੱਲੋਂ ਅੰਤਰਰਾਸ਼ਟਰੀ ਦਬਾਅ ਅਧੀਨ, ਆਪਣੀ ਸਾਖ਼ ਬਚਾਉਣ ਲਈ ਕਿਸਾਨਾਂ ਨਾਲ ਗਿਆਰਾਂ ਵੇਰ ਗੱਲਬਾਤ ਕੀਤੀ, ਪਰ ਘੜੀ ਨੀਤੀ ਅਨੁਸਾਰ ਲਟਕਾਅ ਦੀ ਸਥਿਤੀ ਸਰਕਾਰ ਨੇ ਜਾਰੀ ਰੱਖੀ। ਕੋਈ ਫੈਸਲਾ ਕਰਨ ਵੱਲ ਕਦਮ ਨਾ ਵਧਾਏ। ਆਪਣੇ ਅੜੀਅਲ ਰਵੱਈਏ ਨੂੰ ਕਾਇਮ ਰੱਖਦਿਆਂ, ਕਿਸਾਨੀ ਦੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਲਈ ਕਾਨੂੰਨ ਪਾਸ ਕਰਨ ਵੱਲ ਇਕ ਕਦਮ ਵੀ ਅੱਗੇ ਨਹੀਂ ਵਧਾਇਆ, ਸਗੋਂ ਸਿਰਫ਼ ਤਜਵੀਜ਼ਾਂ ਪੇਸ਼ ਕਰਕੇ ਡੰਗ ਟਪਾਈ ਕੀਤੀ ਅਤੇ ਸਮਾਂ ਆਉਣ ਉੱਤੇ ਕਿਸਾਨਾਂ ਨੂੰ ਬਦਨਾਮ ਕਰਕੇ, ਕਿਸਾਨਾਂ ਨੂੰ ਖਲ-ਨਾਇਕ ਵਜੋਂ ਪੇਸ਼ ਕਰਨ ਦਾ ਦੇਸ਼ਵਿਆਪੀ ਭੰਡੀ ਪ੍ਰਚਾਰ ਕਰਨਾ ਆਰੰਭਿਆ। ਕਿਸਾਨਾਂ ਦਾ ਸ਼ਾਂਤਮਈ ਅੰਦੋਲਨ ਜਾਰੀ ਰਿਹਾ। ਕਿਸਾਨ ਅੰਦੋਲਨ ਦੇ ਮਹਾਂਨਾਇਕ ਰਕੇਸ਼ ਟਿਕੈਤ ਦੇ ਸ਼ਬਦ ਇਸ ਸਮੇਂ ਯਾਦ ਕਰਨ ਵਾਲੇ ਹਨ, ''ਅਸੀਂ ਨਾ ਹਿੰਸਾ ਕੀਤੀ ਹੈ ਨਾ ਕਰਾਂਗੇ, ਜਿਹਨਾਂ ਲੋਕਾਂ ਨੇ ਹਿੰਸਾ ਕੀਤੀ ਹੈ ਉਹ ਸਰਕਾਰ ਦੇ ਹੀ ਬੰਦੇ ਸਨ।''

ਕਿਸਾਨ ਅੰਦੋਲਨ ਇਸ ਸਦੀ ਦਾ ਵੱਡਾ ਅੰਦੋਲਨ ਹੈ, ਜਿਸਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਆਰੰਭਿਆ। ਇਸ ਅੰਦੋਲਨ ਨੂੰ ਹਰਿਆਣਾ, ਰਾਜਸਥਾਨ, ਉੱਤਰੀ ਯੂ.ਪੀ. ਅਤੇ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ਵੱਲੋਂ ਭਰਪੂਰ ਸਹਿਯੋਗ ਪ੍ਰਾਪਤ ਹੋਇਆ। ਪੰਜਾਬ, ਛਤੀਸਗੜ, ਰਾਜਸਥਾਨ, ਪੱਛਮੀ ਬੰਗਾਲ ਦੀਆਂ ਵਿਧਾਨ ਸਭਾਵਾਂ ਖੇਤੀ ਕਾਨੂੰਨਾਂ ਦੇ ਵਿਰੁੱਧ ਬਿੱਲ ਪਾਸ ਕੀਤੇ ਭਾਵੇਂ ਕਿ ਭਾਜਪਾ ਇਹਨਾਂ ਬਿੱਲਾਂ ਦੇ ਹੱਕ 'ਚ ਰਹੀ। ਕਿਸਾਨ ਸੰਘਰਸ਼ ਦੇ ਹੱਕ ਵਿਚ ਦੇਸ਼ ਦੀਆਂ ਮੁੱਖ ਵਿਰੋਧੀ ਪਾਰਟੀਆਂ ਨੇ ਬਜਟ ਸੈਸ਼ਨ ਦਾ ਬਾਈਕਾਟ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਕਿਸਾਨ ਅੰਦੋਲਨ ਦੇ ਸੰਬੰਧ 'ਚ ਪਿਛਲੇ ਛੇ ਮਹੀਨਿਆਂ ਤੋਂ ਇਕ ਵੀ ਸ਼ਬਦ ਨਹੀਂ ਸਨ ਬੋਲੇ, ਉਨਾਂ ਨੂੰ ਸਰਕਾਰ ਵੱਲੋਂ ਸੱਦੀ ਲੋਕ ਸਭਾ ਦੀ ਕਾਰਵਾਈ ਚਲਾਉਣ ਲਈ ਮੀਟਿੰਗ ਵਿੱਚ ਇਹ ਐਲਾਨ ਕਰਨਾ ਪਿਆ ਕਿ ਸਰਕਾਰ ਖੇਤੀ ਕਾਨੂੰਨਾਂ ਦੇ ਅਮਲ 'ਤੇ 18 ਮਹੀਨਿਆਂ ਲਈ ਰੋਕ ਲਾਉਣ ਦੀ ਤਜਵੀਜ਼ ਉੱਤੇ ਅਜੇ ਵੀ ਬਰਕਰਾਰ ਹੈ ਅਤੇ ਗੱਲਬਾਤ ਰਾਹੀਂ ਹੱਲ ਕੱਢਣ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਪਰ ਦੂਜੇ ਪਾਸੇ ਟਰੈਕਟਰ ਪਰੇਡ ਹਿੰਸਾ ਲਈ ਮਾਮਲੇ ਦਰਜ ਕੀਤੇ ਗਏ ਹਨ ਅਤੇ 84 ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਾ ਹੈ। ਕਿਸਾਨ ਜਥੇਬੰਦੀਆਂ ਦੇ ਮੁੱਖ ਨੇਤਾਵਾਂ ਉੱਤੇ ਕੇਸ ਵੀ ਦਰਜ ਹੋਏ ਹਨ ਅਤੇ ਉਹਨਾਂ ਨੂੰ ਨੋਟਿਸ ਵੀ ਜਾਰੀ ਹੋਏ ਹਨ। ਕਿਸਾਨ ਜਥੇਬੰਦੀਆਂ ਜੋ ਅੰਦੋਲਨ ਨੂੰ ਸ਼ਾਂਤਮਈ ਢੰਗ ਨਾਲ ਚਲਾ ਰਹੀਆਂ ਹਨ, ਉਨਾਂ ਦੇ ਨੇਤਾਵਾਂ ਵੱਲੋਂ ਦੂਜੀ ਕਤਾਰ ਦੇ ਨੇਤਾਵਾਂ ਨੂੰ ਉਸ ਹਾਲਤ ਵਿਚ ਅਗਵਾਈ ਦੇਣ ਦਾ ਨਿਰਣਾ ਲਿਆ ਹੈ, ਜਦੋਂ ਉਹਨਾਂ ਨੂੰ ਇਸ ਅੰਦੋਲਨ ਦੌਰਾਨ ਗ੍ਰਿਫ਼ਤਾਰ ਕਰ ਲਿਆ ਜਾਵੇ ਭਾਵ ਕਿਸਾਨ ਏਜੰਸੀਆਂ ਸਰਕਾਰੀ ਤਸ਼ੱਦਦ ਦੇ ਬਾਵਜੂਦ ਵੀ ਅੰਦੋਲਨ ਜਾਰੀ ਰੱਖਣ ਲਈ ਦ੍ਰਿੜ ਹਨ ਅਤੇ ਇਸੇ ਕਰਕੇ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦਾ ਜੋਸ਼ ਅਤੇ ਉਤਸ਼ਾਹ ਵਧਿਆ ਹੈ। 30 ਜਨਵਰੀ 2021 ਨੂੰ ਕਿਸਾਨ ਨੇਤਾਵਾਂ ਨੇ ਸਦਭਾਵਨਾ ਦਿਵਸ ਮਨਾਉਂਦਿਆਂ ਭੁੱਖ ਹੜਤਾਲ ਕੀਤੀ। ਸਰ-ਾਕਰੀ ਦਮਨਕਾਰੀ ਨੀਤੀਆਂ ਦੀ ਹੱਦ ਉਦੋਂ ਵੇਖਣ ਨੂੰ ਮਿਲੀ ਜਦੋਂ ਸਿੰਘੂ, ਗਾਜੀਪੁਰ ਤੇ ਟਿਕਰੀ ਸਰਹੱਦ ਸਮੇਤ ਨੇੜਲੇ ਇਲਾਕਿਆਂ 'ਚ 48 ਘੰਟੇ ਲਈ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਅਤੇ ਇਹਨਾਂ ਬਾਰਡਰਾਂ ਉੱਤੇ ਬਿਜਲੀ, ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ। ਜਿਸ ਦਾ ਟਾਕਰਾ ਕਰਨ ਲਈ ਕਿਸਾਨਾਂ ਵੱਲੋਂ ਸੋਲਰ ਲਾਈਟਾਂ ਲਗਵਾ ਕੇ ਰੌਸ਼ਨੀ ਦਾ ਪ੍ਰਬੰਧ ਕਰਨ ਦੀਆਂ ਖ਼ਬਰਾਂ ਮਿਲੀਆਂ।

ਕਿਸਾਨ ਅੰਦੋਲਨ ਦੀ ਸੰਘੀ ਘੁੱਟਣ ਲਈ, ਪੰਜਾਬ ਦੀ ਆਰਥਿਕਤਾ ਨੂੰ ਸੱਟ ਮਾਰਨ ਲਈ, ਕੇਂਦਰ ਦੀ ਸਰਕਾਰ ਲਗਾਤਾਰ ਹੱਥਕੰਡੇ ਵਰਤ ਰਹੀ ਹੈ। ਪਹਿਲਾਂ ਪੰਜਾਬ ਦਾ ਜੀ.ਐਸ.ਟੀ. ਦਾ ਹਿੱਸਾ ਸਰਕਾਰ ਨੇ ਰੋਕਿਆ, ਫਿਰ ਪੰਜਾਬ ਦਾ ਪੇਂਡੂ ਵਿਕਾਸ ਫੰਡ ਨੂੰ ਬੰਦ ਕਰ ਦਿੱਤਾ ਗਿਆ। ਪੰਜਾਬ ਦੇ ਆੜ੍ਹਤੀਆਂ ਉੱਤੇ ਸੀ.ਬੀ.ਆਈ. ਅਤੇ ਹੋਰ ਏਜੰਸੀਆਂ ਨੇ ਛਾਪੇ ਮਾਰੇ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਅੰਦੋਲਨ 'ਚ ਸ਼ਾਮਲ ਕਈ ਲੋਕਾਂ ਨੂੰ ਨੋਟਿਸ ਜਾਰੀ ਕੀਤੇ, ਜਿਸ ਨੂੰ ਕਿਸਾਨਾਂ ਇਕ ਵੱਡੀ ਧਮਕੀ ਸਮਝਿਆ ਅਤੇ ਇਨਾਂ ਧਮਕੀਆਂ ਦੇ ਸੰਬੰਧ 'ਚ ਇਕਮੁੱਠਤਾ ਵਿਖਾਈ।

ਬਿਨਾਂ ਸ਼ੱਕ ਕਿਸਾਨਾਂ ਦੀਆਂ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚਾ ਦੇ ਨਾਮ ਉੱਤੇ ਇਕੱਠੀਆਂ ਹੋ ਕੇ ਸਰਕਾਰ ਨਾਲ ਦਸਤਪੰਜਾ ਲਾ ਰਹੀਆਂ ਹਨ ਅਤੇ ਹਰ ਉਸ ਗ਼ੈਰ ਲੋਕਤੰਤਰਿਕ ਹਮਲੇ ਦਾ ਜਵਾਬ ਦੇ ਰਹੀਆਂ ਹਨ, ਜਿਹੜਾ ਉਹਨਾਂ ਦੇ ਅੰਦੋਲਨ ਨੂੰ ਸੱਟ ਮਾਰਦਾ ਹੈ। ਇਹਦਾ ਜਥੇਬੰਦੀਆਂ ਨੇ ਪੂਰੀ ਸੂਝ-ਬੂਝ ਨਾਲ ਦੇਸ਼ ਦੀ ਕਿਸੇ ਵੀ ਸਿਆਸੀ ਧਿਰ ਨੂੰ ਇਹ ਅੰਦੋਲਨ ਹਥਿਆਉਣ ਦਾ ਮੌਕਾ ਨਹੀਂ ਦਿੱਤਾ ਅਤੇ ਆਪਣੀਆਂ ਲਗਾਈਆਂ ਸਟੇਜ਼ਾਂ ਉੱਤੇ ਕਿਸੇ ਵੀ ਸਿਆਸੀ ਨੇਤਾ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ। ਪਰ ਦੇਸ਼ ਦੀਆਂ ਵੱਡੀਆਂ ਵਿਰੋਧੀ ਸਿਆਸੀ ਧਿਰਾਂ ਕਿਸਾਨ ਅੰਦੋਲਨ ਦੇ ਹੱਕ ਵਿੱਚ ਖੜੀਆਂ ਵਿਖਾਈ ਦੇ ਰਹੀਆਂ ਹਨ ਅਤੇ ਆਪਣੇ ਕਾਰਕੁੰਨਾਂ ਨੂੰ ਇਸ ਅੰਦੋਲਨ 'ਚ ਭਾਗ ਲੈਣ ਲਈ ਭੇਜ ਰਹੀਆਂ ਹਨ ਤਾਂਕਿ ਆਪਹੁਦਰੇ ਢੰਗ ਨਾਲ ਪਾਸ ਕੀਤੇ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਿਸ ਕਰਾਉਣ ਲਈ ਕਿਸਾਨਾਂ ਦਾ ਪੂਰਨ ਸਮਰਥਨ ਕੀਤਾ ਜਾ ਸਕੇ।

ਬਿਲਕੁਲ ਇਸੇ ਕਿਸਮ ਦਾ ਭਰਪੂਰ ਸਮਰਥਨ ਵਿਦੇਸ਼ ਵਸਦੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵੱਲੋਂ ਮਿਲ ਰਿਹਾ ਹੈ, ਜਿਨਾਂ ਨੇ ਉਥੇ ਵਸਦੇ ਭਾਰਤ ਵਾਸੀਆਂ ਦੇ ਸਹਿਯੋਗ ਨਾਲ ਕਿਸਾਨਾਂ ਦੇ ਹੱਕ 'ਚ ਲਾਮਬੰਦੀ ਹੀ ਨਹੀਂ ਕੀਤੀ, ਸਗੋਂ ਵਿਦੇਸ਼ੀ ਸਰਕਾਰਾਂ, ਜਿਨਾਂ 'ਚ ਉਹਨਾਂ ਦਾ ਵਿਸ਼ੇਸ਼ ਪ੍ਰਭਾਵ ਹੈ, ਤੋਂ ਕਿਸਾਨ ਅੰਦੋਲਨ ਦੇ ਹੱਕ 'ਚ ਹਮਾਇਤ ਹਾਸਲ ਕੀਤੀ। ਕੈਨੇਡਾ ਦੇ ਪ੍ਰਧਾਨ ਮੰਤਰੀ ਭਾਰਤੀ ਕਿਸਾਨ ਅੰਦੋਲਨ ਦੇ ਹੱਕ 'ਚ ਨਿਤਰਿਆ। ਬਰਤਾਨੀਆਂ ਦੇ 40 ਮੈਂਬਰ ਪਾਰਲੀਮੈਂਟ ਕਿਸਾਨ ਅੰਦੋਲਨ ਦੇ ਹੱਕ 'ਚ ਖੜੇ।

ਉਨਾਂ ਆਪਣੇ ਪ੍ਰਧਾਨ ਮੰਤਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਸਮੇਂ ਆਉਣ ਤੋ ਰੋਕਿਆ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਭਾਵੇਂ ਕਰੋਨਾ ਵਾਇਰਸ ਦੇ ਵੱਧ ਰਹੇ ਪ੍ਰਕੋਪ ਦਾ ਬਹਾਨਾ ਬਣਾ ਕੇ ਹੀ ਸਹੀ, ਪਰ 26 ਜਨਵਰੀ 2021 ਨੂੰ ਮੁੱਖ ਮਹਿਮਾਨ ਦੇ ਤੌਰ 'ਤੇ ਗਣਤੰਤਰ ਪਰੇਡ 'ਚ ਸ਼ਾਮਲ ਨਾ ਹੋਏ।

ਕਿਸਾਨ ਅੰਦੋਲਨ ਕਾਰਨ ਕਿਸਾਨਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਉਹ 65 ਦਿਨਾਂ ਤੋਂ ਆਪਣੇ ਘਰਾਂ ਤੋਂ ਦੂਰ ਬੈਠੇ ਹਨ। ਲਗਭਗ ਪੌਣੇ ਦੋ ਸੌ ਕਿਸਾਨ ਇਸ ਅੰਦੋਲਨ 'ਚ ਸ਼ਹੀਦੀ ਪਾ ਚੁੱਕੇ ਹਨ। ਕਿਸਾਨਾਂ 'ਤੇ ਕਰਜ਼ੇ ਦੀਆਂ ਪੰਡਾਂ ਭਾਰੀ ਹੋ ਰਹੀਆਂ ਹਨ। ਟਰੈਕਟਰ ਪਰੇਡ 'ਚ ਅਰਬਾਂ ਰੁਪਏ ਕਿਸਾਨਾਂ ਦੀ ਜੇਬੋਂ ਖਰਚ ਹੋਏ ਹਨ। ਨਿੱਤ ਦਿਹਾੜੇ ਕਰੋੜਾਂ ਰੁਪਏ ਲੰਗਰ, ਹੋਰ ਪ੍ਰਬੰਧਾਂ ਉੱਤੇ ਖਰਚ ਹੋ ਰਹੇ ਹਨ। ਇਹ ਸਭ ਕੁਝ ਕੇਂਦਰ ਸਰਕਾਰ ਦੇ ਜਿੱਦੀ ਰਵੱਈਏ ਅਤੇ ਧੰਨ ਕੁਬੇਰਾਂ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਸਾਜ਼ਿਸ਼ ਦੇ ਵਿਰੋਧ 'ਚ ਹੋ ਰਿਹਾ ਹੈ। ਖਾਸ ਕਰਕੇ ਪੰਜਾਬ ਦਾ ਕਿਸਾਨ ਪਿਛਲੇ ਲੰਮੇ ਸਮੇਂ ਤੋਂ 'ਘਾਟੇ ਦੀ ਖੇਤੀ' ਤੋਂ ਪੀੜਤ ਹੈ।

ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਮਜਬੂਰਨ ਮੱਧਵਰਗੀ ਕਿਸਾਨ ਆਪਣੇ ਬੱਚਿਆਂ ਨੂੰ ਪ੍ਰਵਾਸ ਦੇ ਰਾਹ ਤੋਰਨ ਲਈ ਮਜ਼ਬੂਰ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕਿਸਾਨਾਂ ਨੇ ਏਕਤਾ ਦਾ ਸਬੂਤ ਦਿੰਦਿਆਂ, ਕਾਲੇ ਖੇਤੀ ਕਾਨੂੰਨਾਂ ਦੀ ਸੱਚਾਈ ਸਮਝਦਿਆਂ, ਆਪਣੀ ਹੋਂਦ ਦੀ ਲੜਾਈ ਲੜਨ ਲਈ ਬੀੜਾ ਚੁੱਕਿਆ ਹੈ। ਅੱਜ ਨਹੀਂ ਤੇ ਕੱਲ ਕਿਸਾਨਾਂ ਦੀ ਦ੍ਰਿੜਤਾ, ਦਲੇਰੀ ਉਹਨਾਂ ਦੀ ਸਿਦਕਦਿਲੀ ਉਹਨਾਂ ਨੂੰ ਜਿੱਤ ਵੱਲ ਲੈ ਕੇ ਜਾਏਗੀ ਅਤੇ ਉਹ ਸਾਰੇ ਦਾਗ਼ ਉਸੇ ਤਰਾਂ ਧੋ ਦੇਵੇਗੀ, ਜਿਹੜੇ ਸਾਜ਼ਿਸ਼ਨ ਅੰਦੋਲਨ ਉੱਤੇ ਜ਼ਬਰਦਸਤੀ ਥੋਪੇ ਜਾ ਰਹੇ ਹਨ, ਜਿਵੇਂ ਪੰਜਾਬ ਦੇ ਕਿਸਾਨਾਂ, ਨੌਜਵਾਨਾਂ ਨੇ ਦੇਸ਼ ਦੇ ਕਿਸਾਨ ਅੰਦੋਲਨ 'ਚ ਭਾਰਤੀਆਂ ਦੀ ਅਗਵਾਈ ਕਰਕੇ ਨਸ਼ੱਈ ਹੋਣ, ਨਾ-ਕੰਮ ਕਰਨ ਵਾਲੇ (ਨਿਕੰਮੇ) ਹੋਣ ਦੇ ਦਾਗ਼ ਧੋ ਦਿੱਤੇ ਹਨ।

ਅਖੌਤੀ ਇਨਕਲਾਬੀ!

ਭਗਤ ਸਿੰਘ ਦੇ ਵਾਂਗਰਾਂ ਬੰਬ ਸਿੱਟ ਕੇ,
ਗ੍ਰਿਫ਼ਤਾਰੀ ਦੇ ਰਾਹ 'ਤੇ ਪ

ਦਲਿਤ ਦਮਨ ਇੱਕ ਗੰਭੀਰ ਸਮੱਸਿਆ, ਠੱਲ੍ਹ ਕਿਵੇਂ ਪਾਈ ਜਾਵੇ?

ਸ੍ਰੀ ਕੇ ਸੀ ਸੁਲੇਖ ਨਾਲ ਮੁਲਾਕਾਤ ਦੇ ਕੁਝ ਅੰਸ਼

ਮੁਲਾਕਾਤੀ: ਡਾ. ਬਲਵਿੰਦਰ ਸਿੰਘ

ਸਾਡੇ ਸਮਾਜ ਵਿਚ ਸਮੇਂ-ਸਮੇਂ 'ਤੇ ਕੁਝ ਅਜਿਹੀਆਂ ਸ਼ਖ਼ਸੀਅਤਾਂ ਜਨਮ ਲੈਂਦੀਆਂ ਰਹੀਆਂ ਹਨ ਜਿਹਨਾਂ ਦੇ ਜੀਵਨ ਦਾ ਮਕਸਦ ਸਮਾਜ ਵਿਚੋਂ ਬੁਰਾਈਆਂ ਨੂੰ ਖ਼ਤਮ ਕਰਨ ਵਾਸਤੇ ਸੱਚ ਦਾ ਪ੍ਰਕਾਸ਼ ਕਰਨਾ ਰਿਹਾ ਹੈ। ਇਹ ਸੱਚ ਦਾ ਪ੍ਰਕਾਸ਼ ਹੀ ਜ਼ੁਲਮ ਦਾ ਸ਼ਿਕਾਰ ਲੋਕਾਂ ਲਈ ਰੋਸ਼ਨੀ ਦੀ ਨਵੀਂ ਕਿਰਨ ਦਾ ਕੰਮ ਕਰਦਾ ਹੈ ਜਿਸ ਤੋਂ ਉਹਨਾਂ ਨੂੰ ਸੰਘਰਸ਼ ਦੀ ਪ੍ਰੇਰਨਾ ਮਿਲਦੀ ਹੈ ਅਤੇ ਨਿਆਂ ਮਿਲਣ ਦੀ ਆਸ ਵੀ ਬੱਝਦੀ ਹੈ। ਇਹਨਾਂ ਸੱਚੀਆਂ-ਸੁੱਚੀਆਂ ਸ਼ਖ਼ਸੀਅਤਾਂ ਵਿਚ ਸ੍ਰੀ ਕੇ ਸੀ ਸੁਲੇਖ ਦਾ ਨਾਂ ਵੀ ਆਉਂਦਾ ਹੈ ਜਿਨ੍ਹਾਂ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਰਹਿਨੁਮਾਈ ਹੇਠ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਜਨਰਲ ਸੈਕਰੇਟਰੀ ਅਤੇ ਉਰਦੂ ਵੀਕਲੀ 'ਉਜਾਲਾ' ਦੇ ਸੰਪਾਦਕ ਵਜੋਂ ਕੰਮ ਕਰਨ ਦਾ ਵੀ ਮਾਣ ਹਾਸਲ ਹੈ। ਉਹਨਾਂ ਨੇ ਆਪਣੇ ਸਮੁੱਚੇ ਜੀਵਨ ਵਿਚ ਅੰਬੇਡਕਰੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਆਪਣੀਆਂ ਲਿਖਤਾਂ ਦੇ ਮਾਧਿਅਮ ਰਾਹੀਂ ਸਮਾਜ ਨੂੰ ਸਾਰਥਕ ਸੇਧ ਦਿੱਤੀ ਅਤੇ ਮਾਰਗ ਦਰਸ਼ਨ ਕੀਤਾ। ਉਹਨਾਂ ਨੇ ਦਸਵੀਂ ਕਲਾਸ ਵਿਚ ਪੜਦੇ ਹੋਏ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਗੀਤਾ ਦਾ ਸੰਗ੍ਰਹਿ 'ਤਾਂਘ' ਪ੍ਰਕਾਸ਼ਿਤ ਕਰਵਾਇਆ ਸੀ। ਇਸ ਤੋਂ ਬਾਅਦ ਉਹਨਾਂ ਦੇ ਲੇਖ ਲਗਾਤਾਰ ਵੱਖ-ਵੱਖ ਪੱਤਰਕਾਵਾਂ/ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋ ਰਹੇ ਹਨ। ਉਹਨਾਂ ਨੇ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਲਿਖਿਆ ਹੈ। ਵੱਖ-ਵੱਖ ਭਾਸ਼ਾਵਾਂ ਉੱਤੇ ਉਹਨਾਂ ਨੂੰ ਖ਼ਾਸ ਮੁਹਾਰਤ ਹੈ। ਸਮਾਜ ਸੇਵੀ ਲੋਕਾਂ ਵੱਲੋਂ ਉਹਨਾਂ ਦੇ ਲੇਖਾਂ ਦੇ ਕਿਤਾਬਚੇ ਤਿਆਰ ਕਰਕੇ ਜਨ ਚੇਤਨਾ ਦੇ ਵਿਕਾਸ ਲਈ ਵੱਡੀ ਪੱਧਰ 'ਤੇ ਆਮ ਲੋਕਾਂ ਵਿਚ ਵੰਡੇ ਹਨ। ਉਹਨਾਂ ਨੂੰ ਸਮੇਂ-ਸਮੇਂ 'ਤੇ ਵੱਖ-ਵੱਖ ਅਦਾਰਿਆਂ ਅਤੇ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਹੁਣ ਭਾਵੇਂ ਉਹਨਾਂ ਦੀ ਉਮਰ 93 ਸਾਲ ਦੀ ਹੋ ਚੁੱਕੀ ਹੈ ਪਰੰਤੂ ਫਿਰ ਵੀ ਉਹਨਾਂ ਦੀ ਇਹ ਤਮੰਨਾ ਰਹਿੰਦੀ ਹੈ ਕਿ ਉਹ ਜ਼ੁਲਮ ਸਹਿ ਰਹੇ ਆਪਣੇ ਸਮਾਜ ਦੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਬਾਰੇ ਕੁਝ ਨਾ ਕੁਝ ਹੋਰ ਲਿਖਦੇ ਰਹਿਣ। ਉਹਨਾਂ ਦੇ ਲਿਖਣ ਅਤੇ ਪੜਨ ਦਾ ਜੋਸ਼ ਨਿਰੰਤਰ ਬਰਕਰਾਰ ਹੈ। ਕੁਝ ਸਮਾਂ ਪਹਿਲਾਂ ਉਹਨਾਂ ਦੀ ਚਰਚਿਤ ਸਵੈ-ਜੀਵਨੀ 'ਮੇਰਾ ਜੀਵਨ ਸਫ਼ਰ: ਅੰਬੇਡਕਰ ਮਿਸ਼ਨ ਦੀ ਰਾਹ 'ਤੇ' ਪ੍ਰਕਾਸ਼ਿਤ ਹੋਈ ਹੈ। ਉਹਨਾਂ ਦੀ ਸਿਆਣਪ, ਠਰ੍ਹੰਮਾ, ਨਿਮਰਤਾ, ਵਿਅਕਤੀ ਨੂੰ ਪਛਾਣਨ ਤੇ ਤਰਾਸ਼ਣ ਦੀ ਕਲਾ ਮਾਣ ਕਰਨ ਵਾਲੀ ਹੈ। ਉਹ ਹੁਣ ਵੀ ਵੱਖ-ਵੱਖ ਟਰੱਸਟਾਂ, ਸੰਸਥਾਵਾਂ ਅਤੇ ਪ੍ਰਿੰਟ ਮੀਡੀਆ ਦੇ ਅਦਾਰਿਆਂ ਨਾਲ ਜੁੜ ਕੇ ਬੜੀ ਸ਼ਿੱਦਤ ਨਾਲ ਕੰਮ ਕਰ ਰਹੇ ਹਨ। ਸਮਾਜ ਨੂੰ ਅਜਿਹੇ ਨਿਰਸਵਾਰਥ ਕੰਮ ਕਰਨ ਵਾਲੀਆਂ ਸਮਰਪਿਤ ਸ਼ਖ਼ਸੀਅਤਾਂ ਦੀ ਬੜੀ ਜ਼ਰੂਰਤ ਹੈ। ਅਸੀਂ ਇਹ ਵੀ ਕਾਮਨਾ ਕਰਦੇ ਹਾਂ ਕਿ ਉਹ ਨੌਜਵਾਨ ਪੀੜੀ ਨੂੰ ਹਮੇਸ਼ਾ ਪ੍ਰੇਰਨਾ ਅਤੇ ਅਗਵਾਈ ਦਿੰਦੇ ਰਹਿਣ। ਇਹ ਮੁਲਾਕਾਤ 1 ਜਨਵਰੀ 2021 ਨੂੰ ਉਹਨਾਂ ਦੇ ਘਰ ਹਾਊਸ ਨੰ: 503, ਸੈਕਟਰ-15 ', ਚੰਡੀਗੜ ਵਿਖੇ ਕੀਤੀ ਗਈ।

ਸ੍ਰੀ ਕੇ ਸੀ ਸੁਲੇਖ ਜੀ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ ਪੇਸ਼ ਹਨ:

ਪ੍ਰਸ਼ਨ- ਦਲਿਤਾਂ ਨਾਲ ਹੁੰਦੇ ਜਾਤੀ ਵਿਤਕਰੇ ਜਾਂ ਉਹਨਾਂ ਦੀ ਭੈੜੀ ਹਾਲਤ ਲਈ ਕੌਣ ਜ਼ਿੰਮੇਵਾਰ ਹੈ?

ਉੱਤਰ: ਇਹ ਦੇਸ਼ ਦੀ ਬਦਕਿਸਮਤੀ ਹੈ ਕਿ ਇਸ ਧਰਤੀ 'ਤੇ ਜਾਤ ਵਿਵਸਥਾ ਪੈਦਾ ਹੋ ਗਈ। ਜੇ ਇਹ ਵਿਵਸਥਾ ਕੰਮ ਧੰਦਿਆਂ ਦੇ ਆਧਾਰ 'ਤੇ ਹੁੰਦੀ ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਸੀ? ਕੀ ਤਕਲੀਫ਼ ਸੀ? ਪਰ ਇਥੇ ਤਾਂ ਇਸ ਦਾ ਆਧਾਰ ਹੀ ਬ੍ਰਾਹਮਣੀ ਛੜਯੰਤਰਕਾਰੀਆਂ ਅਨੁਸਾਰ ਵੇਦਾਂ, ਗਰੰਥਾਂ, ਸਿਮਰਤੀਆਂ, ਪੁਰਾਣਾਂ 'ਤੇ ਰੱਖਿਆ ਗਿਆ। ਜਾਤਾਂ ਪੇਸ਼ਿਆਂ ਦੇ ਆਧਾਰਿਤ ਨਹੀਂ ਸਗੋਂ ਜਨਮ ਦੇ ਆਧਾਰ 'ਤੇ ਬਣ ਗਈਆਂ। ਜੇ ਬੰਦਾ ਸੰਜੋਗ ਵਸ ਕਿਸੇ ਵਿਸ਼ੇਸ਼ ਜਾਤ ਵਿਚ ਜੰਮ ਪਿਆ ਉਸ ਨੂੰ ਮਰਨਾ ਵੀ ਉਸੇ ਜਾਤ ਵਿਚ ਪੈਂਦਾ ਹੈ। ਜਾਤ ਵਿਵਸਥਾ ਦੀ ਤਬਾਹਕਾਰੀ ਇਥੇ ਹੀ ਖ਼ਤਮ ਨਹੀਂ ਹੋ ਗਈ, ਜਾਤਾਂ ਨੂੰ ਉੱਚੀਆਂ ਅਤੇ ਨੀਵੀਂਆਂ 'ਚ ਵੰਡ ਕੇ ਨੀਚ ਜਾਤੀਆਂ ਹੱਥ ਝਾੜੂ ਫੜਾਂ ਕੇ ਕਿਸੇ ਨੂੰ ਲੋਕਾਂ ਦਾ ਗੰਦ ਸਾਫ਼ ਕਰਨ ਦਾ ਕੰਮ ਦੇ ਦਿੱਤਾ ਗਿਆ ਅਤੇ ਕਿਸੇ ਨੂੰ ਮਰੇ ਹੋਏ ਪਸ਼ੂਆਂ ਦੀ ਖੱਲ ਲਾਹ ਕੇ ਚਮੜੇ ਦਾ ਕੰਮ ਸੌਂਪ ਦਿੱਤਾ ਗਿਆ। ਉਹਨਾਂ ਪਾਸੋਂ ਲਾਭਕਾਰੀ ਕੰਮ ਧੰਦੇ ਖੋਹ ਕੇ ਪੇਟ ਭਰਨ ਲਈ ਮਰੇ ਪਸ਼ੂਆਂ ਦਾ ਮਾਸ ਖਾਣ ਲਈ ਮਜਬੂਰ ਕਰ ਦਿੱਤਾ ਗਿਆ। ਉਹਨਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਤੋਂ ਬਾਹਰ ਜਾਤਾਂ ਦੇ ਨਾਂ ਹੇਠ ਬਣੀਆਂ ਥਾਂਵਾਂ ਉੱਤੇ ਰਹਿਣ ਲਈ ਮਜਬੂਰ ਕੀਤਾ ਗਿਆ। ਦਲਿਤਾਂ ਦੀ ਅਜਿਹੀ ਹਾਲਤ ਲਈ ਅਖੌਤੀ ਉੱਚ ਜਾਤਾਂ ਦੇ ਪੂਰਵਜ ਆਰੀਅਨ ਲੋਕ ਜ਼ਿੰਮੇਵਾਰ ਸਨ ਜੋ ਮੱਧ ਏਸ਼ੀਆ ਤੋਂ ਆਏ ਸਨ। ਇਹਨਾਂ ਆਰੀਆਂ ਨੇ ਇਥੋਂ ਦੇ ਮੂਲ ਨਿਵਾਸੀਆਂ ਤੋਂ ਰਾਜਪਾਟ, ਜ਼ਮੀਨਾਂ, ਜਾਇਦਾਦਾਂ ਖੋਹ ਕੇ ਉਹਨਾਂ ਨੂੰ ਅਛੂਤ ਅਤੇ ਸ਼ੂਦਰ ਬਣਾ ਦਿੱਤਾ। ਦਲਿਤਾਂ ਦੇ ਸ਼ੋਸ਼ਣ ਦਾ ਕੰਮ ਅੱਜ ਵੀ ਬਦਸਤੂਰ ਜਾਰੀ ਹੈ।

ਪ੍ਰਸ਼ਨ ਇਹ ਦੇਖਿਆ ਗਿਆ ਹੈ ਕਿ ਸਾਡੇ ਸਮਾਜ ਵਿਚ ਅੰਧਵਿਸ਼ਵਾਸ ਬੜੀ ਤੇਜੀ ਨਾਲ ਫੈਲ ਰਿਹਾ ਹੈ। ਇਸ ਪਿੱਛੇ ਕੀ ਕਾਰਨ ਹਨ?

ਉੱਤਰ: ਸਮਾਜ ਵਿਚ ਅੰਧਵਿਸ਼ਵਾਸ ਦਾ ਵੱਡੀ ਪੱਧਰ 'ਤੇ ਫੈਲਣਾ ਚਿੰਤਾ ਦਾ ਵਿਸ਼ਾ ਹੈ। ਅੰਧਵਿਸ਼ਵਾਸ ਨੂੰ ਫੈਲਾਉਣ ਅਤੇ ਉਸ ਨੂੰ ਚਲਦਾ ਰੱਖਣ ਪਿੱਛੇ ਕਿਸੇ ਚਤੁਰ ਸ਼ੈਤਾਨੀ ਦਿਮਾਗ਼ ਦਾ ਹੋਣਾ ਲਾਜ਼ਮੀ ਹੁੰਦਾ ਹੈ ਅਤੇ ਸਾਡੇ ਦੇਸ਼ ਵਿਚ ਤਾਂ ਅਜਿਹੇ ਦਿਮਾਗਾਂ (ਸ਼ਕਤੀਆਂ) ਦੀ ਪਹਿਲਾਂ ਹੀ ਕੋਈ ਕਮੀ ਨਹੀਂ ਬਲਕਿ ਅੰਧਵਿਸ਼ਵਾਸ ਤਾਂ ਹਿੰਦੂ ਵਿਵਸਥਾ ਦਾ ਹੀ ਦੂਜਾ ਨਾਮ ਹੈ ਜਿਸ ਨੂੰ ਹਰਿਆ-ਭਰਿਆ ਰੱਖਣ ਲਈ ਬ੍ਰਾਹਮਣੀ ਗਰੰਥਾਂ ਦੇ ਢੇਰਾਂ ਦੇ ਢੇਰ ਮੌਜੂਦ ਹਨ। ਇਹਨਾਂ ਦੀ ਰਖਵਾਲੀ ਕਰਨ ਵਾਲੇ ਪੰਡੇ-ਪੁਜਾਰੀਆਂ ਤੋਂ ਬਾਅਦ ਜੋਤਸ਼ੀਆਂ, ਬਾਬਿਆਂ ਤੇ ਹੱਥ ਦੇਖਣ ਵਾਲਿਆਂ ਦਾ ਨੰਬਰ ਆਉਂਦਾ ਹੈ ਜਿਨ੍ਹਾਂ ਨੇ ਇਹਨਾਂ ਗਰੰਥਾਂ ਦੇ ਜ਼ੋਰ 'ਤੇ ਦੁਨੀਆ ਦੀ ਸੋਚ ਅਤੇ ਸਮਝ ਨੂੰ ਆਪਣੀ ਮੁੱਠੀ 'ਚ ਬੰਦ ਕਰ ਲਿਆ ਹੈ। ਇਸ ਨੂੰ ਸਮਝਣ ਦੀ ਲੋੜ ਹੈ ਕਿ ਅੰਧਵਿਸ਼ਵਾਸ ਜਾਂ ਭਵਿੱਖਬਾਣੀ ਆਦਿ ਬਾਰੇ ਵਿਚਾਰ ਭਾਵੇਂ ਕਿਸੇ ਅਨਪੜ ਅਗਿਆਨੀ ਦੇ ਹੋਣ ਜਾਂ ਵਿਦਵਾਨ ਦਿੱਖਣਾ ਵਾਲੇ ਅਮੀਰ/ ਜੋਤਿਸ਼/ ਅਚਾਰੀਆ ਦੇ ਹੋਣ, ਦੋਹਾਂ ਹੀ ਹਾਲਤਾਂ ਵਿਚ ਇਸ ਦੀ ਕੋਈ ਅਸਲੀਅਤ ਨਹੀਂ ਹੈ। ਸਮਾਜ ਨੂੰ ਅੰਧਵਿਸ਼ਵਾਸਾਂ ਤੋਂ ਬਚਣ ਅਤੇ ਆਪਣੀ ਮਿਹਨਤ ਅਤੇ ਸਮਝ ਉੱਤੇ ਵਿਸ਼ਵਾਸ ਕਰਨ ਦੀ ਜ਼ਿਆਦਾ ਲੋੜ ਹੈ।

ਪ੍ਰਸ਼ਨ- ਕੇਂਦਰ ਦੀ ਮੋਦੀ ਸਰਕਾਰ ਦੀਆਂ ਨੀਤੀਆਂ ਬਾਰੇ ਕੀ ਕਹਿਣਾ ਚਾਹੋਗੇ?

ਉੱਤਰ: ਇਹ ਤਾਂ ਠੀਕ ਹੈ ਕਿ ਅੱਜ ਦੀ ਜਾਗਰਤੀ ਦੇ ਸਮੇਂ ਵਿਚ ਲੋਕਾਂ ਦੀ ਮਾਨਸਿਕ ਸਮਝ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ਜਿਸ ਵਿਚ ਵਿਚਾਰਧਾਰਕ ਪੱਧਰ 'ਤੇ ਲੋਕਾਂ ਦੀ ਸਮਾਜਿਕ ਅਤੇ ਰਾਜਨੀਤਿਕ ਸਮਝ ਵੀ ਕਾਫ਼ੀ ਵਿਕਸਿਤ ਹੋ ਗਈ ਹੈ। ਪਾਰਲੀਮੈਂਟ ਵਿਚ ਸੰਘੀ ਵਿਚਾਰਧਾਰਾ (ਆਰ. ਐੱਸ. ਐੱਸ.) ਦੇ ਹਿਸਾਬ ਨਾਲ ਮੌਜੂਦਾ ਮੋਦੀ ਸਰਕਾਰ ਆਪਣੇ ਬਹੁਮਤ ਦੇ ਜ਼ੋਰ ਨਾਲ ਜਿਸ ਰਫ਼ਤਾਰ ਅਤੇ ਮਿਕਦਾਰ ਨਾਲ ਕਾਨੂੰਨ ਪਾਸ ਕਰਵਾ ਰਹੀ ਹੈ ਬੇਸ਼ੱਕ ਉਹ ਸੰਵਿਧਾਨ ਵਿਚ ਦਰਜ ਕਾਨੂੰਨ ਪੱਖ ਤੋਂ ਤਾਂ ਠੀਕ ਹੋ ਸਕਦੇ ਹਨ ਪਰ ਜਿੱਥੋਂ ਤਕ ਸੰਵਿਧਾਨ ਦੀ ਆਤਮਾ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਬੰਧ ਹੈ ਕਈ ਇੱਕ ਕਾਨੂੰਨ ਗ਼ਲਤ ਵੀ ਹੋ ਸਕਦੇ ਹਨ। ਜਿਸ ਤਰਾਂ ਕਿ ਦੇਖਣ ਵਿਚ ਆਇਆ ਹੈ, ਮੌਜੂਦਾ ਸਰਕਾਰ ਬੜੀ ਤੇਜ਼ ਗਤੀ ਨਾਲ ਕਾਨੂੰਨ ਅਤੇ ਨੀਤੀਆਂ ਘੜ ਰਹੀ ਹੈ, ਉਸ ਦਾ ਨਿਸ਼ਾਨਾ ਸਿਰਫ਼ ਆਪਣੇ ਮਿੱਥੇ ਹੋਏ ਏਜੰਡੇ ਹਿੰਦੂ ਰਾਸ਼ਟਰ ਅਤੇ ਹਿੰਦੂ ਰਾਜ ਦਾ ਨਿਸ਼ਾਨਾ ਪ੍ਰਾਪਤ ਕਰਨਾ ਹੈ। ਲੇਕਿਨ ਇਹ ਸਦਾ ਲਈ ਸੱਚ ਸਾਬਤ ਨਹੀਂ ਹੋ ਸਕਦਾ, ਜਿਹਾ ਕਿ ਇਤਿਹਾਸ ਦੇ ਬੇਸ਼ੁਮਾਰ ਉਦਾਹਰਣ ਗਵਾਹ ਹਨ। ਇਸ ਮੌਕੇ ਮੋਦੀ ਸਰਕਾਰ ਦਾ ਮੰਤਵ ਆਪਣੀ ਤਾਕਤ ਨੂੰ ਮਜ਼ਬੂਤ ਬਣਾਉਣਾ ਹੈ। ਉਸ ਦਾ ਸਭ ਤੋਂ ਵੱਧ ਕਾਰਗਰ ਹਥਿਆਰ ਜੋ ਇਹਨਾਂ ਦੇ ਹੱਥ ਆਇਆ ਹੈ ਉਹ ਹਿੰਦੂ ਮੁਸਲਿਮ ਦਾ ਸਵਾਲ ਉਠਾ ਕੇ ਹਿੰਦੂ ਵਰਗ ਨੂੰ ਮੁਸਲਮਾਨ ਦੇ ਖ਼ਿਲਾਫ਼ ਖੜੇ ਕਰਨਾ ਹੈ ਜਿਸ ਵਿਚ ਉਹ ਕਾਫ਼ੀ ਹੱਦ ਤੱਕ ਕਾਮਯਾਬ ਵੀ ਹੋ ਗਏ ਹਨ। ਬਾਬਰੀ ਮਸਜਿਦ, ਗੁਜਰਾਤ ਦੰਗਿਆਂ (2002), ਸੀ ਏ ਏ, ਐਨ ਆਰ ਸੀ ਅਤੇ ਦਫ਼ਾ 370 ਜਿਹੇ ਕਦਮਾਂ ਨਾਲ ਇਹਨਾਂ ਦੀ ਰਣਨੀਤੀ ਕਾਫ਼ੀ ਹੱਦ ਤੱਕ ਕਾਮਯਾਬ ਰਹੀ ਹੈ ਜਾਂ ਹੋ ਗਈ ਹੈ।



ਪ੍ਰਸ਼ਨ ਅਜਿਹੇ ਹਾਲਾਤ ਵਿਚ ਦਲਿਤਾਂ ਵਾਸਤੇ ਕੀ ਰਸਤਾ ਹੈ?

ਉੱਤਰ: ਜਿੱਥੋਂ ਤੱਕ ਦਲਿਤ ਸਮਾਜ ਦਾ ਸਬੰਧ ਹੈ ਉਹ ਤਾਂ ਪਹਿਲਾਂ ਹੀ ਸਦੀਆਂ ਤੋਂ ਛੂਤਛਾਤ ਦੀ ਲਾਹਨਤ ਦਾ ਸ਼ਿਕਾਰ ਚਲਿਆ ਆਉਂਦਾ ਹੈ। ਇਸ ਬਾਰੇ ਦੇਸ਼ ਦੀਆਂ ਅਲੱਗ-ਅਲੱਗ ਥਾਂਵਾਂ ਤੋਂ ਆਉਂਦੀਆਂ ਰਿਪੋਰਟਾਂ ਦੱਸ ਰਹੀਆਂ ਹਨ। ਇਸ ਜਾਤ ਨਫ਼ਰਤ ਵਿਚ ਕੋਈ ਕਮੀ ਨਜ਼ਰ ਨਹੀਂ ਆ ਰਹੀ। ਦੇਸ਼ ਦੀ ਸਭ ਤੋਂ ਵੱਡੀ ਤਰਾਸਦੀ ਇਹੀ ਹੈ ਕਿ ਲੋਕਾਂ ਵਿਚ ਧਰਮ ਦੇ ਆਧਾਰ 'ਤੇ ਵੰਡਣ ਵਾਲੀ ਸਰਕਾਰ ਨੂੰ ਲਗਾਮ ਪਾਉਣ ਲਈ ਲੋਕਾਂ ਦਾ ਕੋਈ ਇੱਕ ਜੁੱਟ ਮੁਹਾਜ਼ ਨਹੀਂ ਬਣ ਸਕਿਆ ਪਰੰਤੂ ਇਸ ਤਰਾਸਦੀ ਵਿਚੋਂ ਕੱਢਣ ਲਈ ਦੇਸ਼ ਨੂੰ ਕਿਸੇ ਆਦਰਸ਼ਕ ਢਾਂਚੇ ਵਿਚ ਢਾਲਣਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਭਾਰਤੀ ਸੰਵਿਧਾਨ ਹੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਸੰਵਿਧਾਨ ਇੱਕ ਆਦਰਸ਼ ਮਾਰਗ ਦਰਸ਼ਕ ਵਜੋਂ ਬਿਹਤਰੀਨ ਕਾਨੂੰਨੀ ਦਸਤਾਵੇਜ਼ ਹੈ, ਜਿਸ ਦੀ ਉਦੇਸ਼ਿਕਾ ਵਿਚ ਉਹ ਬੁਨਿਆਦੀ ਰੂਪ ਦਰਜ ਕੀਤਾ ਗਿਆ ਹੈ ਜੋ ਦੇਸ਼ ਦੀ ਮੌਜੂਦਾ ਵਿਕਰਿਤ ਸਥਿਤੀ ਨੂੰ ਠੀਕ ਕਰ ਸਕਦਾ ਹੈ। ਧਰਮ ਨਿਰਪੱਖਤਾਵਾਦ ਅਤੇ ਸਮਾਜਵਾਦ ਸੰਵਿਧਾਨ ਦੇ ਪ੍ਰਮੁੱਖ ਸਿਧਾਂਤ ਹਨ। ਧਰਮ ਨਿਰਪੱਖਤਾਵਾਦ ਦਾ ਅਰਥ ਹੈ ਕਿ ਰਾਜ (ਸਟੇਟ) ਦਾ ਆਪਣਾ ਕੋਈ ਧਰਮ ਵਿਸ਼ੇਸ਼ ਨਹੀਂ ਹੈ। ਜਦ ਕਿ ਦੇਸ਼ ਵਿਚ ਸਦੀਆਂ ਤੋਂ ਹਿੰਦੂ, ਮੁਸਲਿਮ, ਈਸਾਈ, ਸਿੱਖ ਅਤੇ ਬੋਧੀ ਆਦਿ ਸਭ ਧਰਮ ਪ੍ਰਚੱਲਿਤ ਹਨ ਜਿਨ੍ਹਾਂ ਨੂੰ ਮੰਨਣ ਵਾਲੇ ਵੀ ਲੱਖਾਂ/ਕਰੋੜਾਂ ਦੀ ਗਿਣਤੀ ਵਿਚ ਹਨ। ਇਸੇ ਤਰਾਂ ਦੇਸ਼ ਵਿਚ ਸਦੀਆਂ ਤੋਂ ਪ੍ਰਚੱਲਿਤ ਜਾਤ ਆਧਾਰਿਤ ਵਰਗ ਜਿਨ੍ਹਾਂ ਨੂੰ ਧਰਮ ਪੱਖੋਂ ਸਮਾਜ ਤੋਂ ਛੇਕੇ ਹੋਏ ਇਨਸਾਨਾਂ ਭਾਵ ਅਛੂਤ ਵੀ ਹਨ ਜਿਨ੍ਹਾਂ ਨੂੰ ਇਨਸਾਨੀ ਦਰਜੇ ਤੋਂ ਹੀ ਬਦਤਰ ਮੰਨ ਕੇ ਬਾਕੀ ਸਮਾਜ ਤੋਂ ਅਲੱਗ ਕਰਕੇ ਅਨਪੜ੍ਹ, ਅਗਿਆਨੀ ਅਤੇ ਗਰੀਬ ਰੱਖਿਆ ਗਿਆ। ਅੱਜ ਦੇ ਨਵੇਂ ਵਿਗਿਆਨਕ ਯੁੱਗ ਵਿਚ ਦਲਿਤ ਸਮਾਜ ਵਿਚ ਆਪਣੇ ਹੱਕਾਂ ਦੀ ਸੁਰੱਖਿਆ ਅਤੇ ਜਾਤੀ ਭੇਦਭਾਵ ਬਾਰੇ ਚੇਤਨਾ ਕਾਫ਼ੀ ਵਿਕਸਿਤ ਤੇ ਤੇਜ਼ ਹੋ ਗਈ ਹੈ ਜਿਸ ਦੀ ਅਗਵਾਈ ਬਾਬਾ ਸਾਹਿਬ ਅੰਬੇਡਕਰ ਵਰਗੇ ਅਣਖਖੋਰ ਬੁੱਧੀਮਾਨ ਅਤੇ ਵਿਦਵਾਨ ਵਿਅਕਤੀ ਨੇ ਆਪਣੇ ਹੱਥਾਂ ਵਿਚ ਲੈ ਕੇ ਇਸ ਅਣਮਨੁੱਖੀ ਸਮਾਜਿਕ ਵਿਵਸਥਾ ਦੇ ਖ਼ਿਲਾਫ਼ ਆਵਾਜ਼ ਉਠਾ ਕੇ ਨਵੇਂ ਯੁੱਗ ਆਉਣ ਦਾ ਐਲਾਨ ਕਰ ਦਿੱਤਾ ਹੈ। ਅੰਬੇਡਕਰੀ ਵਿਚਾਰਧਾਰਾ, ਜਿਸ ਨੂੰ ਅੰਬੇਡਕਰਵਾਦ ਵੀ ਕਿਹਾ ਜਾ ਸਕਦਾ ਹੈ, ਨੇ ਖ਼ਾਸ ਤੌਰ 'ਤੇ ਦਲਿਤ ਵਰਗਾਂ ਵਿਚ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਚੇਤਨਾ ਜਗਾ ਕੇ ਇਤਿਹਾਸ ਵਿਚ ਇੱਕ ਨਵਾਂ ਯੁੱਗ ਦਾ ਆਰੰਭ ਕਰ ਦਿੱਤਾ ਹੈ। ਇਹ ਵਿਚਾਰਧਾਰਾ ਨਿਰੀ ਰਾਜਨੀਤਿਕ ਅਧਿਕਾਰਾਂ ਦੀ ਲੜਾਈ ਨਾ ਰਹਿ ਕੇ ਇਨਸਾਨੀ ਆਤਮ ਸਨਮਾਨ ਅਤੇ ਬੁੱਧੀਵਾਦ ਦਾ ਪ੍ਰਤੀਕ ਹੈ ਜਿਸ ਦਾ ਕੋਈ ਸਮਾਂ ਸੀਮਤ ਨਹੀਂ ਹੁੰਦਾ। ਇਸ ਕਰਕੇ ਇਹ ਲੜਾਈ ਉਦੋਂ ਤੱਕ ਖ਼ਤਮ ਨਹੀਂ ਹੋ ਸਕਦੀ ਜਦੋਂ ਤੱਕ ਅੰਬੇਡਕਰ ਮਹਾਨ ਦੇ ਆਦਰਸ਼ ਅਨੁਸਾਰ ਦੇਸ਼ ਵਿਚ ਇੱਕ ਵੀ ਬੰਦਾ ਜਾਤ ਨਫ਼ਰਤ ਅਤੇ ਦਵੈਸ਼ ਦੇ ਕਾਰਨ ਪੀੜਤ ਰਹਿੰਦਾ ਹੈ।

ਪ੍ਰਸ਼ਨ ਕੀ ਪੜੇ-ਲਿਖੇ ਬ੍ਰਾਹਮਣਾਂ ਨੇ ਸਮਾਜ ਨੂੰ ਵਰਣ-ਵਿਵਸਥਾ ਵਿਚ ਵੰਡ ਕੇ ਆਪਣੇ ਸਵਾਰਥੀ ਹਿੱਤਾਂ ਨੂੰ ਹੀ ਪੂਰਿਆ ਹੈ?

ਉੱਤਰ: ਇਹ ਠੀਕ ਹੈ ਕਿ ਇਨਸਾਨਾਂ ਵਿਚ ਬੌਧਿਕ ਪੱਧਰ 'ਤੇ ਇਕਸਾਰਤਾ ਨਹੀਂ ਹੈ ਅਤੇ ਉਹਨਾਂ ਵਿਚ ਸਮਝ ਅਤੇ ਬੁੱਧੀਮਤਾ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਅੰਤਰ ਰਹਿੰਦਾ ਹੈ। ਇਸੇ ਤਰਾਂ ਸਮਾਜ ਦੇ ਵੱਖ-ਵੱਖ ਪੱਧਰਾਂ 'ਤੇ ਰਹਿ ਰਹੇ ਲੋਕਾਂ ਵਿਚਕਾਰ ਵੀ ਬਹੁਤ ਫ਼ਰਕ ਹੋ ਸਕਦਾ ਹੈ ਜਿਨ੍ਹਾਂ ਦੇ ਕਈ ਪ੍ਰਕਾਰ ਦੇ ਕਾਰਨ ਹੋ ਸਕਦੇ ਹਨ ਜਿਵੇਂ ਇਲਾਕਾ, ਵਾਤਾਵਰਣ, ਸਹੂਲਤਾਂ ਜਾਂ ਮੁਸ਼ਕਲਾਂ ਆਦਿ ਦਾ ਇਸ ਵਿਚ ਬਹੁਤ ਹੱਥ ਹੋ ਸਕਦਾ ਹੈ ਪਰ ਜਿਥੋਂ ਤੱਕ ਸਮਾਜ ਦੇ ਇੱਕ ਵਿਸ਼ੇਸ਼ ਵਰਗ ਜਾਂ ਸਮੁਦਾਇ ਨੂੰ ਸਦਾ ਲਈ ਨੀਵ

ਪੰਜਾਬ ਪੁਲੀਸ ਦੀ ਵਰਦੀ ਤੇ ਵਿਚਾਰਾਂ ਦਾ ਵਖਰੇਵਾਂ

ਸੇਧ ਸਾਰ

ਸੁਰਜੀਤ ਮਜਾਰੀ
91+98721-93237

ਇਹ ਗੱਲ ਪੰਜਾਬ 'ਤੇ ਆਏ ਕਾਲੇ ਦਿਨਾਂ ਦੀ ਆ। ਅਸੀਂ ਦੋ ਜਣੇ ਸਕੂਟਰ 'ਤੇ ਜਾ ਰਹੇ ਸੀ। ਮੇਰੇ ਨਾਲ ਮੇਰਾ ਸਹਿਪਾਠੀ ਚੀਮੇਂ ਵਾਲਾ ਨਰੇਸ਼ ਸੀ। ਜਦੋਂ ਅਸੀਂ ਮੁਕੰਦਪੁਰ ਦੀ ਨਹਿਰ ਵਾਲੇ ਪੁਲ ਕੋਲ ਪਹੁੰਚੇ ਤਾਂ ਉੱਥੇ ਪੁਲੀਸ ਦਾ ਨਾਕਾ ਲੱਗਾ ਹੋਇਆ ਸੀ। ਇੱਕ ਹੌਲਦਾਰ ਨੇ ਸਕੂਟਰ ਦੇ ਮੋਹਰੇ ਟੈਰ 'ਤੇ ਜ਼ੋਰ ਨਾਲ ਡੰਡਾ ਮਾਰਿਆ। ਅਸੀਂ ਕਾਹਲੀ ਕਾਹਲੀ ਸਕੂਟਰ ਦਾ ਸਟੈਂਡ ਲਾ ਕੇ ਖੜ੍ਹ ਗਏ। ਉਹ ਘੂਰੀ ਵੱਟ ਕੇ ਬੋਲਿਆ 'ਕਿੱਧਰ ਨੂੰ ਚੱਲੇ ਆਂ ਓਏ, ਸਕੂਟਰ ਕਿਹਦਾ ਆ'। ਅਸੀਂ ਉੱਤਰ ਕੇ ਸਕੂਟਰ ਖੜ੍ਹਾ ਕਰਨ ਹੀ ਲੱਗੇ ਸੀ ਕਿ ਨਾਲ ਖੜ੍ਹੇ ਸਿਪਾਹੀ ਨੇ ਨਵਾਂ ਹੀ ਸਵਾਲ ਕਰ ਤਾ 'ਡਿੱਗੀ 'ਚ ਬੰਬ ਆ?'। ਚੁੱਪ ਤੋੜ ਕੇ ਮੈਂ ਆਖਿਆ 'ਅਸੀਂ ਬੰਬ ਕਾਹਦੇ ਲਈ ਰੱਖਣਾਂ, ਅਸੀਂ ਬੰਗਾ ਦੇ ਸਿੱਖ ਨੈਸ਼ਨਲ ਕਾਲਜ 'ਚ ਪੜ੍ਹਦੇ ਹਾਂ'। ਇਹਦੇ 'ਚ ਦੱਸੋ ਕਿਹੜੀ ਮਾੜੀ ਗੱਲ ਕਹੀ ਸੀ ਕਿ ਉਹਨਾਂ 'ਚ ਸ਼ਾਮਲ ਇੱਕ ਹੋਮਗਾਰਡ ਵਾਲਾ ਰੋਹਬ ਪਾਣ ਲੱਗਾ,'ਸਾਨੂੰ ਪੜ੍ਹਾਈ ਪੜ੍ਹਣੀ ਨਾ ਦੱਸ ਬਾਹਲੀ ਚੁੱਪ ਕਰਕੇ ਡਿੱਗੀ ਖੋਹਲ ਚੈੱਕ ਕਰੀਏ'।

ਮੈਂ ਅਜੇ ਡਿੱਗੀ ਖੋਹਲ ਕੇ ਕਾਗਜਾਂ ਨੂੰ ਹੱਥ ਪਾਇਆ ਹੀ ਸੀ ਕਿ ਅਚਾਨਕ ਸਾਇਰਨ ਦੀ ਆਵਾਜ਼ ਆਈ। ਦੂਰੋਂ ਦੋ ਗੱਡੀਆਂ ਆ ਰਹੀਆਂ ਸਨ। ਮੋਹਰੇ ਜਿਪਸੀ ਤੇ ਪਿੱਛੇ ਅੰਬੈਸਡਰ ਕਾਰ। ਨਹਿਰ ਵਾਲੇ ਪੁਲ ਤੋਂ ਪਹਿਲਾਂ ਪੈਂਦੇ ਮੋੜ ਕੋਲ ਆ ਕੇ ਹੋਲੀ ਹੋਣ ਕਾਰਨ ਉਹਨਾਂ ਗੱਡੀਆਂ ਨੂੰ ਨਾਕੇ ਤੱਕ ਪਹੁੰਚਣ ਲਈ ਥੋਹੜਾ ਟੈਮ ਲੱਗਣਾ ਸੀ। ਐਨੇ ਨੂੰ ਤਿੰਨੇ ਪੁਲੀਸ ਵਾਲੇ ਆਪੋ ਆਪਣਾ ਰਵੱਈਆ ਬਦਲ ਕੇ ਇੱਕੋ ਸਾਹੇ ਕਹਿਣ ਲੱਗੇ, 'ਚੱਲੋ ਚੱਲੋ ਇੱਥੋਂ ਭੱਜੋ, ਸਾਹਿਬ ਆ ਗਏ ਸਾਡੇ'। ਮੈਂ ਸਕੂਟਰ ਨੂੰ ਕਿੱਕ ਮਾਰੀ, ਮੇਰੇ ਮਗਰਲਾ ਵੀ ਝੱਟ ਬੈਠ ਗਿਆ ਤੇ ਅਸੀਂ ਉਥੋਂ ਲੰਘ ਆਏ। ਬਾਅਦ 'ਚ ਪਤਾ ਲੱਗਾ ਕਿ ਰਾਤੀਂ ਇਲਾਕੇ 'ਚ ਕੋਈ ਮਾਰ ਧਾੜ ਦੀ ਵਾਰਦਾਤ ਹੋਈਓ ਸੀ। ਉਹ ਤਾਂ ਜੇਕਰ ਨਾਕੇ 'ਤੇ ਖੜ੍ਹੇ ਮੁਲਾਜ਼ਮਾਂ ਨੂੰ ਆਪਣੇ ਅਫ਼ਸਰ ਦਾ ਖਿਆਲ ਨਾ ਹੁੰਦਾ ਜਾਂ ਇਹ ਕਹਿ ਲਓ ਜੇਕਰ ਉਹ ਅਫ਼ਸਰ ਓਸ ਵੇਲੇ ਨਾ ਔਂਦਾ ਤਾਂ ਸਾਨੂੰ ਪਤਾ ਨੀ ਕਿੰਨਾਂ ਚਿਰ ਪ੍ਰੇਸ਼ਾਨੀ ਖੜ੍ਹੀ ਰਹਿਣੀ ਸੀ ਜਾਂ ਫਿਰ ਉਹ ਸਾਡੇ ਕੋਲੋਂ ਪੈਸਾ ਧੇਲਾ ਭਾਲਦੇ। ਬਣਦਾ ਇਹ ਸੀ ਕਿ ਉਹ ਸਿੱਧਾ ਸਾਡੇ ਕਾਲਜ ਵਲੋਂ ਜਾਰੀ ਪਛਾਣ ਪੱਤਰ ਦੇਖਦੇ ਤੇ ਤਸੱਲੀ ਰੱਖਦੇ। ਇਹ ਕੀ ਜੋ ਮੂੰਹ ਆਇਆ ਬੋਲੀ ਜਾਓ ਕੋਈ ਬੰਦਾ ਕਬੰਦਾ ਵੀ ਦੇਖਣਾ ਚਾਹੀਦਾ।

ਐਂਦੇ ਇੱਕ ਵਾਰ ਖਾਨਗੀ ਪੰਚਾਇਤ 'ਚ ਸ਼ਾਮਲ ਹੋ ਕੇ ਥਾਣੇ ਜਾਣ ਦਾ ਮੌਕਾ ਬਣਿਆਂ। ਥਾਣੇਦਾਰ ਕੋਲ ਡੀਸੀ ਦਫ਼ਤਰ ਵਲੋਂ ਮਾਰਕ ਹੋ ਕੇ ਇੱਕ ਦਰਖ਼ਾਸਤ ਆਈ ਹੋਈ ਸੀ। ਇਹ ਦਰਖ਼ਾਸਤ ਬੇਨਤੀ ਕਰਤਾ ਨੇ ਜ਼ਿਲ੍ਹੇ 'ਚ ਲੱਗੇ ਲੋਕ ਦਰਬਾਰ 'ਚ ਡੀ ਸੀ ਨੂੰ ਦਿੱਤੀ ਸੀ। ਦਰਖ਼ਾਸਤ ਦਾ ਨਿਪਟਾਰਾ ਕਰਨ ਬੈਠਾ ਥਾਣੇਦਾਰ ਬੇਨਤੀਕਰਤਾ 'ਤੇ ਟੁੱਟ ਪਿਆ 'ਝੋਟੇ ਥੱਲਿਓਂ ਕਿਹੜਾ ਦੁੱਧ ਭਾਲਦਾ, ਗੱਲ ਤਾਂ ਥਾਣੇ ਆ ਕੇ ਹੀ ਬਣਨੀ ਆ ਤੁਰ ਪੈਂਦੇ ਡੀਸੀ ਨੂੰ ਦਰਖਾਸਤ ਦੇਣ'। ਇਹਦੇ 'ਚ ਦੇਖੋ ਉਹ ਵਿੱਚੇ ਡੀ ਸੀ ਨੂੰ ਤੇ ਵਿੱਚੇ ਬੇਨਤੀ ਕਰਤਾ ਨੂੰ ਕਿੰਨਾ ਕੁਝ ਕਹਿ ਗਿਆ। ਹੋਰ ਤਾਂ ਹੋਰ ਇੱਕ ਵਾਰ ਕਿਸੇ ਥਾਣੇ 'ਚ ਐਕਸੀਡੈਂਟ ਵਾਲੇ ਵਾਹਨ ਦੀ ਸਪੁਰਦਾਰੀ ਲੈਣ ਗਏ। ਨੰਬਰਦਾਰ ਵਜੋਂ ਤਸਦੀਕ ਕਰਨ ਲਈ ਮੈਨੂੰ ਨਾਲ ਜਾਣਾ ਪਿਆ। ਤਾਂ ਉੱਥੇ ਡੀਲਿੰਗਹੈਂਡ ਪੁਲੀਸ ਮੁਲਾਜ਼ਮ ਇੱਕ ਹੋਰ ਪੰਚਾਇਤ ਨੂੰ ਅਟੈਂਡ ਕਰ ਰਿਹਾ ਸੀ। ਅਸੀਂ ਵੀ ਉਸ ਪੰਚਾਇਤ ਦੇ ਕੋਲੇ ਖੜ੍ਹ ਗਏ। ਉਹ ਪੰਚਾਇਤ 'ਚ ਸ਼ਾਮਲ ਜਨਾਨੀਆਂ ਨੂੰ ਅਵਾਗੌਣ ਬੋਲੀ ਜਾ ਰਿਹਾ ਸੀ ਕਈ ਸ਼ਬਦ ਤਾਂ ਸੁਣਨ ਵਾਲੇ ਨੀ ਸਨ।

ਜਦੋਂ ਕਿਤੇ ਕਿਸੇ ਥਾਣੇ ਦੀ ਪੜਤਾਲ ਕਰਨ ਕਿਸੇ ਸੀਨੀਅਰ ਅਫ਼ਸਰ ਨੇ ਆਉਣਾ ਹੁੰਦਾ ਤਾਂ ਵਕਤ ਟਪੌਣ ਲਈ ਉਸ ਥਾਣੇ ਵਾਲਿਆਂ 'ਚ ਹਲੀਮੀਂ ਪਤਾ ਨੀ ਕਿੱਥੋਂ ਆ ਜਾਂਦੀ ਆ। ਉਹ ਬੜੇ ਬੀਬੇ ਰਾਣੇ ਬਣ ਕੇ ਹਲਕੇ 'ਚੋਂ ਚੁਣ ਚੁਣ ਕੇ ਪਤਵੰਤੇ ਲਿਆਉਂਦੇ ਹਨ। ਆਪਣਾ ਗੁਣ ਗਾਣ ਕਰਨ ਵਾਲੀਆਂ ਦੱਸੀਆਂ ਦਸਾਈਆਂ ਗੱਲਾਂ ਕਹਾ ਕੇ ਆਪਣੇ ਨੰਬਰ ਬਣਾ ਲੈਂਦੇ ਹਨ। ਮੁੱਦਾ ਪੁਲੀਸ ਦੀ ਵਰਦੀ ਦਾ ਜਾਂ ਉਹਨਾਂ ਦੀ ਕੰਮ ਵਿਧੀ 'ਤੇ ਕਿੰਤੂ ਪ੍ਰੰਤੂ ਕਰਨ ਦਾ ਨੀ ਮੁੱਦਾ ਉਹਨਾਂ ਦੀ ਤਾਸੀਰ ਬਦਲਣ ਦਾ ਹੈ। ਖ਼ੈਰ ਜ਼ਿੰਦਗੀ 'ਚ ਪੁਲੀਸ ਪ੍ਰਤੀ ਕਈਆਂ ਕੋਲੋਂ ਸੁਣੇ, ਖ਼ਬਰਾਂ 'ਚ ਪੜ੍ਹੇ ਅਤੇ ਨੇੜਿਓ ਹੋ ਕੇ ਦੇਖੇ/ਸੁਣੇ ਤਜ਼ਰਬੇ ਦੇ ਹਿਸਾਬ ਨਾਲ ਮੇਰਾ ਨਜ਼ਰੀਆਂ ਮਨਫ਼ੀ ਹੀ ਰਿਹਾ। ਪਰ ਜਿਵੇਂ ਕਹਿੰਦੇ ਆ ਕਿ ਸਾਰੇ ਜਣੇ ਇੱਕੋ ਜਿਹੇ ਨੀ ਹੁੰਦੇ। ਆਹ ਜਦੋਂ ਦਾ ਕਰੋਨਾਵਾਇਰਸ ਦੀ ਤੰਗੀ ਆਈ ਆ ਪੁਲੀਸ ਕਰਮੀਆਂ ਦੀ ਕਈ ਸੇਵਾਵਾਂ ਐਨੀਆਂ ਵਧੀਆ ਲੱਗੀਆ ਕਿ ਜ਼ਿੰਨੀ ਪ੍ਰਸੰਸਾ ਕਰ ਲਵੋ ਉਨੀ ਹੀ ਥੋਹੜੀ।

ਕੋਰੋਨਾਵਾਇਰਸ ਦੇ ਖੌਫ਼ਨਾਕ ਮਾਹੌਲ 'ਚ ਇਹ ਪੁਲੀਸ ਕਰਮੀਂ ਆਪਣਾ ਆਪ ਭੁੱਲ ਕੇ ਲੋਕਾਂ ਦੇ ਆਪਣੇ ਬਣਦੇ ਨਜ਼ਰ ਆਏ। ਮੀਡੀਆ ਕਰਮੀਂ ਵਜੋਂ ਮੈਂ ਫ਼ੀਲਡ 'ਚ ਦੇਖਿਆ ਕਿ ਸ਼ਹਿਰ ਅੰਦਰ ਲੋੜਵੰਦ ਲੋਕਾਂ ਨੂੰ ਕਈ ਪੁਲੀਸ ਅਫ਼ਸਰ ਤੇ ਦੂਜੇ ਮੁਲਾਜ਼ਮ ਘਰ ਘਰ ਜਾ ਕੇ ਲੰਗਰ ਪ੍ਰਦਾਨ ਕਰ ਰਹੇ ਸਨ। ਦੁੱਖ ਤਕਲੀਫ਼ਾਂ ਸੁਣ ਰਹੇ ਹਨ। ਉਪ ਪੁਲੀਸ ਕਪਤਾਨ ਰਾਜ ਕੁਮਾਰ ਚੌਧਰੀ ਸ਼ਹਿਰ 'ਚ ਕਰਫਿਊ ਦੇ ਪਹਿਲੇ ਦਿਨ ਕੱਲੇ ਕੱਲੇ ਨੂੰ ਸਮਝਾ ਰਹੇ ਸਨ ਕਿ ਇਹ ਬੰਦ ਤੁਹਾਡੇ ਭਲੇ ਲਈ ਆ। ਕਈਆਂ ਨੂੰ ਤਾਂ ਉਹ ਆਪਣੀ ਗੱਡੀ 'ਚੋਂ ਮਾਸਕ ਕੱਢ ਕੇ ਫੜਾਉਂਦੇ ਦੇਖੇ। ਇਵੇਂ ਉਪ ਪੁਲੀਸ ਕਪਤਾਨ ਮੈਡਮ ਦੀਪਿਕਾ ਸਿੰਘ ਨੂੰ ਪਿਛਲੇ ਵਰ੍ਹੇ ਚੰਗੀਆਂ ਸੇਵਾਵਾਂ ਲਈ ਜਦੋਂ ਪ੍ਰਸ਼ਾਸ਼ਨ ਵਲੋਂ ਸਨਮਾਨਿਤ ਕੀਤਾ ਗਿਆ ਤਾਂ ਉਹਨਾਂ ਕਿਹਾ ਸੀ ਕਿ ਜਦੋਂ ਰੁਤਬੇ ਲਾਲਚਾਂ ਤੋਂ ਦੂਰ ਰਹਿੰਦੇ ਹਨ ਤਾਂ ਹਰ ਮਿਸ਼ਨ 'ਚ ਬਰਕਤਾਂ ਪੈਂਦੀਆਂ ਹਨ। ਇਵੇਂ ਉਪ ਪੁਲੀਸ ਕਪਤਾਨ ਨਵਨੀਤ ਸਿੰਘ ਮਾਹਿਲ ਨੇ ਪੰਚਾਇਤਾਂ ਤੋਂ ਇਲਾਵਾ ਸਪੋਰਟਸ ਕਲੱਬਾਂ ਦੀ ਵੱਡੇ ਪੱਧਰ 'ਤੇ ਲਾਮਬੰਦੀ ਕਰਕੇ ਨਸ਼ਿਆਂ ਖਿਲਾਫ਼ ਕੰਮ ਕੀਤਾ। ਆਪਣੇ ਜ਼ਿਲ੍ਹੇ 'ਚ ਇਹਨਾਂ ਤਿੰਨਾਂ ਉਪ ਪੁਲੀਸ ਕਪਤਾਨਾਂ ਦੀ ਇਸ ਉਸਾਰੂ ਜੁਗਲਬੰਦੀ ਨੇ ਮੇਰਾ ਪੁਲੀਸ ਪ੍ਰਤੀ ਨਜ਼ਰੀਆ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਦਿਨੀਂ ਲੌਕਬੰਦੀ ਦੌਰਾਨ ਪੁਲੀਸ ਵਾਲਿਆਂ ਵਲੋਂ ਕਈਆਂ ਦੇ ਡੰਡਾ ਫੇਰਨ ਦੀਆਂ ਵਾਇਰਰ ਹੋਈਆਂ ਘਟਨਾਵਾ ਦੀ ਦੀ ਨਿੰਦਾ ਵੀ ਹੋਈ ਤੇ ਦੂਜੇ ਬੰਨ੍ਹੇ ਪੁਲੀਸ ਮੁਲਾਜ਼ਮਾਂ ਵਲੋਂ ਦਿਨ ਰਾਤ ਕੀਤੀ ਗਈ ਜਾ ਰਹੀ ਡਿਊਟੀ ਅਤੇ ਇੱਥੋਂ ਤੱਕ ਕਈ ਹਲਕਿਆਂ 'ਚ ਲੋਕ ਭਲਾਈ ਦੇ ਗੀਤ ਗਾ ਕੇ ਲੌਕਬੰਦੀ ਦੀ ਪਾਲਣਾ ਕਰਨ ਦੀਆਂ ਕੀਤੀਆਂ ਬੇਨਤੀਆਂ ਦੀ ਪ੍ਰਸੰਸਾਂ ਵੀ ਹੋਈ।

ਹੁਣ ਭਾਵੇਂ ਮੈਂ ਮੀਡੀਆ ਕਰਮੀਂ ਵਜੋਂ ਆਪਣਾ ਪਛਾਣ ਪੱਤਰ ਜਿਆਦਾਤਰ ਗਲ 'ਚ ਹੀ ਪਾ ਕੇ ਰੱਖਦਾ ਹਾਂ। ਫਿਰ ਵੀ ਰਾਹੇ ਵਗਾਹੇ ਪੁਲੀਸ ਦੀ ਪੁੱਛ ਗਿੱਛ ਦੇ ਤਿੱਖੇ ਵਿਵਹਾਰ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਆ। ਐਂਦੇ ਇਹ ਵਾਰ ਨਾਕੇ 'ਤੇ ਮੈਨੂੰ ਪੁਲੀਸ ਕਰਮੀਂ ਰੋਕ ਕੇ ਕਾਗਜ਼ ਪੱਤਰਾਂ ਬਾਰੇ ਪੁੱਛਣ ਲੱਗੇ।

ਮੈਂ ਆਪਣੇ ਮੀਡੀਆ ਕਰਮੀਂ ਹੋਣ ਬਾਰੇ ਜਾਣਕਾਰੀ ਦੇ ਹੀ ਰਿਹਾ ਸੀ ਤੇ ਨਾਲੇ ਮੈਂ ਤਾਂ ਕਾਗਜ਼ ਦਖੌਣ ਤੋਂ ਕਿਸੇ ਕਿਸਮ ਦੀ ਆਨਾ ਕਾਨੀ ਵੀ ਨੀ ਕੀਤੀ ਸੀ ਕਿ ਉਹਨਾਂ 'ਚੋਂ ਇੱਕ ਤੱਤੇ ਤੱਤੇ ਘਾਹ ਬੋਲਿਆ 'ਨਾ ਇਹ ਕਿੱਥੇ ਲਿਖਿਆ ਆ ਕਿ ਅਸੀਂ ਮੀਡੀਆ ਵਾਲਿਆਂ ਤੋਂ ਕਾਗਜ਼ ਨੀ ਪੁੰਛ ਸਕਦੇ'।

ਕੋਰੋਨਾਵਾਇਰਸ ਦੇ ਖੌਫ਼ਨਾਕ ਮਾਹੌਲ 'ਚ ਇਹ ਪੁਲੀਸ ਕਰਮੀਂ ਆਪਣਾ ਆਪ ਭੁੱਲ ਕੇ ਲੋਕਾਂ ਦੇ ਆਪਣੇ ਬਣਦੇ ਨਜ਼ਰ ਆਏ। ਮੀਡੀਆ ਕਰਮੀਂ ਵਜੋਂ ਮੈਂ ਫ਼ੀਲਡ 'ਚ ਦੇਖਿਆ ਕਿ ਸ਼ਹਿਰ ਅੰਦਰ ਲੋੜਵੰਦ ਲੋਕਾਂ ਨੂੰ ਕਈ ਪੁਲੀਸ ਅਫ਼ਸਰ ਤੇ ਦੂਜੇ ਮੁਲਾਜ਼ਮ ਘਰ ਘਰ ਜਾ ਕੇ ਲੰਗਰ ਪ੍ਰਦਾਨ ਕਰ ਰਹੇ ਸਨ। ਦੁੱਖ ਤਕਲੀਫ਼ਾਂ ਸੁਣ ਰਹੇ ਹਨ। ਉਪ ਪੁਲੀਸ ਕਪਤਾਨ ਰਾਜ ਕੁਮਾਰ ਚੌਧਰੀ ਸ਼ਹਿਰ 'ਚ ਕਰਫਿਊ ਦੇ ਪਹਿਲੇ ਦਿਨ ਕੱਲੇ ਕੱਲੇ ਨੂੰ ਸਮਝਾ ਰਹੇ ਸਨ ਕਿ ਇਹ ਬੰਦ ਤੁਹਾਡੇ ਭਲੇ ਲਈ ਆ। ਕਈਆਂ ਨੂੰ ਤਾਂ ਉਹ ਆਪਣੀ ਗੱਡੀ 'ਚੋਂ ਮਾਸਕ ਕੱਢ ਕੇ ਫੜਾਉਂਦੇ ਦੇਖੇ। ਇਵੇਂ ਉਪ ਪੁਲੀਸ ਕਪਤਾਨ ਮੈਡਮ ਦੀਪਿਕਾ ਸਿੰਘ ਨੂੰ ਪਿਛਲੇ ਵਰ੍ਹੇ ਚੰਗੀਆਂ ਸੇਵਾਵਾਂ ਲਈ ਜਦੋਂ ਪ੍ਰਸ਼ਾਸ਼ਨ ਵਲੋਂ ਸਨਮਾਨਿਤ ਕੀਤਾ ਗਿਆ ਤਾਂ ਉਹਨਾਂ ਕਿਹਾ ਸੀ ਕਿ ਜਦੋਂ ਰੁਤਬੇ ਲਾਲਚਾਂ ਤੋਂ ਦੂਰ ਰਹਿੰਦੇ ਹਨ ਤਾਂ ਹਰ ਮਿਸ਼ਨ 'ਚ ਬਰਕਤਾਂ ਪੈਂਦੀਆਂ ਹਨ।

ਦਲਿਤ ਦਮਨ ਇੱਕ ਗੰਭੀਰ ਸਮੱਸਿਆ, ਠੱਲ੍ਹ ਕਿਵੇਂ ਪਾਈ ਜਾਵੇ?

(ਸਫਾ 28 ਦੀ ਬਾਕੀ)

ਤਰੱਕੀ ਦੇ ਨਾਲ ਜੁੜੀ ਹੋਈ ਹੈ। ਦਲਿਤ ਸਮਾਜ ਨੂੰ ਹਿੰਦੂ (ਬ੍ਰਾਹਮਣੀ) ਸੱਭਿਅਤਾ ਅਤੇ ਸ੍ਰੰਸਕਿਤੀ ਕਾਰਨ ਬਾਕੀ ਸਮਾਜ ਤੋਂ ਅਲੱਗ ਕਰਨ ਦੇ ਫਲਸਰੂਪ ਇਹ ਸਮਾਜ ਜਾਤ ਨਫ਼ਰਤ ਅਤੇ ਦਵੈਸ਼ ਕਾਰਨ ਅਗਿਆਨਤਾ, ਅਨਪੜ੍ਹਤਾ ਅਤੇ ਗਰੀਬੀ ਆਦਿ ਵਰਗੇ ਰੋਗਾਂ ਦਾ ਸ਼ਿਕਾਰ ਰਿਹਾ ਹੈ ਲੇਕਿਨ ਭਾਵੇਂ ਜ਼ਮਾਨੇ ਦੇ ਇਨਕਲਾਬੀ ਉਥਲ-ਪੁਥਲ ਕਾਰਨ ਉਹ ਪੁਰਾਣੀਆਂ ਲਕੀਰਾਂ ਕਾਫ਼ੀ ਹੱਦ ਤੱਕ ਮੱਧਮ ਪੈ ਰਹੀਆਂ ਹਨ ਫਿਰ ਵੀ ਹਾਲੇ ਤੱਕ ਉਹ ਪੁਰਾਣੇ ਜ਼ਖ਼ਮ ਪੂਰੀ ਤਰਾਂ ਠੀਕ ਨਹੀਂ ਹੋਏ। ਇਸ ਲਈ ਦਲਿਤ ਸਮਾਜ ਨੂੰ ਵੀ ਆਪਣੇ ਹਾਲਾਤ ਅਨੁਸਾਰ ਉਚ-ਨੀਚ ਅਤੇ ਜਾਤ ਦ੍ਰੋਗੀ ਦੇ ਕਾਰਨ ਉੱਠੀਆਂ ਮੁਸ਼ਕਲਾਂ ਅਤੇ ਤਕਲੀਫ਼ਾਂ ਨਾਲ ਆਪਣੇ ਪੱਧਰ 'ਤੇ ਆਪ ਜੂਝਣਾ ਪੈ ਰਿਹਾ ਹੈ। ਇਸ ਸਮਾਜ ਦਾ ਅਤੀਤ ਕੀ ਹੈ? ਕਿਉਂ ਇਸ ਨੂੰ ਕਿਹਨਾਂ-ਕਿਹਨਾਂ ਦੁੱਖਾਂ ਦੇ ਦੌਰ ਵਿਚੋਂ ਗੁਜ਼ਰਨਾ ਪਿਆ? ਉਸ ਵਿਚ ਖ਼ਾਸ ਤੌਰ 'ਤੇ ਅੰਗਰੇਜ਼ੀ ਸ਼ਾਸਨ ਕਾਲ ਦੌਰਾਨ ਕਿਹੜੀਆਂ-ਕਿਹੜੀਆਂ ਬਗਾਵਤੀ ਲਹਿਰਾਂ ਉੱਠੀਆਂ ਅਤੇ ਅੱਜ ਦੀ ਸਥਿਤੀ ਵਿਚ ਉਹ ਕਿਸ ਤਰਾਂ ਇਥੇ ਪਹੁੰਚੇ ਉਸ ਬਾਰੇ ਇਤਿਹਾਸ ਦੇ ਵਰਕੇ ਫੋਲੇ ਜਾ ਸਕਦੇ ਹਨ। ਬਾਬਾ ਸਾਹਿਬ ਅੰਬੇਡਕਰ ਦੇ ਲਗਾਤਾਰ ਸੰਘਰਸ਼ ਸਦਕੇ ਜੋ ਸਮਾਜਿਕ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਚੇਤਨਾ ਪੈਦਾ ਹੋਈ ਹੈ ਉਸ ਨੂੰ ਕਾਇਮ ਰੱਖਣ ਅਤੇ ਅੱਗੇ ਨੂੰ ਵਿਕਸਿਤ ਕਰਨਾ ਜ਼ਰੂਰੀ ਹੈ। ਇਹ ਸਭ ਸਮਾਜ ਦੇ ਅੱਗੇ ਚੁਣੌਤੀਆਂ ਵੀ ਹਨ ਅਤੇ ਇੱਕਮੁੱਠ ਹੋ ਕੇ ਕੁਝ ਕਰਨ ਲਈ ਵੰਗਾਰ ਵੀ ਹਨ। ਜੇਕਰ ਅੱਜ ਦੇ ਰਾਜਨੀਤਿਕ ਸੰਘਰਸ਼ 'ਤੇ ਨਜ਼ਰ ਮਾਰੀਏ ਤਾਂ ਇਹ ਦੇਖ ਕੇ ਦਿਲ ਨੂੰ ਧੱਕਾ ਜ਼ਰੂਰ ਵੱਜੇਗਾ ਕਿ ਦਲਿਤ ਸਮਾਜ ਦੀ ਵੱਡੀ ਜ਼ਰੂਰਤ ਹੋਣ ਦੇ ਬਾਵਜੂਦ ਵੀ ਇਹ ਆਪਣੇ ਸਿਧਾਂਤਾਂ ਅਨੁਸਾਰ ਆਪਣੇ ਪੈਰਾਂ 'ਤੇ ਖੜਾ ਨਹੀਂ ਹੋ ਸਕਿਆ। ਦੇਸ਼ ਵਿਚ ਇੰਨੀ ਵੱਡੀ ਜਨਸੰਖਿਆ ਹੋਣ ਦੇ ਬਾਅਦ ਵੀ ਉਸ ਨੂੰ ਅਸੈਂਬਲੀਆਂ ਵਿਚ ਆਪਣੇ ਨੁਮਾਇੰਦੇ ਭੇਜਣ ਲਈ ਦੂਜੀਆਂ ਗ਼ੈਰ ਦਲਿਤ ਸੰਗਠਨਾਂ ਅਤੇ ਪਾਰਟੀਆਂ ਤੋਂ ਟਿਕਟਾਂ ਦੀ ਖ਼ੈਰਾਤ ਲਈ ਹੱਥ ਅੱਡਣੇ ਪੈਂਦੇ ਹਨ। ਸਮਾਜ ਬੁਰੀ ਤਰਾਂ ਸਮਾਜਿਕ ਅਤੇ ਰਾਜਨੀਤਿਕ ਅਰਥਾਂ ਵਿਚ ਵੰਡਿਆ ਹੋਇਆ ਹੈ। ਇਨਸਾਨੀ ਸੰਘਰਸ਼ ਅਤੇ ਅਕਾਂਖਿਆਵਾਂ ਲਈ ਸੰਭਾਵਨਾਵਾਂ ਤਾਂ ਬਹੁਤ ਹਨ ਲੇਕਿਨ ਜਿਸ ਸਮਾਜ ਦੇ ਆਪਣੇ ਘਰ ਇੰਨੀ ਦੁਫਾੜ ਹੋ ਰਹੀ ਹੋਵੇ ਤਾਂ ਉਥੇ ਸਮੁੱਚੇ ਤੌਰ 'ਤੇ ਤਰੱਕੀ ਕਰਨ ਜਾਂ ਖ਼ੁਸ਼ਹਾਲੀ ਪ੍ਰਾਪਤ ਕਰਨ ਦੀ ਕਿੰਨੀ ਕੁ ਉਮੀਦ ਕੀਤੀ ਜਾ ਸਕਦੀ ਹੈ। ਬਾਬਾ ਸਾਹਿਬ ਦੇ ਦਿੱਤੇ ਹੋਏ ਗੁਰੂ ਮੰਤਰ 'ਪੜੋ, ਸੰਘਰਸ਼ ਕਰੋ ਅਤੇ ਸੰਗਠਿਤ ਹੋਵੋ' ਦੀ ਇਹ ਪ੍ਰਵਿਰਤੀਆਂ ਨਿਰੀ ਉਲੰਘਣ ਹੀ ਨਹੀਂ ਸਗੋਂ ਗਿਰਾਵਟ ਦੇ ਵੀ ਸੰਕੇਤ ਹੋ ਸਕਦੇ ਹਨ।

ਪ੍ਰਸ਼ਨ- ਤੁਸੀਂ ਆਪਣੀਆਂ ਰਚਨਾਵਾਂ ਵਿਚ ਕਈ ਨੇਤਾਵਾਂ ਤੇ ਲੇਖਕਾਂ ਨੂੰ ਆਪਣੀ ਆਲੋਚਨਾਤਮਕ ਟਿੱਪਣੀ ਦਾ ਨਿਸ਼ਾਨਾ ਬਣਾਇਆ ਕਿਉਂ? ਕੀ ਇਹ ਜ਼ਰੂਰੀ ਸੀ? ਕੁਝ ਚਾਨਣਾ ਪਾਓ।

ਉੱਤਰ- ਕੁਝ ਬੀਮਾਰੀਆਂ ਦਾ ਇਲਾਜ ਦਵਾਈਆਂ ਨਾਲ ਹੋ ਜਾਂਦਾ ਹੈ ਪਰ ਕਈਆਂ ਲਈ ਨਸ਼ਤਰ ਇਸਤੇਮਾਲ ਕਰਨਾ ਪੈਂਦਾ ਹੈ। ਛੂਤ-ਛਾਤ ਜਿਹੀ ਨਰਕ ਸਮਾਨ ਬੀਮਾਰੀ ਨੂੰ ਦੂਰ ਕਰਨ ਲਈ ਵੱਖ-ਵੱਖ ਸਮਿਆਂ ਵਿਚ ਦੇਸੀ ਦਵਾਈਆਂ/ਟੋਟਕੇ ਅਜਮਾਏ ਗਏ ਲੇਕਿਨ-ਮਰਜ਼ ਬੜਤਾ ਗਿਆ ਜੂੰ ਜੂੰ ਦਵਾ ਕੀ- ਦੇ ਕਥਨ ਅਨੁਸਾਰ ਕੋਈ ਦਵਾਈ ਅਸਰ ਨਹੀਂ ਕਰ ਸਕੀ ਅਗਰ ਇਸ ਕਾਤਿਲ ਬੀਮਾਰੀ ਨੂੰ ਜੜੋਂ ਖ਼ਤਮ ਕਰਨ ਲਈ ਕਿਸੇ ਔਜ਼ਾਰ ਨੇ ਕੰਮ ਕੀਤਾ ਉਹ ਕੇਵਲ ਬਾਬਾ ਸਾਹਿਬ ਦਾ ਕਲਮ ਰੂਪੀ ਨਸ਼ਤਰ ਹੀ ਸੀ ਜਿਨ੍ਹਾਂ ਦੀ ਕਲਮ ਨੇ ਨਾ ਕੇਵਲ ਇਸ ਦੀਆਂ ਜੜਾਂ (ਬ੍ਰਾਹਮਣੀ ਧਰਮ ਸ਼ਾਸਤਰ) ਨੂੰ ਨੰਗਾ ਕੀਤਾ ਬਲਕਿ ਇਸ ਦੇ ਸ਼ਿਕਾਰ ਵਰਗਾਂ ਨੂੰ ਇਸ ਦੇ ਖੂੰਖਾਰ ਜਬਾੜਿਆਂ 'ਚੋਂ ਆਜ਼ਾਦ ਕਰਕੇ ਉਹਨਾਂ ਨੂੰ ਇਨਸਾਨਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ। ਮੇਰਾ ਮੰਨਣਾ ਹੈ ਕਿ ਜਿੰਨਾ ਬਾਬਾ ਸਾਹਿਬ ਦੇ ਵਿਚਾਰਾਂ ਅਤੇ ਉਹਨਾਂ ਦੀ ਵਿਚਾਰਧਾਰਾ ਦਾ ਨਿਰ

ਪੰਜਾਬੀ ਫਿਲਮ ਖ਼ਬਰਨਾਮਾ - ਅੰਮ੍ਰਿਤ ਪਵਾਰ



ਅਨੂ ਚੋਧਰੀ ਬਣੀ 'ਰੰਗ ਬਰੰਗੀ'

ਰਾਜਪਾਲ ਯਾਦਵ ਨਾਲ ਹੀਰੋਇਨ ਵਜੋਂ 'ਮਿੱਠੂ ਦਾ ਵਿਆਹ' ਫਿਲਮ ਮਿਲੀ ਅਨੂ ਚੋਧਰੀ ਨੂੰ ਤਾਂ ਗਲੈਮਰ ਦੁਨੀਆਂ 'ਚ ਤਹਿਲਕਾ ਮੱਚ ਗਿਆ ਅਸਲ 'ਚ ਅਨੂ ਕਰ ਰਹੀ ਸੀ ਪੰਜਾਬੀ ਵੈਬ-ਸੀਰੀਜ 'ਰੰਗ ਬਰੰਗੀ' ਇਥੋਂ ਹੀ ਉਸਦੇ ਪ੍ਰੋਮੋ, ਇੰਸਟਾਗਰਾਮ ਤਸਵੀਰਾਂ ਨੇ ਉਸ ਲਈ ਸੁਨਹਿਰੀ ਸਮਾਂ ਲਿਆਂਦਾ ਅਨੂ ਚੋਧਰੀ ਨਾਲ ਸੰਦੀਪ ਸਿੰਘ ਇਸ ਸੀਰੀਜ 'ਚ ਹੀਰੋ ਹੈ । ਪ੍ਰੀਤ ਸਿੱਧੂ ਸੋਨਮ ਕੌਰ, ਦਲੇਰ ਮਹਿਤਾ, ਦਿਲਪ੍ਰੀਤ ਦੀਪੀ, ਗੁਰੀ ਸਿੰਘ, ਲਾਡਾ, ਰਮਨ ਮੁਟਿਆਰ, ਸੁੱਖੀ ਸੋਨੀ ਮਾਨ 'ਰੰਗ ਬਰੰਗੀ' ਦੇ ਦੂਜੇ ਮੁੱਖ ਕਲਾਕਾਰ ਹਨ।

ਇਹ ਹੈ ਡੀ.ਪੀ ਅਰਸ਼ੀ

ਕਦੇ ਪੰਜਾਬੀ ਫਿਲਮਾਂ 'ਚ ਸੁਰ ਨਿਰਮਾਤਾ ਸੀ ਡੀ.ਪੀ.ਅਰਸੀ ਜਦ 'ਤਬਾਹੀ' ਜਿਹੀਆਂ ਹਿੱਟ ਫਿਲਮਾਂ ਦਾ ਨਿਰਮਾਣ ਉਸ ਕੀਤਾ।

ਉਹੀ ਡੀ.ਪੀ.ਅਰਸ਼ੀ ਹੁਣ ਕਨੇਡਾ ਦੇ ਪੰਜਾਬੀ ਸੋਹਣੇ ਮੁੰਡੇ ਤਨਰੋਜ ਨੂੰ ਹੀਰੋ ਲੈ ਕੇ 'ਨਿਸ਼ਾਨਾ' ਫਿਲਮ ਬਣਾ ਰਿਹਾ ਹੈ। ਸੁਖਮਿੰਦਰ ਧੰਜਲ ਨੇ ਬਤੌਰ ਨਿਰਦੇਸ਼ਕ ਇਸ ਦੀ

ਡਬਿੰਗ ਸ਼ੁਰੂ ਕਰ ਦਿੱਤੀ ਹੈ। ਕੁਲਵਿੰਦਰ ਬਿੱਲਾ ਵੀ 'ਨਿਸ਼ਾਨਾ' 'ਚ ਹੈ।

ਰਮਜਾ ਇਸ਼ਕ ਦੀਆਂ

ਜਾਣੀ ਪਛਾਣੀ ਅਭਿਨੇਤਰੀ ਤੇਜੀ ਸੰਧੂ ਲੇਖਿਕਾ ਬਣ 'ਰੀਅਲ ਗਰੇਟ ਸਰਦਾਰ' ਫਿਲਮ ਦੇ ਚੁੱਕੀ ਹੈ । ਹੁਣ ਤੇਜੀ ਸੰਧੂ ਡਾਇਰੈਕਟਰ ਵੀ ਬਣ ਗਈ ਹੈ ਤੇ ਉਸਦੀ ਫਿਲ਼ਮ 'ਰਮਜਾਂ ਇਸ਼ਕ ਦੀਆਂ' ਸ਼ੁਰੂ ਹੋ ਗਈ ਹੈ । ਤੇਜੀ ਸੰਧੂ ਇਸ ਫਿਲਮ 'ਚ ਹੀਰੋਇਨ ਹੈ । ਤੇਜੀ ਸੰਧੂ ਨੇ ਕਿਹਾ ਕਿ 'ਰਮਜਾਂ ਇਸ਼ਕ ਦੀਆਂ' ਕਮਾਲ ਫਿਲਮ ਬਣੇਗੀ।

ਬਿੱਕਰ ਤਿੰਮੋਵਾਲ 'ਛੜਿਆਂ ਦਾ ਰਾਜ'

ਅੰਤਰ-ਰਾਸ਼ਟਰੀ ਗਾਇਕ ਬਿੱਕਰ ਤਿੰਮੋਵਾਲ ਨੇ ਕਿਸਾਨੀ ਅੰਦੋਲਨ ਲਈ ਆਪਣੇ ਗੀਤਾਂ ਨਾਲ ਕਾਫੀ ਯੋਗਦਾਨ ਦਿੱਤਾ ਹੈ। ਹੁਣ ਬਿੱਕਰ ਨੇ ਸੁਰੀਲੀ ਗਾਇਕਾ ਸੁਮਨ ਭੱਟੀ ਨਾਲ 'ਛੜਿਆਂ ਦਾ ਰਾਜ' ਗਾਇਕੀ ਦਾ ਤੋਹਫਾ ਪੇਸ਼ ਕੀਤਾ ਹੈ।

ਬਲਜੀਤ ਵਿਰਕ ਫਿਰ ਛਾ ਗਈ

ਟੀ.ਵੀ ਦੀ ਮਸ਼ਹੂਰ ਅਭਿਨੇਤਰੀ ਬਲਜੀਤ ਕੌਰ ਵਿਰਕ ਨੂੰ ਸਬ ਟੀ.ਵੀ ਸੋਨੀ ਤੇ ਜੀ.ਟੀ.ਵੀ ਨੇ ਕਈ ਸੀਰੀਅਲਾਂ ਲਈ ਪ੍ਰਸਤਾਵ ਦਿੱਤੇ ਹਨ। ਇਸ ਪੰਜਾਬੀ ਐਲਬਮ ਗੀਤਾਂ ਵਿੱਚ ਵੀ ਉਸਦੀ ਮੰਗ ਵਧੀ ਹੈ। ਬਲਜੀਤ ਵਿਰਕ ਨੂੰ ਕਈ ਵਿਗਿਆਨ ਵੀ ਮਿਲੇ ਹਨ।

ਸਰਦਾਰ ਅਮਨ ਸਿੰਘ ਬੱਲੇ-ਬੱਲੇ

'ਰੰਗ ਬਰੰਗੀ' ਸੀਰੀਜ ਨੇ ਫਤਿਹਗੜ੍ਹ ਸਾਹਿਬ ਦੇ ਅਮਨ ਸਿੰਘ ਨੂੰ ਸਟਾਰ ਬਣਾ ਦੇਣਾ ਹੈ । ਇਸ 'ਚ ਅਮਨ ਸਿੰਘ ਦੀ ਦਿੱਖ, ਲੁੱਕ ਤੇ ਅਵਾਜ ਦੇ ਨਾਲ ਉਸਦੀਆਂ ਵੱਡੀਆਂ ਮੁਛਾਂ ਚਰਚਿਤ ਹੋਣਗਆਂ। ਲੋਕ ਅਮਨ ਦੀਆਂ ਮੁੱਛਾਂ ਦਾ ਅੰਦਾਜ ਬਣਾ ਲੈਣਗੇ। ਛਾ ਗਏ ਅਮਨ ਜੀ!

ਇਕ ਲੱਖ ਰੁਪਏ ਦਾ ਪੁਰਸਕਾਰ ਹਾਸਲ ਕਰ ਚੁੱਕੀ ਕਲਮ : ਹਰਕੀਰਤ ਹੀਰ

ਇਨ੍ਹਾਂ ਸਤਰਾਂ ਦੁਆਰਾ ਜਿਸ ਸਖ਼ਸ਼ੀਅਤ ਦਾ ਜ਼ਿਕਰ ਕਰਨ ਜਾ ਰਿਹਾ ਹਾਂ, ਬੇਸ਼ੱਕ ਉਹ ਗੁਹਾਟੀ (ਅਸਾਮ) ਦੀ ਜੰਮਪਲ ਹੈ ਪਰ ਫਿਰ ਵੀ ਪੰਜਾਬੀ ਨਾਲ ਅੰਤਾਂ ਦਾ ਮੋਹ ਪਾਲ ਰਹੀ ਹੈ, ਉਹ। ਮੇਰੀ ਮੁਰਾਦ ਹੈ ਹਰਕੀਰਤ ਹੀਰ ਨਾਮੀ ਓਸ ਮਹਾਨ ਲੇਖਿਕਾ ਤੋਂ, ਜਿਸ ਨੂੰ ਸਵ : ਅੰਮ੍ਰਿਤਾ ਪ੍ਰੀਤਮ ਅਤੇ ਸਵ: ਇਮਰੋਜ਼ ਦੀ ਨੇੜਤਾ ਦਾ ਸੁਭਾਗ ਹਾਸਲ ਹੈ। ਪਾਠਕਾਂ ਨਾਲ ਸਾਂਝੀ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ, ਇਸ ਮਹਾਨ ਕਵਿੱਤਰੀ ਨਾਲ ਹੋਈ ਮੁਲਾਕਾਤ ਦੀ ਪੰਛੀ-ਝਾਤ : ਜੋ ਕੁਝ ਇਸ ਤਰਾਂ ਰਹੀ-

''ਹਰਕੀਰਤ ਜੀ ਸਭ ਤੋਂ ਪਹਿਲਾਂ ਮੈਂ ਜਾਨਣਾ ਚਾਹਾਂਗਾ ਕਿ ਤੁਹਾਨੂੰ ਲਿਖਣ ਦਾ ਸ਼ੌਂਕ ਕਦੋਂ, ਕਿਵੇਂ ਅਤੇ ਕਿਸਦੀ ਪ੍ਰੇਰਨਾ ਸਦਕਾ ਜਾਗਿਆ?''

''ਪੜ੍ਹਨ ਦਾ ਹੀ ਸ਼ੌਂਕ ਸੀ। ਹਿੰਦੀ ਅਤੇ ਪੰਜਾਬੀ ਦੇ ਕਾਫ਼ੀ ਨਾਵਲ ਪੜ੍ਹੇ। ਜਵਾਨੀ ਦੀ ਦਹਿਲੀਜ਼ ਵਿੱਚ ਕਦਮ ਰੱਖਦਿਆਂ ਹੀ ਸ਼ੇਅਰੋ-ਸ਼ਾਇਰੀ ਦਾ ਸ਼ੌਂਕ ਕਾਫੀ ਰਿਹਾ। ਸਹੁਰੇ ਆਕੇ ਜਦੋਂ ਦਰਦ ਅਤੇ ਖਾਮੋਸ਼ੀ ਨਾਲ ਵਾਸਤਾ ਪਿਆ, ਉਦੋਂ ਕਲਮ ਨੇ ਇਕ ਹਮਸਫ਼ਰ ਬਣ ਸਾਥ ਨਿਭਾਇਆ। ਦਿਲ ਦੇ ਦਰਦ ਨੂੰ ਵੀ ਕਵਿਤਾ ਰਾਹੀਂ ਜ਼ਾਹਿਰ ਕੀਤਾ। ਉਸ ਵਕਤ ਪੜ੍ਹਾਈ ਕਰਦਿਆਂ ਜਦੋਂ ਮੈਂ ਅੰਮ੍ਰਿਤਾ ਪ੍ਰੀਤਮ ਨੂੰ ਪੜ੍ਹਿਆ ਤਾਂ ਇੰਝ ਲੱਗਾ ਜਿਵੇਂ ਮੈਂ ਜੋ ਕਹਿਣਾ ਚਾਹੁੰਦੀ ਸਾਂ ਅੰਮ੍ਰਿਤਾ ਨੇ ਅੱਖਰ ਅੱਖਰ ਓਹੀ ਲਿਖਿਆ ਹੈ, ਓਹੀ ਕਿਹਾ ਹੈ, ਜਿਵੇਂ ਮੇਰੇ ਹੀ ਲਫ਼ਜ਼ ਮੇਰਾ ਹੀ ਦਰਦ ਹੋਵੇ। ਮੈਂ ਉਸਦੇ ਦਰਦ ਨੂੰ ਉਸਦੇ ਲਫ਼ਜ਼ਾਂ ਨੂੰ ਅਪਣੀ ਕਲਮ 'ਚ ਪਰੋ ਕੇ ਅਪਣੀ ਖਾਮੋਸ਼ੀ ਦੀ ਅਵਾਜ਼ ਬਣਾਇਆ ਅਤੇ ਆਪਣਾ ਹਮਸਫ਼ਰ ਵੀ। ਇਸ ਤਰਾਂ ਮੇਰੇ ਲਿਖਣ ਦੀ ਸ਼ੁਰੂਆਤ ਹੋਈ।''

''ਤੁਹਾਡੇ ਸਾਹਿਤ ਦੇ ਸਰਗਰਮ ਵਿਸ਼ੇ ਕਿਹੋ ਜਿਹੇ ਹਨ ਅਤੇ ਹੁਣ ਤੱਕ ਕਿਹੜੀ-ਕਿਹੜੀ ਪੁਸਤਕ ਸਾਹਿਤ ਦੀ ਝੋਲੀ ਪਾ ਚੁੱਕੇ ਹੋ?''

''ਜੀ ਮੇਰੀ ਕਲਮ ਦਾ ਵਿਸ਼ਾ ਮੁੱਖ ਰੂਪ 'ਚ ਦਰਦ ਹੀ ਰਿਹਾ ਹੈ, ਚਾਹੇ ਉਹ ਇਕ ਇਸਤ੍ਰੀ ਦਾ ਦਰਦ ਹੋਵੇ : ਸਮਾਜ ਦਾ ਜਾਂ ਪਸ਼ੂ ਪੰਛੀਆਂ ਦਾ ਹੋਵੇ।. .. ''ਇਕ ਦਰਦ'', ''ਦਰਦ ਕੀ ਮਹਿਕ'', ''ਖ਼ਾਮੋਸ਼ ਚੀਖੇਂ'' (ਹਿੰਦੀ), ''ਖਾਮੋਸ਼ ਚੀਕਾਂ'' (ਪੰਜਾਬੀ), ''ਬਦਮਾਸ਼ ਔਰਤੇਂ'' (ਹਿੰਦੀ), ''ਬਦਮਾਸ਼ ਔਰਤਾਂ'' (ਪੰਜਾਬੀ), ''ਦੀਵਾਰੋਂ ਕੇ ਪੀਛੇ ਕੀ ਔਰਤ'', ''ਚੁੰਨਿਯੋਂ ਮੇਂ ਲਿਪਟਾ ਦਰਦ'' ਨਾਮੀ ਮੇਰੀਆਂ 7 ਪੁਸਤਕਾਂ ਆ ਚੁਕੀਆਂ ਹਨ। ਸਾਰੇ ਹੀ ਕਾਵਿ-ਸੰਗ੍ਰਹਿ ਨੇ। 'ਮਾਂ ਕੀ ਪੁਕਾਰ' ਅਤੇ ''ਅਵ-

ਗੁਨਠਨ ਕੀ ਓਟ ਮੇਂ ਸਾਤ ਬਹਨੇ'' ਨਾਮੀ ਦੋ ਪੁਸਤਕਾਂ ਦਾ ਮੈਂ ਸੰਪਾਦਨ ਵੀ ਕੀਤਾ ਹੈ। ਇਸ ਤੋਂ ਇਲਾਵਾ ਮੈਂ ਕਈ ਪਤ੍ਰਿਕਾਵਾਂ ਦਾ ਅਤਿਥੀ ਸੰਪਾਦਨ ਵੀ ਕਰ ਚੁੱਕੀ ਹਾਂ। ਇੱਥੇ ਹੀ ਬਸ ਨਹੀ, ਰੇਡੀਓ ਅਤੇ ਦੂਰਦਰਸ਼ਨ ਤੇ ਕਈ ਵੇਰਾਂ ਪ੍ਰੋਗਰਾਮ ਅਤੇ ਇੰਟਰਵਿਊ ਵੀ ਹੋ ਚੁੱਕੇ ਨੇ ਮੇਰੇ।''

''ਹੁਣ ਤੱਕ ਕਿਹੜੀ ਕਿਹੜੀ ਸੰਸਥਾ ਤੁਹਾਨੂੰ ਸਨਮਾਨਿਤ ਕਰ ਚੁੱਕੀ ਹੈ?''

''ਕੇਂਦਰੀ ਹਿੰਦੀ ਨਿਦੇਸ਼ਾਲਯ ਨੇ ਮੇਰੇ ਕਾਵਿ-ਸੰਗ੍ਰਹਿ 'ਦਰਦ ਕੀ ਮਹਿਕ' ਨੂੰ ਇਕ ਲੱਖ ਰੁਪਏ ਦਾ ਪੁਰਸਕਾਰ ਦੇ ਕੇ ਮੇਰੀ ਕਲਮ ਨੂੰ ਮਾਣ ਦਿੱਤਾ ਹੈ। ਇਸ ਤੋਂ ਇਲਾਵਾ ਪੁਰਵੋਤੱਰ ਹਿੰਦੀ ਸਾਹਿਤ ਅਕਾਦਮੀ ਵਲੋਂ 2008 'ਚ 'ਮਹਾਰਾਜਾ ਕ੍ਰਿਸ਼ਨ ਜੈਨ ਸਮ੍ਰਿਤਿ' ਪੁਰਾਸਕਾਰ, ਵਿਕ੍ਰਮਸ਼ੀਲਾ ਹਿੰਦੀ ਵਿਦਿਆਪੀਠ ਵਲੋਂ, 'ਵਿੰਦਿਆ ਵਾਚਸਪਤੀ' ਸਨਮਾਨ, ਆਗਮਨ ਸਾਹਿਤਕ ਸੰਸਥਾ ਵੱਲੋਂ 'ਅੰਮ੍ਰਿਤਾ ਪ੍ਰੀਤਮ' ਸਨਮਾਨ, ਮਹਾਤਮਾ ਫੁਲੇ ਪ੍ਰਤਿਭਾ ਅਕਾਦਮੀ ਵਲੋਂ 'ਅੰਮ੍ਰਿਤਾ ਪ੍ਰੀਤਮ ਲਿਟਰੇਰੀ ਐਵਾਰਡ', ਰਾਂਚੀ ਦੀ 'ਸਪੇਨੀਨ ਸੰਸਥਾ ਵਲੋਂ 'ਸਪੇਨੀਨ ਸਾਹਿਤ ਗੌਰਵ ਸਨਮਾਨ', ਰਾਸ਼ਟਰੀ ਰਾਜਭਾਸ਼ਾ ਪੀਠ ਇਲਾਹਾਬਾਦ ਵਲੋਂ 'ਭਾਰਤੀ ਭੂਸ਼ਣ ਸਨਮਾਨ', ਬਾਬੁਜੀ ਕਾ ਭਾਰਤ ਮਿਤ੍ਰ ਵਲੋਂ 'ਦਮਯੰਤੀ ਯਾਦਵ ਸਮ੍ਰਿਤਿ ਪੁਰਸਕਾਰ' ਆਦਿ ਬਹੁਤ ਸਾਰੇ ਸਨਮਾਨ ਮਿਲ ਚੁੱਕੇ ਹਨ। ''

''ਹਰਕੀਰਤ ਜੀ ਤੁਹਾਡਾ ਜਨਮ ਸਥਾਨ ਅਤੇ ਮਾਤਾ ਪਿਤਾ ਦਾ ਨਾਂ ਜਾਨਣਾ ਚਾਹਾਂਗਾ, ਦੱਸੋਂਗੇ?''

''ਜੀ, ਮੇਰਾ ਜਨਮ ਅਸਾਮ ਦੇ ਤਿਨਸੁੱਕਿਆ ਜਿਲ੍ਹੇ ਦਾ ਹੈ। ਮਾਤਾ ਜੀ ਦਾ ਨਾਂ ਬੀਬੀ ਚੰਨਣ ਕੌਰ ਅਤੇ ਪਿਤਾ ਜੀ ਦਾ ਨਾਂ ਸ੍ਰ. ਗੁੱਜਰ ਸਿੰਘ ਫੁੱਲ ਹੈ। ਮੈਂ ਬੜੀ ਖੁਸ਼ਕਿਸਮਤ ਹਾਂ ਕਿ ਮੇਰੇ ਪਿਤਾ ਜੀ ਦੀ ਉਮਰ ਇਸ ਵਕਤ 94 ਵਰ੍ਹੇ ਅਤੇ ਮਾਤਾ ਜੀ ਦੀ ਉਮਰ 90 ਵਰ੍ਹੇ ਹੈ।''

''ਬੜੀ ਅਜ਼ੀਬ ਤੇ ਹੈਰਾਨੀ ਵਾਲੀ ਗੱਲ ਹੈ ਕਿ ਤੁਸੀਂ ਅਸਾਮ ਵਿੱਚ ਜਨਮ ਲੈ ਕੇ ਵੀ ਗੁਰਮੁਖੀ ਸਿੱਖੀ ਅਤੇ ਗੁਰਮੁਖੀ ਵਿੱਚ ਲਿਖਿਆ ਵੀ। ਇਹ ਕਿਵੇਂ?''

''ਮੇਰੇ ਪਿਤਾ ਜੀ ਦੀ ਪਿਛੋਕੜ ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਦੀ ਹੈ ਜੀ। ਉਨ੍ਹਾਂ ਦੀ ਮਿਹਰਬਾਨੀ ਸਦਕਾ ਹੀ ਮੈਂ ਪਿਤਾ ਜੀ ਤੋਂ ਗੁਰਮੁਖੀ ਦਾ ਗਿਆਨ ਲਿਆ।''

''ਉਹ ਕਿਹੜੀਆਂ ਸ਼ਖਸ਼ੀਅਤਾਂ ਹਨ ਜਿਹਨਾਂ ਨੇ ਤੁਹਾਡੇ ਇੱਥੇ ਤੱਕ ਦੇ ਸਫ਼ਰ 'ਚ ਸਾਥ ਦਿੱਤਾ?''

''ਸਭ ਤੋਂ ਪਹਿਲਾਂ ਤਾਂ ਅੰਮ੍ਰਿਤਾ ਪ੍ਰੀਤਮ ਜੀ ਦਾ ਹੀ ਨਾਂ ਹੀ ਲਵਾਂਗੀ। ਇਮਰੋਜ਼ ਜੀ ਨੇ ਵੀ ਮੇਰੀ ਬਹੁਤ ਹੌਸਲਾ ਅਫ਼ਜ਼ਾਈ ਕੀਤੀ। ਉਹਨਾਂ ਨੇ ਮੈਨੂੰ, ''ਦੂਸਰੀ ਅੰਮ੍ਰਿਤਾ'' ਕਿਹਾ ਅਤੇ ਉਹਨਾਂ ਦੇ ਕਈ ਵਰ੍ਹਿਆਂ ਤੀਕ ਖ਼ਤ ਆਉਂਦੇ ਰਹੇ। ਉਹ ਨਜ਼ਮ ਵਿੱਚ ਹੀ ਸਵਾਲ ਕਰਦੇ ਅਤੇ ਮੈਂ ਨਜ਼ਮ ਵਿੱਚ ਹੀ ਉਸਦਾ ਜਵਾਬ ਦਿੰਦੀ। ਓਹਨਾਂ ਦੀ ਇਕ ਗੱਲ ਮੈਨੂੰ ਹਮੇਸ਼ਾ ਮਾਣ ਦੇਂਦੀ ਹੈ, ਮੈਂ ਪਹਿਲਾਂ ਆਪਣਾ ਤੁਖੱਲੂਸ ਹਰਕੀਰਤ 'ਹਕੀਰ' ਲਿਖਦੀ ਸਾਂ, ਇਮਰੋਜ਼ ਜੀ ਨੇ ਕਿਹਾ ਕਿ ਕੋਈ ਵੀ ਲੇਖਕ ਕਦੇ 'ਹਕੀਰ' ਨਹੀਂ ਹੁੰਦਾ, ਤੂੰ ਤੇ ਹੀਰ ਹੈਂ ਹੀਰ : ਤੂੰ ਆਪਣਾ ਤੁਖੱਲੂਸ 'ਹੀਰ' ਲਿਖਿਆ ਕਰ। ਬਸ ਇਹ 'ਹਕੀਰ' ਉਸ ਦਿਨ ਤੋਂ ਹੀ, 'ਹੀਰ' ਹੋ ਗਈ। ਬਾਕੀ ਮੇਰੇ ਦੋਸਤਾਂ-ਮਿਤਰਾਂ ਨੇ ਅਤੇ ਪਾਠਕਾਂ ਨੇ ਬਹੁਤ ਮਾਣ- ਸਨਮਾਨ ਅਤੇ ਸਹਿਯੋਗ ਦਿੱਤਾ। ਮੈਂ ਉਹਨਾਂ ਸਾਰਿਆਂ ਦੀ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਮੈਨੂੰ ਏਥੇ ਤੀਕ ਪਹੁੰਚਾਇਆ।''

ਪ੍ਰੀਤਮ ਲੁਧਿਆਣਵੀ
9876428641

''ਅੱਛਾ, ਹਰਕੀਰਤ ਜੀ ਜੋ ਅੱਜ ਦਿਨ ਸਾਹਿਤਕ ਅਤੇ ਸੱਭਿਆਚਾਰਕ ਖੇਤਰ ਵਿੱਚ ਅਸ਼ਲੀਲਤਾ ਵੱਧ ਰਹੀ ਹੈ ਉਸ ਬਾਰੇ ਕੀ ਕਹਿਣਾ ਚਾਹੁੰਦੇ ਹੋ ਤੁਸੀਂ?''

ਮੰਦ-ਭਾਗੀ ਗੱਲ ਹੈ ਜੀ। ਸਾਨੂੰ ਆਪਣੀ ਸੱਭਿਅਤਾ ਅਤੇ ਸੰਸਕਾਰ ਨਹੀਂ ਭੁਲਾਉਣੇ ਚਾਹੀਦੇ। ਇਹਨਾਂ ਸੰਸਕਾਰਾਂ ਨਾਲ ਹੀ ਭਾਰਤ ਦੁਨੀਆਂ ਵਿੱਚ ਜਾਣਿਆਂ ਜਾਂਦਾ ਹੈ। ਸੁਚੱਜੀ ਲੇਖਣੀ, ਸੁਚੱਜਾ ਸੱਭਿਆਚਾਰ ਸਾਨੂੰ ਮਾਣ-ਸਨਮਾਨ ਅਤੇ ਅਤੇ ਪ੍ਰਤਿਸ਼ਠਾ ਦਿਵਾਉਂਦਾ ਹੈ।''

ਸਾਹਿਤਕ ਖੇਤਰ ਵਿਚ ਧਰੂ ਤਾਰੇ ਦੀ ਨਿਆਈਂ ਚਮਕਦੀ-ਦਮਕਦੀ ਹਰਕੀਰਤ ਹੀਰ ਜਿਹੀ ਕਲਮ, ਜੋ ਅਸਾਮ ਦੀ ਜੰਮਪਲ ਹੋ ਕੇ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਅੰਤਾਂ ਦਾ ਮੋਹ ਪਾਲ ਰਹੀ ਹੈ, ਉਤੇ ਜਿੰਨਾ ਵੀ ਮਾਣ ਕੀਤਾ ਜਾਵੇ। ਰੱਬ ਕਰੇ ਇਸ ਕਲਮ ਦੀ ਝੋਲ਼ੀ ਹੋਰ ਵੀ ਵੱਡੇ-ਵੱਡੇ ਪੁਰਸਕਾਰਾਂ ਅਤੇ ਐਵਾਰਡਾਂ ਨਾਲ ਨੱਕੋ-ਨੱਕ ਭਰ ਜਾਵੇ!

ਭਿੱਖੀਵਿੰਡ 'ਚ 'ਆਪ' ਤੇ ਅਕਾਲੀ ਵਰਕਰਾਂ ਦੀ ਕੁੱਟਮਾਰ

ਭਿੱਖੀਵਿੰਡ- ਜ਼ਿਲਾ ਤਰਨ ਤਾਰਨ ਵਿਚ ਨਗਰ ਪੰਚਾਇਤ ਚੋਣਾਂ ਲਈ ਨਾਮਜ਼ਦਗੀਆਂ ਭਰਨ ਮੌਕੇ ਕਥਿਤ ਕਾਂਗਰਸ ਦੇ ਬੰਦਿਆਂ ਨੇ ਪੁਲੀਸ ਦੀ ਹਾਜ਼ਰੀ ਵਿਚ 'ਆਪ' ਦੇ ਉਮੀਦਵਾਰ ਕੋਲੋਂ ਪੇਪਰ ਖੋਹ ਕੇ ਪਾੜ ਦਿੱਤੇ ਤੇ ਉਸ ਦੀ ਪੱਗ ਲਾਹ ਕੇ ਕੁੱਟਮਾਰ ਵੀ ਕੀਤੀ। ਇਸ ਦੇ ਚਲਦਿਆਂ ਉੱਥੇ ਹੋਰ ਪੁਲੀਸ ਮੁਲਾਜ਼ਮ ਪੁੱਜ ਗਏ। ਇਸ ਤੋਂ ਬਾਅਦ ਜਦੋਂ ਅਕਾਲੀ ਦਲ ਦੇ ਉਮੀਦਵਾਰ ਪੇਪਰ ਦਾਖ਼ਲ ਕਰਵਾਉਣ ਲਈ ਅੱਗੇ ਵਧੇ ਤਾਂ ਉਹਨਾਂ 'ਤੇ ਪੱਥਰਬਾਜ਼ੀ ਕੀਤੀ ਗਈ। ਪੁਲੀਸ ਦੀ ਹਾਜ਼ਰੀ ਵਿਚ ਗੋਲੀਆਂ, ਕਿਰਪਾਨਾਂ, ਡਾਂਗਾਂ ਤੇ ਬੇਸਬਾਲ ਚੱਲੇ। ਗੱਡੀਆਂ ਦੀ ਭੰਨ-ਤੋੜ ਕੀਤੀ ਗਈ। ਇਹ ਗੁੰਡਾਗਰਦੀ ਕਰੀਬ ਅੱਧਾ ਚਲਦੀ ਰਹੀ। ਪੁਲੀਸ ਇਹਨਾਂ ਨੂੰ ਰੋਕਣ ਦੀ ਬਜਾਇ ਗੱਡੀਆਂ ਭਜਾ ਕੇ ਲੈ ਗਈ। 'ਆਪ' ਉਮੀਦਵਾਰ ਦੀ ਕੁੱਟਮਾਰ ਤੋਂ ਬਾਅਦ ਜਦੋਂ ਡੀ-ਐੱਸਪੀ ਭਿੱਖੀਵਿੰਡ ਰਾਜਬੀਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਪੇਪਰ ਪਾੜਨ ਜਾਂ ਕੁੱਟਮਾਰ ਦੀ ਕਿਸੇ ਵੀ ਘਟਨਾ ਤੋਂ ਸਾਫ਼ ਇਨਕਾਰ ਕਰਦੇ ਹੋਏ ਸੁਰੱਖਿਆ ਦੇ ਪੁਖਤਾ ਪ੍ਰਬੰਧ ਹੋਣ ਦੀ ਗੱਲ ਕੀਤੀ।

ਉਹਨਾਂ ਸ਼ਿਕਾਇਤ ਮਿਲਣ 'ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਗੱਲ ਆਖੀ। ਇਸ ਬਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਕਾਂਗਰਸ ਲੋਕਤੰਤਰ ਦਾ ਘਾਣ ਕਰਨ 'ਤੇ ਉਤਰ ਆਈ ਹੈ। ਉਹਨਾਂ ਕਿਹਾ ਕਿ ਇੱਕ ਅਕਾਲੀ ਵਰਕਰ ਨੂੰ ਗੋਲੀ ਲੱਗੀ ਹੈ ਤੇ ਕਈ ਹੋਰ ਜ਼ਖਮੀ ਹੋਏ ਹਨ। ਉਹਨਾਂ ਕਿਹਾ ਕਿ ਉਹ ਇਨਸਾਫ਼ ਲੈਣ ਲਈ ਭਿੱਖੀਵਿੰਡ ਵਿਚ ਧਰਨਾ ਦੇਣਗੇ।

ਸ਼੍ਰੋਮਣੀ ਅਕਾਲੀ ਦਲ ਨੇ ਜਲਾਲਾਬਾਦ ਵਿਚ ਅਕਾਲੀ ਵਰਕਰਾਂ ਤੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਕਾਤਲਾਨਾ ਹਮਲਾ ਕਰਨ ਦੀ ਨਿਖੇਧੀ ਕਰਦਿਆਂ ਸੂਬੇ ਵਿਚ ਕਾਨੂੰਨ ਪ੍ਰਣਾਲੀ ਫ਼ੇਲ੍ਹ ਹੋਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਮੰਨਦਿਆਂ ਅਸਤੀਫ਼ੇ ਦੀ ਮੰਗ ਕੀਤੀ ਹੈ। ਪਾਰਟੀ ਦੇ ਬੁਲਾਰੇ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਜਲਾਲਾਬਾਦ ਪੁਲੀਸ ਇਸ ਅਪਰਾਧ ਵਿਚ ਆਪ ਹਿੱਸੇਦਾਰ ਸੀ ਜਿਸ ਨੇ ਹਮਲਾਵਰਾਂ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ। ਇਸ ਸਾਰੇ ਮਾਮਲੇ ਦੀ ਉੱਚ ਪੱਧਰੀ ਨਿਆਇਕ ਜਾਂਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਦੀ ਨਿਗਰਾਨੀ ਹੇਠ ਹੋਣੀ ਚਾਹੀਦੀ ਹੈ।

ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਇਹਨਾਂ ਹਾਲਾਤ ਵਿਚ ਆਜ਼ਾਦ ਤੇ ਨਿਰਪੱਖ ਮਿਉਂਸਿਪਲ ਚੋਣਾਂ ਹੋਣੀਆਂ ਸੰਭਵ ਨਹੀਂ ਹਨ। ਉਹਨਾਂ ਕਿਹਾ ਕਿ ਸੂਬਾ ਚੋਣ ਕਮਿਸ਼ਨ ਵੀ ਕਾਂਗਰਸੀਆਂ 'ਤੇ ਨਕੇਲ ਪਾਉਣ ਵਿਚ ਅਸਫਲ ਰਿਹਾ ਹੈ। ਅਕਾਲੀ ਦਲ ਨੇ ਮੰਗ ਕੀਤੀ ਕਿ ਸੂਬੇ ਵਿਚ ਪੈਰਾ ਮਿ

ਖੇਤੀ ਜੀਵਨ ਸਾਡਾ

ਸਾਡਾ ਬਾਬਾ ਨਾਨਕ, ਇਕ ਪਿਰਤ ਪਾ ਗਿਆ
ਸਭ ਨੂੰ ੧ੴ ਦਾ ਸ਼ਬਕ ਸਿੱਖਾਹ ਗਿਆ
ਜਗ ਵਿੱਚ ਅੱਜ ਵੀ ਬਾਬੇ ਦਾ, ਅਥਾਹ ਸਤਕਾਰ ਆ
ਖੇਤੀ ਜੀਵਨ ਸਾਡਾ, ਏਹੀ ਸੱਭਿਆਚਾਰ ਆ
ਕਿਰਤ, ਨਾਮ ਜਪੋ, ਵੰਡ ਛਕੋ, ਏਹ ਸਾਡਾ ਹਥਿਆਰ ਆ

ਪੰਛੀ ਪਰਿੰਦੇਂ ਤੋਂ ਲੈਕੇ, ਹਰ ਵਰਗ ਦਾ ਢਿੱਡ ਭਰਦੇ ਅਸੀਂ
ਹਰ ਮੋਰਚੇ, ਜੰਗ, ਆਜਾਦੀ ਲਹਿਰ ਵਿੱਚ ਅੱਗੇ ਸੀ ਖੜਦੇ ਅਸੀਂ
ਹਮੇਸ਼ਾ ਮੈਲੀ ਅੱਖ ਰੱਖੀ, ਹਰੇ ਹਰੇ ਸਾਡੇ ਜੋ ਗਲਿਆਰ ਆ
ਖੇਤੀ ਜੀਵਨ ਸਾਡਾ, ਏਹੀ ਸੱਭਿਆਚਾਰ ਆ
ਕਿਰਤ, ਨਾਮ ਜਪੋ, ਵੰਡ ਛਕੋ, ਏਹ ਸਾਡਾ ਹਥਿਆਰ ਆ

ਚੌਖਾ ਦੁੱਖ ਦਿੱਤਾ ਸਾਨੂੰ, ਸਮੇਂ ਸਮੇਂ ਦੀਆਂ ਸਰਕਾਰਾਂ ਨੇ
ਇੱਕੋ ਕਿੱਤਾ,ਰਹਿਣੀ,ਬੋਲੀ, ਵੰਡੇਂ ਪਾ ਪਾ ਬਟਵਾਰਾਂ ਨੇ
ਮਾਂ ਭੂਮੀ ਦੀ ਹਿੱਕ ਤੇ ਕੱਢ ਲਕੀਰਾਂ,ਵਗਲ਼ ਦਿੱਤੀ ਤਾਰ ਆ
ਖੇਤੀ ਜੀਵਨ ਸਾਡਾ, ਏਹੀ ਸੱਭਿਆਚਾਰ ਆ
ਕਿਰਤ, ਨਾਮ ਜਪੋ, ਵੰਡ ਛਕੋ, ਏਹ ਸਾਡਾ ਹਥਿਆਰ ਆ

ਰੱਬ ਬਚਾਵੇ, ਨਜਰ ਜੋ ਲੱਗੀ ਖੇਤਾਂ ਨੂੰ, ਅੱਜ ਦੇ ਹਾਲਾਤਾਂ ਦੀ
ਅੱਕ ਗਏ ਕੰਨ ਸੁਣ ਸੁਣ, ਝੂਠੇ ਵਾਅਦੇ, ਝੂਠੀਆਂ ਬਾਤਾਂ ਦੀ
ਸੰਧੂ ਕਲਾਂ ਇਸਤੋਂ ਘੱਟੀਆਂ ਨਾ ਹੋਣੀ, ਕੋਈ ਸਰਕਾਰ ਆ
ਖੇਤੀ ਜੀਵਨ ਸਾਡਾ, ਏਹੀ ਸੱਭਿਆਚਾਰ ਆ
ਕਿਰਤ, ਨਾਮ ਜਪੋ, ਵੰਡ ਛਕੋ, ਏਹ ਸਾਡਾ ਹਥਿਆਰ ਆ

-ਜੋਗਿੰਦਰ ਸਿੰਘ
ਸੰਧੂ ਕਲਾਂ
(ਬਰਨਾਲਾ)

ਦਿੱਲੀ ਹੈ ਵਾਜਾਂ ਮਾਰਦੀ

ਢਾਹ ਲਿਆ ਵੈਰੀ ਸਮਝੇ ਇਹਨਾਂ ਕਿਸਾਨਾਂ ਨੂੰ,
ਲੱਗਦੇ ਦੱਸ ਕਦੋਂ ਨੇ ਤਾਲੇ ਉੱਚੇ ਅਸਮਾਨਾਂ ਨੂੰ
ਅੱਖਾਂ ਨਾਲ ਵਿੰਨ੍ਹਣ ਨਿਸ਼ਾਨੇ, ਬਿਨਾਂ ਹਥਿਆਰੋਂ ਨੇ
ਦਿੱਲੀ ਹੈ ਵਾਜਾਂ ਮਾਰਦੀ, ਉੱਠੋ ਸਰਦਾਰੋ ਵੇ,
ਦਿੱਲੀ ਬੁਲਾਉਂਦੀ ਪਈ ਏ,ਉੱਠੋ ਸਰਦਾਰੋ ਵੇ...

ਵੇਲ਼ਾ ਨਹੀਂ ਚੁੱਪ ਰਹਿਣ ਦਾ, ਹਾਕਮ ਦੇ ਜਬਰ ਸਹਿਣ ਦਾ,
ਵੇਲ਼ਾ ਸਬੂਤ ਦੇਣ ਦਾ,ਸਿਰ ਚੱਕ ਕੇ ਜਿਉਂਦੇ ਰਹਿਣ ਦਾਸ
ਹੁੰਦੇ ਜੋ ਮਰਦ ਅਣਖੀਲੇ, ਮਰਦੇ ਨਾਂ ਮਾਰੋਂ ਨੇ,
ਦਿੱਲੀ ਹੈ ਵਾਜਾਂ ਮਾਰਦੀ,ਉੱਠੋ ਸਰਦਾਰੋ ਵੇ...

ਪੁੱਤਾਂ ਦੇ ਵਾਂਗੂੰ ਪਾਲ਼ ਕੇ ਹੁਣ ਤਾਈਂ ਰੱਖੀਆਂ ਨੂੰ,
ਸਿੰਜਣਾਂ ਪਊ ਨਾਲ ਲਹੂ ਦੇ,ਫ਼ਸਲਾਂ ਇਹ ਪੱਕੀਆਂ ਨੂੰ
ਡਰਦੇ ਦੱਸ ਬਾਜ਼ ਕਦੋਂ ਇਹ,ਘੁੱਗੀਆਂ ਦੀ ਡਾਰੋਂ ਨੇ,
ਦਿੱਲੀ ਹੈ ਵਾਜਾਂ ਮਾਰਦੀ,ਉੱਠੋ ਸਰਦਾਰੋ ਵੇ...

ਲੋਕੀ ਸਰਕਾਰ ਇਹ ਕਹਿੰਦੇ, ਚੋਰਾਂ ਸੰਗ ਰਲ਼ ਕੇ ਬਹਿ ਗਈ,
ਗਧਿਆਂ ਨੇ ਰਾਜ ਸਾਂਭ ਲਏ, ਭੇਡਾਂ ਦੇ ਰਾਹੇ ਪੈ ਗਈ
ਆਕੇ ਮੈਦਾਨੇ ਨਿੱਤਰੋ, ਸੱਚੇ ਪਹਿਰੇਦਾਰੋ ਵੇ,
ਦਿੱਲੀ ਹੈ ਵਾਜਾਂ ਮਾਰਦੀ, ਉੱਠੋ ਸਰਦਾਰੋ ਵੇ...

ਤੀਰਾਂ ਦੇ ਵਾਂਗੂੰ ਵੱਜਿਆ ਹੰਝੂ ਉਸ ਅੱਖ ਦਾ ਏ,
ਮਰਨਾ ਕਬੂਲ ਆਖ ਗਿਆ, ਪਰ! ਨਾਂ ਝੁਕ ਸਕਦਾ ਏਸ
ਟਿੱਬਿਆਂ ਦੇ ਜਾਏ ਭਾਵੇਂ,ਉੱਚੇ ਕਿਰਦਾਰੋਂ ਨੇ,
ਦਿੱਲੀ ਹੈ ਵਾਜਾਂ ਮਾਰਦੀ, ਉੱਠੋ ਸਰਦਾਰੋ ਵੇ...

ਸੁੱਚੜੇ ਜਹੇ ਪਾਣੀਆਂ 'ਚੋਂ ਉੱਠਿਆ ਸੈਲਾਬ ਏ,
ਥਾਪੀ ਮਾਰ ਉੱਠ ਪਿਆ, ਸੁੱਤਾ ਨਹੀਂ ਪੰਜਾਬ ਏਸ
ਮਰਿਆਂ ਅਜੀਤ ਰਹੇ ਨੇ, ਸੱਖਣੇ ਜੋ ਹਾਰੋਂ ਨੇ,
ਦਿੱਲੀ ਹੈ ਵਾਜਾਂ ਮਾਰਦੀ, ਉੱਠੋ ਸਰਦਾਰੋ ਵੇ,
ਦਿੱਲੀ ਬੁਲਾਉਂਦੀ ਪਈ ਏ, ਉੱਠੋ ਸਰਦਾਰੋ ਵੇ....

- ਹਰਕਮਲ ਧਾਲੀਵਾਲ
91-84374-03720

ਸਾਡੀ ਸਾਦਗੀ ਦੀ ਗੱਲ

ਅਸੀਂ ਪੇਂਡੂ ਹਾਂ ਪੰਜਾਬੀ , ਕੋਈ ਫੁੱਲ ਜਿਓਂ ਗੁਲਾਬੀ।
ਚਿੱਟੇ ਕੁੜਤੇ ਪਜਾਮੇ ਪੱਗਾਂ ਬੰਨ੍ਹਦੇ ਗੁਲਾਬੀ ।
ਤੁਰੀ ਆਪਣਿਆਂ ਵਿੱਚੋਂ
ਆਪਣਿਆਂ ਵਿੱਚੋਂ ਗ਼ੈਰਾਂ ਵਿੱਚ ਹੁੰਦੀ ਐ ।
ਨੀ ਸਾਡੀ ਸਾਦਗੀ ਦੀ ਗੱਲ
ਸਾਦਗੀ ਦੀ ਗੱਲ ਸ਼ਹਿਰਾਂ ਵਿੱਚ ਹੁੰਦੀ ਐ।
ਨੀ ਸਾਡੀ ਸਾਦਗੀ ਦੀ ਗੱਲ .

ਸਾਡਾ ਵਿਰਸਾ ਅਮੀਰ ਮਿੱਠੀ ਬੋਲੀ ਹੈ ਪੰਜਾਬੀ ।
ਖੁੱਲ੍ਹੇ ਡੁੱਲ੍ਹੇ ਨੇ ਸੁਭਾਅ ਨਿਰੀ ਗੱਲ ਨਾ ਕਿਤਾਬੀ ।
ਉਹ ਨਾ ਗਿਣਤੀ ਜਿੰਨਾਂ ਦੀ
ਗਿਣਤੀ ਜਿੰਨਾਂ ਦੀ ਕਾਇਰਾਂ ਵਿੱਚ ਹੁੰਦੀ ਐ ।
ਨੀ ਸਾਡੀ ਸਾਦਗੀ ਦੀ ਗੱਲ ----

ਅਸੀਂ ਰਾਂਝਿਆ ਦੇ ਵੀਰ ਮਿਰਜ਼ੇ ਵੀ ਬਣ ਜਾਈਏ।
ਸੱਚੇ ਪਿਆਰ ਦੇ ਪੁਜਾਰੀ ਲਾ ਕੇ ਤੋੜ ਵੀ ਚੜ੍ਹਾਈਏ।
ਜਿਵੇਂ ਪਰਖ਼ ਮਲਾਹ ਦੀ
ਪਰਖ਼ ਮਲਾਹ ਦੀ ਲਹਿਰਾਂ ਵਿੱਚ ਹੁੰਦੀ ਐ ।
ਨੀ ਸਾਡੀ ਸਾਦਗੀ ਦੀ ਗੱਲ ------

ਸਾਡੇ ਮਾਪੇ ਨੇ ਕਿਸਾਨ ਅਸੀਂ ਕਾਲਜਾਂ 'ਚ ਪੜੈ ।
ਮਿੱਥ ਮਿੱਥ ਕੇ ਨਿਸ਼ਾਨੇ ਪੌੜੀ 'ਕੱਲੀ 'ਕੱਲੀ ਚੜ੍ਹੇ ।
ਸਾਡੀ ਗੱਲ ਬਾਤ ਸਾਰੀ
ਗੱਲ ਬਾਤ ਸਾਰੀ ਬਹਿਰਾਂ ਵਿੱਚ ਹੁੰਦੀ ਐ ।
ਨੀ ਸਾਡੀ ਸਾਦਗੀ ਦੀ ਗੱਲ ------

ਅਸੀਂ ਸ਼ਾਂਤਮਈ ਢੰਗ ਨਾਲ਼ ਮੰਗਦੇ ਹਾਂ ਹੱਕ ।
ਐਪਰ ਸਮੇਂ ਦਿਆਂ ਹਾਕਮਾਂ ਨੇ ਅੱਤ ਲਈਏ ਚੱਕ ।
ਤਾਹੀਓਂ ਗਿਣਤੀ ਉਹਨਾਂ ਦੀ
ਗਿਣਤੀ ਉਹਨਾਂ ਦੀ ਡਾਇਰਾਂ ਵਿੱਚ ਹੁੰਦੀ ਐ।
ਨੀ ਸਾਡੀ ਸਾਦਗੀ ਦੀ ਗੱਲ -----

ਚੰਡੀਗੜ੍ਹ ਲੈ ਕੇ ਦਿੱਲੀ ਤੱਕ ਪੂਰੀ ਕਨਸੋਅ ਐ।
ਪਿੰਡ ਰੰਚਣਾਂ ਦੇ ਨਾਲ਼ ਸਾਨੂੰ ਜਾਨੋਂ ਵੱਧ ਮੋਹ ਐ ।
ਚਰਚਾ ਸਾਡਿਆਂ ਗੀਤਾਂ ਦੀ
ਸਾਡਿਆਂ ਗੀਤਾਂ ਦੀ ਸ਼ਾਇਰਾਂ ਵਿੱਚ ਹੁੰਦੀ ਐ ।
ਨੀ ਸਾਡੀ ਸਾਦਗੀ ਦੀ ਗੱਲ -----

ਮੂਲ ਚੰਦ ਸ਼ਰਮਾ, ਪ੍ਰਧਾਨ
91-94784-08898

ਹਾਲਾਤ-ਏ-ਸੰਘਰਸ਼ !

ਦਿਲ ਵਿਚ 'ਕਰੋ ਜਾਂ ਮਰੋ' ਨੂੰ ਧਾਰ ਬੈਠੇ
ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਵਾਲ਼ੇ।
ਕਈ ਭਾਈ ਘਨੱਈਏ ਵਿਚ ਲੰਗਰਾਂ ਦੇ
ਕਰਕੇ ਸੇਵਾ ਇਤਹਾਸ ਦੁਹਰਾਉਣ ਵਾਲ਼ੇ।
ਮਾਂ-ਬੋਲੀ ਦੇ ਗਾਇਕ ਨੇ ਫੇਰ 'ਗੱਜੇ'
ਵਾਰਾਂ ਬੰਦੇ ਬਹਾਦਰ ਦੀਆਂ ਗਾਉਣ ਵਾਲ਼ੇ।
ਹਾਕਮ ਹੋਛੇ ਹਥਿਆਰਾਂ 'ਤੇ ਉਤਰ ਆਏ
'ਬਾਤ-ਚੀਤ' ਦਾ ਨਾਟਕ ਰਚਾਉਣ ਵਾਲ਼ੇ।
ਚੱਲ ਰਹੇ ਅੰਦੋਲਨ ਦੇ ਮੋਢਿਆਂ 'ਤੇ
ਦਿਸ ਗਏ 'ਆਪਣੀ ਰਫਲ' ਚਲਾਉਣ ਵਾਲ਼ੇ।
ਪੱਤਰਕਾਰ ਮੂੰਹ ਮੋੜਦੇ 'ਗੋਦੀਆਂ' ਦਾ
ਦਿੱਲੀ ਦੁਆਲ਼ਿਉਂ 'ਲਾਈਵ' ਦਿਖਾਉਣ ਵਾਲ਼ੇ!

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਅਜੋਕੀਆਂ ਗੱਲਾਂ

ਯੂ.ਪੀ ਦਾ ਇੱਕ ਸ਼ੇਰ ਦਹਾੜਿਆ ,
ਲੱਖਾਂ ਸ਼ੇਰ ਇਕੱਠੇ ਹੋ ਗਏ ।
ਅਜੇ ਅਸਾਡੀ ਅਣਖ ਜਿਉਂਦੀ ,
ਕਹਿ ਕੇ ਓਸ ਦੇ ਨਾਲ਼ ਖਲੋ ਗਏ।
ਫਿਰਦੇ ਸੀ ਜਿਹੜੇ ਪੂੰਛਾਂ ਚੁੱਕੀਂ,
ਸਾਰੇ ਚੱਡਿਆਂ ਵਿੱਚ ਲਕੋ ਗਏ ।
ਪੁਲਸ ਤੇ ਗੁੰਡਿਆਂ ਨੂੰ ਸਮਝੌਤਾ,
ਹਾਕਮ ਜਦੋਂ ਸੀ ਨਬਜ਼ਾਂ ਟੋਹ ਗਏ।

ਹਾਕਮ ਦਾ ਹਰ ਇੱਕ ਮਨਸੂਬਾ,
ਪੁੱਠਾ ਪੈ ਗਿਆ ਹੈ।
ਟਿਕੈਤ ਦੇ ਨੈਣੋਂ ਕਿਰਿਆ ਅੱਥਰੂ,
ਲੈ ਕੇ ਬਹਿ ਗਿਆ ਹੈ।
ਜਿਹਨਾਂ ਨੂੰ ਜਾਅਲੀ ਫੋਰਸਾਂ ਨਾਲ਼,
ਖਦੇੜਨਾ ਚਾਹੁੰਦਾ ਸੀ।
ਦੇਸ਼ ਧਰੋਹੀਆਂ ਨੂੰ ਹੀ ਸੱਦਾ,
ਦੇਣਾ ਪੈ ਗਿਆ ਹੈ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ (ਪੰਜਾਬ)

ਕੁੱਝ ਤਾਂ ਕਰ

ਕੇਹਰ ਸ਼ਰੀਫ +49 173 3546050

ਅੰਨ ਦਾਤੇ ਦੀ
ਹੋਂਦ ਦਾ ਸਵਾਲ ਹੈ-
ਤੇਰੀ ਥਾਲੀ ਵਿਚ ਪਈ
ਰੋਟੀ ਬਚਾਉਣ ਦਾ ਸਵਾਲ ਹੈ
ਇਹ ਲੋਕ ਅੰਦੋਲਨ ਹੈ
ਅਣਖ ਦਾ ਸਵਾਲ ਵੀ ਹੈ
ਅਜੇ ਤੱਕ ਵੀ - ਸੰਘਰਸ਼ ਤੋਂ
ਬਾਹਰ ਬੈਠਣ ਵਾਲੇ
ਜੋ ਵੀ ਕਰ ਸਕਦੈਂ - ਕਰ !!
ਜੇ ਬੋਲ ਸਕਦੈਂ - ਤਾਂ ਬੋਲ
ਲਿਖ ਸਕਦੈਂ - ਤਾਂ ਲਿਖ
ਗਾ ਸਕਦੈਂ ਤਾਂ - ਗਾ
ਸੇਵਾ ਕਰ ਸਕਦੈਂ -ਸੇਵਾ ਕਰ

ਖੂਨੀ ਗਿਰਝਾਂ ਭੌਂਦੀਆਂ ਨੇ
ਇਹਨਾਂ 'ਭੌਕਦੀਆਂ' ਗਿਰਝਾਂ ਤੋਂ
ਮੋਰਚਿਆਂ ਦੀ ਰਾਖੀ ਕਰ
ਮਨੁੱਖਤਾ ਦਾ ਅੰਗ ਹੋਣ ਦੇ ਨਾਤੇ
ਕੁੱਝ ਤਾਂ ਕਰ, ਕੁੱਝ ਤਾਂ ਕਰ !!
ਅੱਜ 'ਤੇ ਨਿਗਾ ਰੱਖ
ਇਸ ਤਰਾਂ, ਤੇਰਾ ਆਉਣ ਵਾਲਾ ਕੱਲ
ਰੋਸ਼ਨ ਹੋਵੇਗਾ।
ਜੀਊਂਦੇ ਰਹਿਣਾ ਹੈ
ਤਾਂ ਕੁੱਝ ਕਰ ।

ਪੈਰਾਂ ਦੇ ਨਿਸ਼ਾਨ

ਸਾਡੇ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਰਹਿਣਗੇ।
ਰੋਟੀ ਦੇਣ ਜੋ ਜਗਤ ਨੂੰ ਉਹ ਕਿਸਾਨ ਰਹਿਣਗੇ।

ਇਹ ਧਨਾਢਾਂ ਦੀ ਜੋ ਢਾਣੀ ਅੱਜ ਹੋਈ ਬੰਦੇ ਖਾਣੀ
ਅਸੀਂ ਕਹੀਏ ਜੀਹਨੂੰ ਗੋਲੀ ਉਹੋ ਬਣੀ ਫਿਰੇ ਰਾਣੀ
ਕਰੇਂ ਸਾਡੇ ਨਾਲ ਅਨਿਆਂ ਤਾਂ ਘਸਮਾਣ ਪੈਣਗੇ
ਸਾਡੇ ਪੈਰਾਂ ਦੀਆਂ ....

ਦਿਨੇ ਰਾਤ ਕਰੇ ਕਿਰਤ ਤੇ ਮੁਹਾਲ ਹੋਇਆ ਜੀਣਾ
ਦੱਸ ਹੋਰ ਕਿੰਨਾ ਚਿਰ ਤੂੰ ਹੈ ਖੂਨ ਸਾਡਾ ਪੀਣਾ
ਯਾਦ ਰੱਖੀਂ ਅੰਤ ਤੇਰੇ ਝੂਠ ਦੇ ਮੁਨਾਰੇ ਢਹਿਣਗੇ
ਸਾਡੇ ਪੈਰਾਂ ਦੀਆਂ ....

ਅਣਜਾਣੇ ਵਿਚ ਦੁੱਖਾਂ ਵਾਲਾ ਜੀਣ ਜੀਅ ਲਿਆ
ਸਾਡੇ ਸਬਰਾਂ ਨੇ ਸਦੀਆਂ ਦਾ ਘੁੱਟ ਪੀ ਲਿਆ
ਹੁਣ ਆਉਣ ਵਾਲੇ ਕੱਲ ਨਹੀਉਂ ਦੁੱਖ ਸਹਿਣਗੇ
ਸਾਡੇ ਪੈਰਾਂ ਦੀਆਂ ....

ਸੱਪ ਮਾਰੇ ਜਾ ਫੁੰਕਾਰੇ ਉਹਦੀ ਸਿਰੀ ਨੱਪੀਏ
ਸੀਨੇ ਆਪਣੇ 'ਚ ਦੁਨੀਆਂ ਦਾ ਦੁੱਖ ਰੱਖੀਏ
ਜੰਗ ਜਿੱਤ ਕੇ ਮੁੜਾਂਗੇ ਤਾਂ ਲੋਕੀ ਦੁੱਲੇ ਕਹਿਣਗੇ
ਸਾਡੇ ਪੈਰਾਂ ਦੀਆਂ ....

ਸਾਡੇ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਰਹਿਣਗੇ।
ਰੋਟੀ ਦੇਣ ਜੋ ਜਗਤ ਨੂੰ ਉਹ ਕਿਸਾਨ ਰਹਿਣਗੇ।

ਮਿੰਨੀ ਕਹਾਣੀ/ ਆਪਣਾ ਖਾਸ ਬੰਦਾ...

ਬੇਰੁਜ਼ਗਾਰੀ, ਬੇਰੁਜ਼ਗਾਰ ਸਿਆਸਤਦਾਨਾਂ ਲਈ ਸੋਨੇ ਤੇ ਸੁਹਾਗੇ ਦੀ ਤਰਾਂ ਕੰਮ ਕਰਦੇ ਹਨ ਪਿੰਡ ਬੱਲੂ ਖੇੜੇ ਦੇ ਪੜੇ ਲਿਖੇ ਤੇ ਹਾਲਾਤਾਂ ਦੇ ਝੰਬੇ ਹੋਏ ਨੌਜਵਾਨ ਸੁਰਜੀਤ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਨਹੀਂ ਸੀ। ਫ਼ਰਜ਼ਾਂ ਦੇ ਨਾਗ ਨੇ ਸੁਰਜੀਤ ਨੂੰ ਆਪਣੇ ਪਿੰਡੇ ਤੇ ਜਿੰਮੇਵਾਰੀਆਂ ਹੰਢਾਉਣ ਲਈ ਬਚਪਨ ਤੋਂ ਹੀ ਮਜਬੂਰ ਕਰ ਦਿੱਤਾ ਸੀ ਪਰ ਸੁਰਜੀਤ ਨੇ ਕਦੇ ਵੀ ਆਪਣੀ ਗਰੀਬੀ ਨੂੰ ਆਪਣੀ ਕਮਜ਼ੋਰੀ ਨਹੀਂ ਸੀ ਮੰਨਿਆ। ਸੁਰਜੀਤ ਬੀ.ਏ,ਬੀ ਐੱਡ,ਐਮ.ਏ ਪੰਜਾਬੀ ਸੀ। ਉਹ ਲੋਟ ਆਇਆ ਹਰੇਕ ਕੰਮ ਕਰ ਲੈਂਦਾ ਸੀ ਚਾਹੇ ਮਜ਼ਦੂਰੀ ਹੋਵੇ। ਇੱਕ ਦਿਨ ਉਹ ਬੱਲੂ ਖੇੜੇ ਦੇ ਸਰਪੰਚ ਰੂਪ ਸਿੰਘ ਨਾਲ ਉਸਦੇ ਖੇਤ ਵਿੱਚ ਰੇਅ ਪਾ ਰਿਹਾ ਸੀ। ਸਰਪੰਚ ਨੇ ਕਿਹਾ ਸੁਰਜੀਤ ਸਿਆਂ ਤੂੰ ਇਹਨਾਂ ਪੜ ਲਿਖਕੇ ਜਾਰ ਕੋਈ ਸਰਕਾਰੀ ਨੌਕਰੀ ਕਿਉਂ ਨੀ ਕਰ ਲੈਂਦਾ ਸੁਰਜੀਤ ਨੇ ਉਦਾਸੀ ਭਰੇ ਬੋਲਾਂ ਨਾਲ ਕਿਹਾ ਸਰਪੰਚ ਸਾਹਿਬ ਸਰਕਾਰੀ ਨੌਕਰੀਆਂ ਕੀ ਧਰੀਆਂ ਪਈਆਂ ਨੇ ਇਹ ਵੀ ਵੱਡੀ ਸਿਫਾਰਸ਼ ਤੇ ਵੱਢੀ ਤੋਂ ਬਿਨਾਂ ਕਿਥੋਂ ਮਿਲਦੀਆਂ।ਸਰਪੰਚ ਬੋਲਿਆਂ ਜਾਰ ਤੂੰ ਇਹ ਕਿਹੜੀ ਗੱਲ ਕਰ ਦਿੱਤੀ ਤੂੰ ਕੱਲ ਨੂੰ ਮੇਰੇ ਨਾਲ ਚੱਲੀ ਐਮ.ਐਲ.ਏ ਸਾਹਿਬ ਮੇਰੇ ਰਿਸ਼ਤੇਦਾਰ ਆ।ਦੂਸਰੇ ਦਿਨ ਸੁਰਜੀਤ ਤੇ ਸਰਪੰਚ ਰੂਪ ਸਿੰਘ ਦੋਨੋਂ ਜੀਪ ਵਿੱਚ ਬੈਠ ਕਿ ਐਮ.ਐਲ.ਏ ਸਾਹਿਬ ਦੇ ਘਰ ਚਲੇ ਗਏ। ਐਮ.ਐਲ.ਏ ਸਾਹਿਬ ਵੀ ਆ ਕੇ ਬੈਠੇ ਸਰਪੰਚ ਨੇ ਸੁਰਜੀਤ ਸਾਹਮਣੇ ਆਪਣੀ ਸਿਆਸਤ ਦੀਆਂ ਇਧਰ ਓਧਰ ਦੀਆਂ ਗੱਲਾਂ ਛੱਡੀਆਂ ਐਮ.ਐਲ.ਏ ਨੇ ਕਿਹਾ ਹੋਰ ਫਿਰ ਰੂਪ ਸਿਆਂ ਕਿਵੇਂ ਆਉਣੇ ਹੋਏ। ਸਰਪੰਚ ਨੇ ਸੁਰਜੀਤ ਦੇ ਮੋਢੇ ਤੇ ਹੱਥ ਮਾਰ ਕਿ ਕਿਹਾ ਇਹ ਨੌਜਵਾਨ ਮੇਰੇ ਪਿੰਡ ਦਾ ਪਾੜਾ ਏ ਤੇ ਚਵਾਰੇ ਨੂੰ ਨੌਕਰੀ ਲਵਾਉਣਾ ਏ ਆਪਣਾ ਖਾਸ ਬੰਦਾ ਏ ਵੋਟਾਂ ਵੀ ਆਪਾ ਨੂੰ ਹੀ ਪਾਉਂਦੇ ਆ। ਐਮ.ਐਲ.ਏ ਬੋਲਿਆਂ ਰੂਪ ਸਿਆਂ ਤੂੰ ਪਰੇਸ਼ਾਨ ਨਾ ਹੋ ਇਹ ਮੇਰੀ ਜਿੰਮੇਵਾਰੀ ਆ ਹੁਣ। ਰੂਪ ਸਰਪੰਚ ਬੋਲਿਆਂ ਹਾਂ ਵੀ ਸੁਰਜੀਤ ਸਿਆਂ ਚੱਲੀਏ ਹੋ ਗਈ ਤਸੱਲੀ ਤੇਰੇ ਸਾਹਮਣੇ ਵੀ ਕਹਿ ਦਿੱਤਾ ਆਪਾ ਐਮ.ਐਲ.ਏ ਸਾਹਿਬ ਨੂੰ ਇਹਨਾਂ ਕਹਿ ਕੇ ਸੁਰਜੀਤ ਤੇ ਸਰਪੰਚ ਰੂਪ ਆ ਕੇ ਜੀਪ ਵਿੱਚ ਬੈਠ ਗਏ। ਸੁਰਜੀਤ ਬੋਲਿਆਂ ਸਰਪੰਚ ਸਾਹਿਬ ਤੁਸੀਂ ਜਦੋਂ ਐਮ.ਐਲ.ਸਾਹਿਬ ਨੂੰ ਕਿਹਾ ਸੀ ਇਹ ਆਪਣਾ ਖਾਸ ਬੰਦਾ ਏ ਇਹ ਕਹਿ ਕਿ ਉਸ ਟਾਇਮ ਤੁਸੀਂ ਐਮ.ਐਲ.ਏ ਸਾਹਿਬ ਨੂੰ ਅੱਖ ਕਿਉਂ ਮਾਰੀ ਸੀ। ਮੈਨੂੰ ਤੁਹਾਡਾ ਇਹ ਫਾਰਮੂਲਾ ਸਮਝ ਨਹੀਂ ਆਇਆ ਸਰਪੰਚ ਦੇ ਦੰਦ ਜੁੜ ਗਏ ਤੇ ਬੇ-ਜਵਾਬਾ ਹੋ ਗਿਆਂ।

- ਪ੍ਰੀਤ ਘੱਲ ਕਲਾਂ
91-98144-89287

KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife

K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand	$99 + Labor
Recap Truck Tire	$ 249 + Labor
Recap Trailar Tires and Kind	$ 199 + Labor

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop